Fair Advice Financial | Carte Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਦੀ ਲੱਖ-ਲੱਖ ਵਧਾਈ

# ਕੈਨੇਡੀਅਨ ਪੰਜਾਬੀ ਪੋਸਟ

Award Winning Newspaper Canadian Punjabi Post

Vol 19*Issue 230 | Friday, November 27, 2020 | Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper | THE ONLY DAILY PUNJABI NEWSPAPER | ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

**ਕੈਨੇਡੀਅਨ ਪੰਜਾਬੀ ਪੋਸਟ ਅਦਾਰੇ ਵੱਲੋਂ ਸਮੂਹ ਕੈਨੇਡਾ ਵਾਸੀਆਂ, ਪਾਠਕਾਂ ਅਤੇ ਸਾਰੇ ਕਾਰੋਬਾਰੀਆਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ 551ਵੇਂ ਪ੍ਰਕਾਸ਼ ਪੁਰਬ ਦੀਆਂ ਲੱਖ-ਲੱਖ ਵਧਾਈਆਂ। ਅਦਾਰਾ ਇਹ ਕਾਮਨਾ ਕਰਦਾ ਹੈ ਕਿ ਆਉਣ ਵਾਲਾ ਸਮਾਂ ਸਾਰਿਆਂ ਲਈ ਖ਼ੁਸ਼ੀਆਂ, ਤੰਦਰੁਸਤੀ ਤੇ ਤਰੱਕੀਆਂ ਵਾਲਾ ਹੋਵੇ।**

## ਕ੍ਰਿਸਮਸ ਤੋਂ ਪਹਿਲਾਂ ਹੀ ਕੈਨੇਡਾ ਵਿੱਚ ਵੀ ਕੋਵਿਡ-19 ਵੈਕਸੀਨ ਨੂੰ ਦਿੱਤੀ ਜਾਵੇਗੀ ਮਨਜ਼ੂਰੀ : ਚੀਫ ਹੈਲਥ ਐਡਵਾਈਜ਼ਰ

ਓਟਵਾ, 26 ਨਵੰਬਰ (ਪੋਸਟ ਬਿਊਰੋ) : ਹੈਲਥ ਕੈਨੇਡਾ ਵੱਲੋਂ ਪਹਿਲੀ ਕੋਵਿਡ-19 ਵੈਕਸੀਨ ਨੂੰ ਕ੍ਰਿਸਮਸ ਤੋਂ ਪਹਿਲਾਂ ਮਨਜ਼ੂਰੀ ਦਿੱਤੀ ਜਾ ਸਕਦੀ ਹੈ। ਇਹ ਐਲਾਨ ਵੀਰਵਾਰ ਨੂੰ ਏਜੰਸੀ ਦੇ ਚੀਫ ਮੈਡੀਕਲ ਐਡਵਾਈਜ਼ਰ ਵੱਲੋਂ ਦਿੱਤਾ ਗਿਆ।

ਡਾ. ਸੁਪਰਿਆ ਸ਼ਰਮਾ ਨੇ ਦੱਸਿਆ ਕਿ ਇਸ ਸਮੇਂ ਹੈਲਥ ਕੈਨੇਡਾ ਵੱਲੋਂ ਤਿੰਨ ਸੰਭਾਵੀ ਵੈਕਸੀਨਜ਼ ਦਾ ਮੁਲਾਂਕਣ ਕੀਤਾ ਜਾ ਰਿਹਾ ਹੈ ਤੇ ਇਨ੍ਹਾਂ ਵਿੱਚੋਂ ਫਾਈਜ਼ਰ ਦੀ ਵੈਕਸੀਨ ਨੂੰ ਸੱਭ ਤੋਂ ਐਡਵਾਂਸ ਮੰਨਿਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਸ ਵੈਕਸੀਨ ਨੂੰ ਅਮਰੀਕਾ ਤੇ ਯੂਰਪੀਅਨ ਹੈਲਥ ਏਜੰਸੀਆਂ ਦੀ ਤਰਜ਼ ਉੱਤੇ ਕ੍ਰਿਸਮਸ ਤੋਂ ਪਹਿਲਾਂ ਹੀ ਕੈਨੇਡਾ ਵਿੱਚ ਵਰਤੋਂ ਲਈ ਮਨਜ਼ੂਰੀ ਦਿੱਤੇ ਜਾਣ ਦੀ ਸੰਭਾਵਨਾ ਹੈ।



ਯੂਐਸ ਫੂਡ ਐਂਡ ਡਰੱਗ ਐਡਮਨਿਸਟ੍ਰੇਸ਼ਨ ਤੇ ਯੂਰਪੀਅਨ ਮੈਡੀਸਿਨਜ਼ ਏਜੰਸੀ ਦੋਵਾਂ ਦਾ ਕਹਿਣਾ ਹੈ ਕਿ ਉਹ ਬਾਇਓਨਟੈਕ ਨਾਲ ਭਾਈਵਾਲੀ ਵਿੱਚ ਇਸ ਵੈਕਸੀਨ ਨੂੰ ਦਸੰਬਰ ਤੱਕ ਵਰਤੋਂ ਦੀ ਮਨਜ਼ੂਰੀ ਦੇਣ ਬਾਰੇ ਵਿਚਾਰ ਕਰ ਰਹੇ ਹਨ। ਇਸ ਵੈਕਸੀਨ ਬਾਰੇ ਮੁੱਢਲੇ ਪਾਜ਼ੀਟਿਵ ਰਿਜ਼ਲਟਸ ਦੀਆਂ ਮਿਲੀਆਂ ਰਿਪੋਰਟਾਂ ਤੇ ਇਸ ਦੇ 90 ਫੀ ਸਦੀ ਅਸਰਦਾਰ ਹੋਣ ਕਾਰਨ ਇਸ ਵੈਕਸੀਨ ਨੂੰ ਹੀ ਸਬੰਧਤ ਦੇਸ਼ਾਂ ਵਿੱਚ ਮਨਜ਼ੂਰੀ ਮਿਲਣ ਦੀ ਆਸ ਹੈ। ਐਫ ਡੀ ਏ ਵੱਲੋਂ 10 ਦਸੰਬਰ ਨੂੰ ਕੀਤੀ ਜਾਣ ਵਾਲੀ ਮੀਟਿੰਗ ਵਿੱਚ ਇਹ ਫੈਸਲਾ ਕੀਤਾ ਜਾਵੇਗਾ ਕਿ ਫਾਈਜ਼ਰ ਨੂੰ ਹਰੀ ਝੰਡੀ ਦਿੱਤੀ ਜਾਵੇਗੀ ਜਾਂ ਨਹੀਂ।

ਡਾ. ਸਰਮਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਅਸੀਂ ਵੀ ਇਸ ਸਮੇਂ ਦੌਰਾਨ ਹੀ ਵੈਕਸੀਨ ਬਾਰੇ ਪੱਕਾ ਫੈਸਲਾ ਲਵਾਂਗੇ। ਫਿਰ ਅਸੀਂ ਕੈਨੇਡਾ ਭਰ ਵਿੱਚ ਇਸ ਵੈਕਸੀਨ ਨੂੰ ਉਪਲਬਧ ਕਰਵਾਉਣ ਬਾਰੇ ਰਣਨੀਤੀ ਤਿਆਰ ਕਰਾਂਗੇ।

## ਅੰਦਰ ਪੜ੍ਹੋ

ਦੋ ਖਿਡਾਰੀਆਂ ਦੇ ਪਾਜ਼ੀਟਿਵ ਆਉਣ ਤੋਂ ਬਾਅਦ ਹਾਕੀ ਕੈਨੇਡਾ ਨੇ ਵਰਲਡ ਜੂਨੀਅਰ ਸਿਲੈਕਸ਼ਨ ਕੈਂਪ ਕੀਤਾ ਮੁਲਤਵੀ




ਪੰਨਾ 04

ਕੈਨੇਡਾ ਵਿੱਚ ਉਤਪਾਦਨ ਦੀ ਘਾਟ ਕਾਰਨ ਹੋਰਨਾਂ ਨੂੰ ਪਹਿਲਾਂ ਮਿਲ ਸਕਦੀ ਹੈ ਵੈਕਸੀਨ : ਟਰੂਡੋ



ਪੰਨਾ 13

## ਰੈੱਡ ਕੰਟਰੋਲ ਜ਼ੋਨ ਤਹਿਤ ਆਉਣ ਵਾਲੇ ਸਕੂਲ ਬੋਰਡਜ਼ ਨੂੰ 13.6 ਮਿਲੀਅਨ ਡਾਲਰ ਦੇਵੇਗੀ ਫੋਰਡ ਸਰਕਾਰ

ਓਨਟਾਰੀਓ, 26 ਨਵੰਬਰ (ਪੋਸਟ ਬਿਊਰੋ) : ਕੋਵਿਡ-19 ਕਾਰਨ ਇਸ ਸਮੇਂ ਰੈੱਡ ਕੰਟਰੋਲ ਸੇਫਟੀ ਮਾਪਦੰਡਾਂ ਤਹਿਤ ਚੱਲ ਰਹੇ ਸਕੂਲ ਬੋਰਡਜ਼ ਨੂੰ ਫੋਰਡ ਸਰਕਾਰ ਵੱਲੋਂ 13.6 ਮਿਲੀਅਨ ਡਾਲਰ ਦੇਣ ਦਾ ਐਲਾਨ ਕੀਤਾ ਗਿਆ ਹੈ।

ਓਨਟਾਰੀਓ ਦੇ ਸਿੱਖਿਆ ਮੰਤਰੀ ਤੇ ਪ੍ਰੀਮੀਅਰ ਡੱਗ ਫੋਰਡ ਨੇ ਆਖਿਆ ਕਿ ਸਰਕਾਰ ਸਕੂਲ ਕਮਿਊਨਿਟੀਜ਼ ਵਿੱਚ ਟੈਸਟਿੰਗ ਵਿੱਚ ਵੀ ਵਾਧਾ ਕਰਨ ਜਾ ਰਹੀ ਹੈ ਤੇ ਇਸ ਦੇ ਨਾਲ ਹੀ ਨਵੇਂ ਆਨਲਾਈਨ ਲਰਨਿੰਗ ਪੋਰਟਲਜ਼ ਵੀ ਲਾਂਚ ਕੀਤੇ ਜਾਣਗੇ।




ਫੋਰਡ ਨੇ ਆਖਿਆ ਕਿ ਵਿਦਿਆਰਥੀਆਂ, ਅਧਿਆਪਕਾਂ ਤੇ ਸਟਾਫ ਦੀ ਹਿਫਾਜ਼ਤ ਨੂੰ ਯਕੀਨੀ ਬਣਾਉਣਾ ਸਾਡੀ ਸਰਕਾਰ ਦੀ ਮੁੱਖ ਤਰਜੀਹ ਹੈ। ਇਸੇ ਲਈ ਅਸੀਂ ਸਕੂਲਾਂ ਨੂੰ ਸੁਰੱਖਿਅਤ ਢੰਗ ਨਾਲ ਖੋਲ੍ਹਣ ਦੀ ਦਮਦਾਰ ਯੋਜਨਾ ਤਿਆਰ ਕੀਤੀ ਹੈ।

ਇਸੇ ਯੋਜਨਾ ਤਹਿਤ ਹੀ ਅਸੀਂ ਵਾਲੰਟਰੀ ਟੈਸਟਿੰਗ ਦਾ ਪਸਾਰ ਕਰਨ ਵਿੱਚ ਕਾਮਯਾਬ ਹੋਵਾਂਗੇ ਤੇ ਜਿਨ੍ਹਾਂ ਕਮਿਊਨਿਟੀਜ਼ ਨੂੰ ਸੱਭ ਤੋਂ ਪਹਿਲਾਂ ਲੋੜ ਹੈ ਉੱਥੋਂ ਦੇ ਸਕੂਲ ਬੋਰਡਜ਼ ਨੂੰ ਵਾਧੂ ਫੰਡਿੰਗ ਮੁਹੱਈਆ ਕਰਵਾ ਸਕਾਂਗੇ। ਉਨ੍ਹਾਂ ਦੱਸਿਆ ਕਿ ਇਹ ਫੰਡ ਦਰਹਾਮ, ਹਾਲਟਨ, ਹੈਮਿਲਟਨ ਤੇ ਵਾਟਰਲੂ ਵਰਗੇ ਰੀਜਨਜ਼ ਦੇ ਸਕੂਲ ਬੋਰਡਜ਼ ਵਿੱਚ ਵੰਡੇ ਜਾਣਗੇ। ਇਹ ਏਰੀਏ ਪ੍ਰੋਵਿੰਸ ਦੀ ਰੈੱਡ ਕੰਟਰੋਲ ਜ਼ੋਨ ਵਿੱਚ ਮੌਜੂਦ ਹਨ।

ਸਟੀਫਨ ਲਿਚੇ ਨੇ ਆਖਿਆ ਕਿ 13.6 ਮਿਲੀਅਨ ਡਾਲਰ ਦੇ ਇਨ੍ਹਾਂ ਫੰਡਾਂ ਨਾਲ ਹੋਰ ਅਧਿਆਪਕਾਂ ਤੇ ਸਟਾਫ ਨੂੰ ਹਾਇਰ ਕਰਕੇ ਫਿਜ਼ੀਕਲ ਡਿਸਟੈਂਸਿੰਗ ਨੂੰ ਵਧਾਇਆ ਜਾ ਸਕੇਗਾ ਤੇ ਇਸ ਨਾਲ ਸਾਰਿਆਂ ਦੀ ਸੇਫਟੀ ਵਿੱਚ ਹੋਰ ਵਾਧਾ ਹੋਵੇਗਾ।

## ਵੈਕਸੀਨ ਲਈ ਅਜੇ ਹੋਰ ਰਿਸਰਚ ਦੀ ਲੋੜ : ਐਸਟਰਾਜ਼ੈਨੇਕਾ




ਲੰਡਨ, 26 ਨਵੰਬਰ (ਪੋਸਟ ਬਿਊਰੋ) : ਬ੍ਰਿਟਿਸ਼ ਡਰੱਗ ਨਿਰਮਾਤਾ ਐਸਟਰਾਜ਼ੈਨੇਕਾ ਦੇ ਮੁਖੀ ਨੇ ਵੀਰਵਾਰ ਨੂੰ ਆਖਿਆ ਕਿ ਉਨ੍ਹਾਂ ਦੀ ਕੋਵਿਡ-19 ਵੈਕਸੀਨ ਲਈ ਅਜੇ ਹੋਰ ਰਿਸਰਚ ਦੀ ਲੋੜ ਹੈ। ਇਸ ਵੈਕਸੀਨ ਲਈ ਮੁਹੱਈਆ ਕਰਵਾਈ ਜਾਣ ਵਾਲੀ ਹਿਫਾਜ਼ਤ ਦੇ ਸਬੰਧ ਵਿੱਚ ਸਵਾਲ ਖੜ੍ਹੇ ਹੋਣ ਤੋਂ ਬਾਅਦ ਕੰਪਨੀ ਵੱਲੋਂ ਇਹ ਐਲਾਨ ਕੀਤਾ ਗਿਆ। ਪਰ ਯੂਰਪ ਵਿੱਚ ਇਸ ਨੂੰ ਮਿਲੀ ਮਨਜ਼ੂਰੀ ਉੱਤੇ ਇਸ ਗੱਲ ਦਾ ਸ਼ਾਇਦ ਹੀ ਕੋਈ ਅਸਰ ਪਵੇ।


ਐਸਟਰਾਜ਼ੈਨੇਕਾ ਤੇ ਇਸ ਦੀ ਭਾਈਵਾਲ ਯੂਨੀਵਰਸਿਟੀ ਆਫ ਆਕਸਫੋਰਡ ਨੇ ਸੋਮਵਾਰ ਨੂੰ ਐਲਾਨ ਕੀਤਾ ਸੀ ਕਿ ਉਨ੍ਹਾਂ ਵੱਲੋਂ ਰਲ ਕੇ ਤਿਆਰ ਕੀਤੀ ਗਈ ਇਹ ਵੈਕਸੀਨ 70 ਫੀ ਸਦੀ ਅਸਰਦਾਰ ਹੈ ਤੇ ਇਸ ਲਈ ਉਹ ਇਸ ਨੂੰ ਮਨਜ਼ੂਰੀ ਦਿਵਾਉਣੀ ਚਾਹੁੰਦੇ ਹਨ। ਇਹ ਦਵਾਈ ਉਸ ਸੂਰਤ ਵਿੱਚ ਹੋਰ ਵੀ ਜ਼ਿਆਦਾ, 90 ਫੀ ਸਦੀ, ਅਸਰਦਾਰ ਹੋ ਜਾਂਦੀ ਹੈ ਜਦੋਂ ਇਸ ਦੀ ਸ਼ੁਰੂਆਤ ਵਿੱਚ ਅੱਧੀ ਡੋਜ਼ ਦਿੱਤੀ ਜਾਵੇ ਤੇ ਫਿਰ ਪੂਰੀ ਡੋਜ਼ ਦਿੱਤੀ ਜਾਵੇ। ਇਹ ਵੀ ਆਖਿਆ ਜਾ ਰਿਹਾ ਹੈ ਕਿ ਇਹ ਵੈਕਸੀਨ ਫਾਈਜ਼ਰ ਤੇ ਮੌਡਰਨਾ ਵੱਲੋਂ ਤਿਆਰ ਕੋਵਿਡ-19 ਦੀਆਂ ਵੈਕਸੀਨਜ਼ ਨੂੰ ਬਰਾਬਰ ਟੱਕਰ ਦੇਣ ਦੇ ਯੋਗ ਹੈ।

ਅਮਰੀਕੀ ਵਿਗਿਆਨੀਆਂ ਦਾ ਕਹਿਣਾ ਹੈ ਕਿ ਇਸ ਦਾ ਅਸਰ 55 ਸਾਲ ਤੇ ਇਸ ਤੋਂ ਘੱਟ ਉਮਰ ਵਰਗ ਦੇ ਲੋਕਾਂ ਵਿੱਚ ਜ਼ਿਆਦਾ ਵੇਖਿਆ ਗਿਆ। ਇਹ ਖੁਲਾਸਾ ਵੈਕਸੀਨ ਦੇ ਕੀਤੇ ਜਾ ਰਹੇ ਟੈਸਟਸ ਦੌਰਾਨ ਹੋਇਆ।

...ਬਾਕੀ ਪੰਨਾ 4 'ਤੇ

## ਓਨਟਾਰੀਓ ਵਿੱਚ ਡੇਅਲਾਈਟ ਸੇਵਿੰਗ ਟਾਈਮ ਖ਼ਤਮ ਕਰਨ ਲਈ ਬਿੱਲ ਪਾਸ

ਓਨਟਾਰੀਓ, 26 ਨਵੰਬਰ (ਪੋਸਟ ਬਿਊਰੋ) : ਓਨਟਾਰੀਓ ਵਿੱਚ ਡੇਅਲਾਈਟ ਸੇਵਿੰਗ ਟਾਈਮ ਨੂੰ ਖ਼ਤਮ ਕਰਨ ਲਈ ਲਿਆਂਦਾ ਗਿਆ ਪ੍ਰਾਈਵੇਟ ਮੈਂਬਰਜ਼ ਬਿੱਲ ਵਿਧਾਨ ਸਭਾ ਵਿੱਚ ਤੀਜੀ ਰੀਡਿੰਗ ਵਿੱਚ ਪਾਸ ਕਰ ਦਿੱਤਾ ਗਿਆ।



ਓਟਵਾ ਵੈਸਟ-ਨੇਪੀਅਨ ਤੋਂ ਐਮਪੀਪੀ ਜੈਰੇਮੀ ਰੌਬਰਟਸ ਵੱਲੋਂ ਅਕਤੂਬਰ ਵਿੱਚ ਇੱਕ ਬਿੱਲ ਲਿਆਂਦਾ ਗਿਆ ਸੀ ਜਿਸ ਵਿੱਚ ਘੜੀਆਂ ਦਾ ਸਮਾਂ ਸਾਲ ਵਿੱਚ ਦੋ ਵਾਰੀ ਬਦਲਣ ਦੀ ਕਵਾਇਦ ਨੂੰ ਖਤਮ ਕਰਨ ਦੀ ਮੰਗ ਕੀਤੀ ਗਈ ਸੀ। ਵੀਰਵਾਰ ਨੂੰ ਬਿੱਲ 214- ਦ ਟਾਈਮ ਅਮੈਂਡਮੈਂਟ ਐਕਟ- ਨੂੰ ਵਿਧਾਨ ਸਭਾ ਵਿੱਚ ਸਰਬਸੰਮਤੀ ਨਾਲ ਪਾਸ ਕਰ ਦਿੱਤਾ ਗਿਆ। ਇਸ ਬਿੱਲ ਨੂੰ ਹੁਣ ਸ਼ਾਹੀ ਮਨਜ਼ੂਰੀ ਲਈ ਲੈਫਟੀਨੈਂਟ ਗਵਰਨਰ ਕੋਲ ਭੇਜਿਆ ਜਾਵੇਗਾ।

ਇੱਥੇ ਦੱਸਣਾ ਬਣਦਾ ਹੈ ਕਿ ਇਹ ਬਿੱਲ ਉਸ ਸਮੇਂ ਹੀ ਲਾਗੂ ਕੀਤਾ ਜਾਵੇਗਾ ਜਦੋਂ ਗੁਆਂਢੀ ਪ੍ਰੋਵਿੰਸ ਕਿਊਬਿਕ ਤੇ ਅਮਰੀਕਾ ਦੇ ਨਿਊ ਯੌਰਕ ਸਟੇਟ ਵੱਲੋਂ ਇਸੇ ਤਰ੍ਹਾਂ ਦਾ ਕਾਨੂੰਨ ਲਿਆਂਦਾ ਜਾਵੇਗਾ। ਪਰ ਅਜੇ ਤੱਕ ਨਾ ਹੀ ਕਿਊਬਿਕ ਤੇ ਨਿਊ ਯੌਰਕ ਸਟੇਟ ਵੱਲੋਂ ਇਸ ਤਰ੍ਹਾਂ ਦੇ ਕਿਸੇ ਬਿੱਲ ਨੂੰ ਪੇਸ਼ ਕੀਤਾ ਗਿਆ ਹੈ। ਰੌਬਰਟਸ ਨੇ ਆਸ ਪ੍ਰਗਟਾਈ ਕਿ ਉਨ੍ਹਾਂ ਦੇ ਇਸ ਬਿੱਲ ਨਾਲ ਇਸ ਨਵੇਂ ਰੁਝਾਣ ਦਾ ਮੁੱਢ ਤਾਂ ਜ਼ਰੂਰ ਬੱਝੇਗਾ।

Best Insurance Rates
Auto Home Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth R.I.B.C
Axxel Insurance Brokers Ltd. Axxel Financial Services Ltd.
Address: 1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
Life Insurance
Critical illness Ins
Travel & Visitor Ins
RESP & TFSA & RRSP
Super Visa Insurance
Mortgage Insurance
Disability Insurance
Funeral Insurance
SIMRAN SAINI 416.994.7272
www.allkindinsurance.com

INSURANCE
Home
Auto
Business
Trucking
Life Insurance
Commercial
647-206-2452
Sukhwinder K Singh
CONNEX Insurance Brokers Ltd. 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Aaxel InsuranceBrokers Ltd.
1332 Khalsa Dr, Unit # 11, Mississauga, ON L5S 0A2

SOS IMMIGRATION & SETTLEMENT SERVICES
ਸਾਡੇ ਕੋਲ ਤੁਹਾਡੀਆਂ ਸਾਰੀਆਂ ਇਮੀਗ੍ਰੇਸ਼ਨ ਮਾਮਲਿਆਂ ਦਾ ਹੱਲ ਹੈ
Student Visa / Study Permit
LMIA / Work permit
Permanent Residency
Family Sponsorship
Nanny
Visitor Visa
Business Immigration
Call us for Professional, Reliable & High Quality Services
Rahul Sagar 647-780-2022
120 Woodstream Blvd, Woodbridge, ON, L4L 7Z1
Lic # R534503

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma
Open Saturday
Providing excellent quality legal services to our clients

ALL KINDS OF IMMIGRATION SERVICES
ICCRC CRCIC
416-278-4449
World Gateway Immigration Company since 2010
Get PR, if you are on
- Work permit (LMIA based)
- Open work permit
- Religious work permit
- Visitor in Canada
ZORA KAINTH DIRECTOR Member of ICCRC Oath commissioner of Manitoba
Toronto: 149-2960 Drew Road, Misssissauga Winnipeg: 678 McphillipsStreet, Winnipeg

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਕਰਜ਼ੇ ਦੀ ਸਿਰਦਰਦੀ ?
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

N M Money Exchange
ਦੁਨੀਆਂ ਦੇ ਕਿਸੇ ਵੀ ਕੋਨੇ ਤੋਂ ਪੈਸੇ ਮੰਗਵਾਉਣ ਅਤੇ ਭੇਜਣ ਦਾ ਮੌਕਾ ਜ਼ਰੂਰ ਦਿਓ
Best INR Rate
Fastest Service
24x7 Service
Secure Transaction
Special Business Account
Send - Exchange - Receive
Toll Free: 1833 823 5439 | 647 783 0049

Royal Pest Control
Residential Commercial Industrial
Specialist in Bedbugs Service
All Pest Control :
Mouse & Rats
Spiders & Fleas
Bedbugs
Wasps
Cockroaches
Carpenter Ants
Silver Fish
Racoons
Call : PARESH PATEL (Government Approved Licensed Technician)
416 938 4598

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre 25 Years
Avon Financial Advice you can bank on. Inc.
Brokerage Lic. 12538
Cell: 416-841-4218 Tel: 905-216-5563
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A to Z Pest Control Inc. Residential - Commercial - Industrial
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾ ਦਾ ਲਾਭ ਉਠਾਓ
Custom Kitchen Cabinets
Completly Furnished
Legal Basement
Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

KELLEY LAW OFFICE
Immigration
Real Estate
Family Law
Business Closing
Corporate
Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

MANN LAW FIRM
Real Estate Law
Business Law
Wills & Estates
Family Law
Power of Attorney
Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

CN Forklift Training Center
Counterbalance All Types
Walkie pallet Low Lift
Electric Motor Narrow Aisle Reach
Cherry Order Picker
Canadian National Forklift Safety Group
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor




# ਅਸੀਂ ਆਪਣੀ ਮੌਜ-ਮਸਤੀ ਲਈ ਫ਼ਿਕਰਮੰਦ ਹਾਂ, ਆਪਣੇ ਫ਼ਾਇਨਾਂਸਜ਼ ਬਾਰੇ ਨਹੀਂ।

ਜੋ ਤੁਹਾਡੇ ਲਈ ਜ਼ਰੂਰੀ ਹੈ, ਉਹ ਸਾਡੇ ਲਈ ਅਹਿਮ ਹੈ। ਅਤੇ **TD Ready Advice** ਦੇ ਜ਼ਰੀਏ, ਤੁਸੀਂ ਉਸ ਲਈ ਯੋਜਨਾ ਬਣਾ ਸਕਦੇ ਹੋ ਜੋ ਤੁਹਾਡੇ ਲਈ ਜ਼ਰੂਰੀ ਹੈ।

**td.com/ReadyAdvice** ‘ਤੇ ਜਾ ਕੇ ਸ਼ੁਰੂ ਕਰੋ

TD

ਤਿਆਰ, ਤੁਹਾਡੇ ਨਾਲ ਅੱਗੇ ਵਧਣ ਲਈ।




®ਟੀਡੀ ਲੋਗੋ ਅਤੇ ਹੋਰ ਟ੍ਰੇਡਮਾਰਕ ਟੋਰਾਂਟੋ-ਡੋਮੀਨੀਅਨ ਬੈਂਕ ਜਾਂ ਇਸਦੀਆਂ ਸਹਾਇਕ ਕੰਪਨੀਆਂ ਦੀ ਸੰਪਤੀ ਹਨ।


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED
Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


BLACK FRIDAY
SALE ON NOW!
GET 50% OFF LG K20
*WHEN YOU ACTIVATE A $40/MO
DATA, TALK, & TEXT PLAN OR HIGHER
12:30
20-09-2019
chatr
AUTHORIZED DEALER
379 Main St. North | Brampton ON
2456 Lake shore Blvd W. | Toronto ON
905-451-0379
*Offer available from November 27th - November 30th, 2020 and redeemable only at the above participating location(s) and subject to change without notice. Only applicable to new activations on a $40/mo or higher Data, Talk & Text plan or higher. Taxes are extra and while quantities last.™ Trademarks used under license © 2020

## ਤੀਜੇ ਦਿਨ ਰੈਸਟੋਰੈਂਟ ਨੂੰ ਖੋਲ੍ਹਣ ਦੀ ਜ਼ਿੱਦ ਉੱਤੇ ਅੜੇ ਐਡਮਸਨ ਬਾਰਬੀਕਿਊ ਦੇ ਪੁਲਿਸ ਨੇ ਬਦਲੇ ਤਾਲੇ




ਇਟੋਬੀਕੋ, 26 ਨਵੰਬਰ (ਪੋਸਟ ਬਿਊਰੋ) : ਅੱਜ ਤੜਕੇ ਹੀ ਪੁਲਿਸ ਇਟੋਬੀਕੋ ਸਥਿਤ ਬਾਰਬੀਕਿਊ ਜੁਆਇੰਟ ਪਹੁੰਚ ਗਈ ਤਾਂ ਕਿ ਇਸ ਰੈਸਟੋਰੈਂਟ ਨੂੰ ਲਗਾਤਾਰ ਤੀਜੇ ਦਿਨ ਖੁੱਲ੍ਹਣ ਤੋਂ ਰੋਕਿਆ ਜਾ ਸਕੇ।

ਐਡਮਸਨ ਬਾਰਬੀਕਿਊ ਦੇ ਮਾਲਕ ਐਡਮ ਸਕੈਲੀ ਵੱਲੋਂ ਅੱਜ ਇੱਕ ਵਾਰੀ ਫਿਰ ਸਾਰੇ ਨਿਯਮਾਂ ਦੀ ਉਲੰਘਣਾਂ ਕਰਦਿਆਂ ਹੋਇਆਂ ਆਪਣੀ ਲੋਕੇਸ਼ਨ ਨੂੰ ਡਾਈਨ ਇਨ ਸਰਵਿਸਿਜ਼ ਲਈ ਖੋਲ੍ਹਣ ਦੀ ਆਪਣੀ ਜ਼ਿੱਦ ਨੂੰ ਪੁਗਾਉਣ ਦੀ ਕੋਸ਼ਿਸ਼ ਕੀਤੀ ਗਈ। ਇਸ ਰੈਸਟੋਰੈਂਟ ਨੂੰ ਮੰਗਲਵਾਰ ਨੂੰ ਸਿਟੀ ਵੱਲੋਂ ਜਾਰੀ ਹੁਕਮਾਂ ਦੇ ਚੱਲਦਿਆਂ ਬੰਦ ਕਰਵਾਇਆ ਗਿਆ ਸੀ। ਫਿਰ ਇਸ ਰੈਸਟੋਰੈਂਟ ਨੂੰ ਬੁੱਧਵਾਰ ਨੂੰ ਖੋਲ੍ਹਣ ਲਈ ਸਕੈਲੀ ਨੂੰ ਪ੍ਰੋਵਿੰਸ਼ੀਅਲ ਤੇ ਲੋਕਲ ਚਾਰਜਿਜ਼ ਦਾ ਸਾਹਮਣਾ ਕਰਨਾ ਪਿਆ। ਪਰ ਇਸ ਦੇ ਬਾਵਜੂਦ ਵੀਰਵਾਰ ਨੂੰ ਵੀ ਸਕੈਲੀ ਰੈਸਟੋਰੈਂਟ ਖੋਲ੍ਹਣ ਲਈ ਬਾਜ਼ਿੱਦ ਰਹੇ। ਪਰ ਸਵੇਰੇ 6:00 ਵਜੇ ਹੀ ਪੁਲਿਸ ਮੌਕੇ ਉੱਤੇ ਪਹੁੰਚ ਗਈ। ਅਧਿਕਾਰੀ ਆਪਣੇ ਨਾਲ ਤਾਲੇ ਤੇ ਲੌਕਸਮਿੱਥਸ ਨੂੰ ਲੈ ਕੇ ਗਈ ਤੇ ਸਾਰੇ ਰੈਸਟੋਰੈਂਟ ਦੇ ਤਾਲੇ ਬਦਲ ਦਿੱਤੇ ਗਏ ਤਾਂ ਕਿ ਕੋਈ ਅੰਦਰ ਦਾਖਲ ਨਾ ਹੋ ਸਕੇ।

## ਦੋ ਖਿਡਾਰੀਆਂ ਦੇ ਪਾਜ਼ੀਟਿਵ ਆਉਣ ਤੋਂ ਬਾਅਦ ਹਾਕੀ ਕੈਨੇਡਾ ਨੇ ਵਰਲਡ ਜੂਨੀਅਰ ਸਿਲੈਕਸ਼ਨ ਕੈਂਪ ਕੀਤਾ ਮੁਲਤਵੀ




ਅਲਬਰਟਾ, 26 ਨਵੰਬਰ (ਪੋਸਟ ਬਿਊਰੋ) : ਖਿਡਾਰੀਆਂ ਵਿੱਚੋਂ ਦੋ ਦੇ ਕੋਵਿਡ-19 ਪਾਜ਼ੀਟਿਵ ਪਾਏ ਜਾਣ ਤੋਂ ਬਾਅਦ ਹਾਕੀ ਕੈਨੇਡਾ ਨੇ ਆਰਜ਼ੀ ਤੌਰ ਉੱਤੇ ਨੈਸ਼ਨਲ ਜੂਨੀਅਰ ਟੀਮ ਸਿਲੈਕਸ਼ਨ ਕੈਂਪ ਆਰਜ਼ੀ ਤੌਰ ਉੱਤੇ ਬੰਦ ਕਰ ਦਿੱਤਾ ਹੈ।

ਕੱਲ੍ਹ ਹਾਕੀ ਕੈਨੇਡਾ ਨੇ ਐਲਾਨ ਕੀਤਾ ਕਿ ਕੈਂਪ ਵਿੱਚ ਹਿੱਸਾ ਲੈ ਰਹੇ ਖਿਡਾਰੀ, ਕੋਚ ਤੇ ਸਟਾਫ ਨੂੰ 14 ਦਿਨਾਂ ਲਈ ਕੁਆਰਨਟੀਨ ਕਰ ਦਿੱਤਾ ਗਿਆ ਹੈ। ਕੈਂਪ ਸਬੰਧੀ ਸਾਰੀਆਂ ਗਤੀਵਿਧੀਆਂ ਉੱਤੇ 6 ਦਸੰਬਰ ਤੱਕ ਰੋਕ ਲਾ ਦਿੱਤੀ ਗਈ ਹੈ। ਹਾਕੀ ਕੈਨੇਡਾ ਵੱਲੋਂ ਟੀਮ ਦੇ ਸਟਾਫ ਮੈਂਬਰ ਦੇ ਪਾਜ਼ੀਟਿਵ ਆਉਣ ਤੋਂ ਤਿੰਨ ਦਿਨ ਬਾਅਦ ਦੋ ਖਿਡਾਰੀਆਂ ਦੇ ਪਾਜ਼ੀਟਿਵ ਆਉਣ ਦਾ ਐਲਾਨ ਮੰਗਲਵਾਰ ਨੂੰ ਕੀਤਾ ਗਿਆ। ਹਾਕੀ ਕੈਨੇਡਾ ਨੇ ਆਖਿਆ ਕਿ ਉਨ੍ਹਾਂ ਵੱਲੋਂ ਕੈਂਪ ਸਬੰਧੀ ਦਿਨ ਦੀਆਂ ਸਾਰੀਆਂ ਗਤੀਵਿਧੀਆਂ ਮੁਲਤਵੀ ਕੀਤੀਆਂ ਜਾ ਰਹੀਆਂ ਹਨ। ਇਸ ਵਿੱਚ ਨਿਰਧਾਰਤ ਇੰਟਰਸਕੁਐਡ ਗੇਮ ਵੀ ਸ਼ਾਮਲ ਸੀ।

ਦੋਵਾਂ ਖਿਡਾਰੀਆਂ ਤੇ ਸਟਾਫ ਨੂੰ ਰੈੱਡ ਡੀਅਰ, ਅਲਬਰਟਾ ਸਥਿਤ ਟੀਮ ਦੇ ਹੋਟਲ ਵਿੱਚ ਹੀ ਕੁਆਰਨਟੀਨ ਕੀਤਾ ਗਿਆ। ਜ਼ਿਕਰਯੋਗ ਹੈ ਕਿ ਐਡਮੰਟਨ ਵਿੱਚ 2021 ਆਈ ਆਈ ਐਚ ਐਫ ਤੋਂ ਪਹਿਲਾਂ ਵਰਲਡ ਜੂਨੀਅਰ ਹਾਕੀ ਚੈਂਪੀਅਨਸ਼ਿਪਸ ਐਡਮੰਟਨ ਵਿੱਚ ਕ੍ਰਿਸਮਸ ਵਾਲੇ ਦਿਨ ਤੋਂ ਸ਼ੁਰੂ ਹੋਣੀਆਂ ਸਨ ਤੇ ਇਸ ਤੋਂ ਪਹਿਲਾਂ ਹੀ ਇਹ ਸਿਲੈਕਸ਼ਨ ਕੈਂਪ ਲਾਇਆ ਗਿਆ ਸੀ।

## ਮਿਸੀਸਾਗਾ ਵਿੱਚ ਵਾਪਰੀ ਛੁਰੇਬਾਜ਼ੀ ਦੀ ਘਟਨਾ ਵਿੱਚ ਤਿੰਨ ਵਿਅਕਤੀ ਜ਼ਖ਼ਮੀ




ਮਿਸੀਸਾਗਾ, 26 ਨਵੰਬਰ (ਪੋਸਟ ਬਿਊਰੋ) : ਮਿਸੀਸਾਗਾ ਵਿੱਚ ਛੁਰੇਬਾਜ਼ੀ ਨਾਲ ਜੁੜੇ ਤੀਹਰੇ ਮਾਮਲੇ ਵਿੱਚ ਦੋ ਵਿਅਕਤੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਏ।

ਤਿੰਨ ਵਿਅਕਤੀਆਂ ਦੇ ਛੁਰੇਬਾਜ਼ੀ ਵਿੱਚ ਜ਼ਖ਼ਮੀ ਹੋਣ ਦੀ ਰਿਪੋਰਟ ਮਿਲਣ ਤੋਂ ਬਾਅਦ ਪੁਲਿਸ ਰਾਤੀਂ 9:00 ਵਜੇ ਡੰਡਸ ਸਟਰੀਟ ਦੇ ਦੱਖਣ ਵੱਲ ਹੁਰੌਨਟੇਰੀਓ ਸਟਰੀਟ ਉੱਤੇ ਸਥਿਤ ਪਲਾਜ਼ਾ ਪਹੁੰਚੀ। 29 ਸਾਲਾ ਤੇ 45 ਸਾਲਾ ਵਿਅਕਤੀਆਂ ਨੂੰ ਗੰਭੀਰ ਜ਼ਖ਼ਮੀ ਹਾਲਤ ਵਿੱਚ ਟਰੌਮਾ ਸੈਂਟਰ ਲਿਜਾਇਆ ਗਿਆ। ਪੁਲਿਸ ਨੇ ਦੱਸਿਆ ਕਿ ਦੋਵਾਂ ਵਿਅਕਤੀਆਂ ਦੀ ਹਾਲਤ ਸਥਿਰ ਹੈ।

ਇੱਕ ਹੋਰ 37 ਸਾਲਾ ਵਿਅਕਤੀ ਨੂੰ ਹਸਪਤਾਲ ਲਿਜਾਇਆ ਗਿਆ ਪਰ ਉਸ ਦੀ ਹਾਲਤ ਖਤਰੇ ਤੋਂ ਬਾਹਰ ਦੱਸੀ ਜਾਂਦੀ ਹੈ। ਪੁਲਿਸ ਨੇ ਦੱਸਿਆ ਕਿ ਉਹ ਕਈ ਮਸ਼ਕੂਕਾਂ ਦੀ ਭਾਲ ਕਰ ਰਹੇ ਹਨ ਪਰ ਉਨ੍ਹਾਂ ਵੱਲੋਂ ਹਾਲ ਦੀ ਘੜੀ ਮਸ਼ਕੂਕਾਂ ਨਾਲ ਜੁੜੇ ਕਿਸੇ ਤਰ੍ਹਾਂ ਦੇ ਵੇਰਵੇ ਜਾਰੀ ਨਹੀਂ ਕੀਤੇ ਗਏ। ਪੁਲਿਸ ਦੇ ਬੁਲਾਰੇ ਨੇ ਦੱਸਿਆ ਕਿ ਹਾਲ ਦੀ ਘੜੀ ਇਹ ਆਖਣਾ ਬਹੁਤ ਮੁਸ਼ਕਲ ਹੈ ਕਿ ਇਸ ਘਟਨਾ ਨੂੰ ਕਿਸੇ ਨੂੰ ਜਾਣਬੁੱਝ ਕੇ ਨਿਸ਼ਾਨਾ ਬਣਾਉਣ ਲਈ ਅੰਜਾਮ ਦਿੱਤਾ ਗਿਆ ਜਾਂ ਹਮਲਾਵਰ ਤੇ ਜ਼ਖ਼ਮੀ ਵਿਅਕਤੀ ਇੱਕ ਦੂਜੇ ਨੂੰ ਜਾਣਦੇ ਸਨ।

## ਟੋਰਾਂਟੋ ਵਿੱਚ ਕ੍ਰੇਨ ਸਿੰਕਹੋਲ ਵਿੱਚ ਸਮਾਈ



ਟੋਰਾਂਟੋ, 26 ਨਵੰਬਰ (ਪੋਸਟ ਬਿਊਰੋ) : ਸੋਮਵਾਰ ਸ਼ਾਮ ਨੂੰ ਸਿੰਕਹੋਲ ਬਣ ਜਾਣ ਕਾਰਨ ਐਗਲਿੰਟਨ ਕਰੌਸਟਾਊਨ ਐਲਆਰਟੀ ਉੱਤੇ ਕੰਮ ਕਰ ਰਹੀ ਮੋਬਾਈਲ ਕ੍ਰੇਨ ਉਸ ਵਿੱਚ ਜਾ ਡਿੱਗੀ।

ਇਹ ਘਟਨਾ ਐਗਲਿੰਟਨ ਐਵਨਿਊ ਈਸਟ ਤੇ ਮਾਊਂਟ ਪਲੈਸੈਂਟ ਰੋਡ ਉੱਤੇ ਸ਼ਾਮੀਂ 6:00 ਵਜੇ ਵਾਪਰੀ। ਕ੍ਰੇਨ ਆਪਰੇਟਰ ਉਸ ਸਮੇਂ ਕ੍ਰੇਨ ਦੇ ਅੰਦਰ ਹੀ ਸੀ ਜਦੋਂ ਉਸ ਨੂੰ ਲੱਗਿਆ ਕਿ ਕ੍ਰੇਨ ਕਿਸੇ ਖੱਡੇ ਵਿੱਚ ਡਿੱਗ ਰਹੀ ਹੈ। ਪਰ ਉਹ ਕ੍ਰੇਨ ਦੇ ਸਿੰਕ ਹੋਲ ਵਿੱਚ ਡਿੱਗਣ ਤੋਂ ਪਹਿਲਾਂ ਹੀ ਛਾਲ ਮਾਰ ਕੇ ਬਾਹਰ ਨਿਕਲਣ ਵਿੱਚ ਕਾਮਯਾਬ ਹੋ ਗਿਆ। ਇੱਕ ਹੋਰ ਵਰਕਰ ਜਦੋਂ ਇਸ ਸਥਿਤੀ ਤੋਂ ਬਚਣ ਲਈ ਭੱਜ ਕੇ ਦੂਰ ਜਾਣ ਦੀ ਕੋਸ਼ਿਸ਼ ਕਰ ਰਿਹਾ ਸੀ ਤਾਂ ਉਸ ਦਾ ਗਿੱਟਾ ਮੁਚਕ ਗਿਆ।

ਵਰਕਰਜ਼ ਦਾ ਮੰਨਣਾ ਹੈ ਕਿ ਪਾਣੀ ਰਿਸਦਾ ਰਹਿਣ ਕਾਰਨ ਇਹ ਸਿੰਕ ਹੋਲ ਬਣਿਆ ਹੋ ਸਕਦਾ ਹੈ। ਲੇਬਰ ਮੰਤਰਾਲੇ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਐਗਲਿੰਅਨ ਐਵਨਿਊ ਈਸਟ ਨੂੰ ਮਾਊਂਟ ਪਲੈਜ਼ੈਂਟ ਤੋਂ ਟੌਂਟਨ ਰੋਡ ਤੱਕ ਬੰਦ ਰੱਖਿਆ ਜਾਵੇਗਾ।

## ਲਿੰਡਸੇ ਨੇੜੇ ਵਾਪਰੇ ਹਾਦਸੇ ਵਿੱਚ ਬੱਚੇ ਦੀ ਹੋਈ ਮੌਤ, ਦੋ ਜ਼ਖ਼ਮੀ




ਟੋਰਾਂਟੋ, 26 ਨਵੰਬਰ (ਪੋਸਟ ਬਿਊਰੋ) : ਲਿੰਡਸੇ, ਓਨਟਾਰੀਓ ਨੇੜੇ ਇੱਕ 33 ਸਾਲਾ ਵਿਅਕਤੀ ਤੇ ਓਨਟਾਰੀਓ ਪ੍ਰੋਵਿੰਸ਼ੀਅਲ ਪੁਲਿਸ ਦਰਮਿਆਨ ਹੋਈ ਤਕਰਾਰ ਤੋਂ ਬਾਅਦ ਇਹ ਵਿਅਕਤੀ ਤੇ ਇੱਕ ਪੁਲਿਸ ਅਧਿਕਾਰੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਏ ਜਦਕਿ ਇਸ ਵਿਅਕਤੀ ਦੇ ਇੱਕ ਸਾਲਾ ਬੱਚੇ ਦੀ ਮੌਤ ਹੋ ਗਈ।

ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਬੱਚੇ ਨੂੰ ਅਗਵਾ ਕੀਤਾ ਗਿਆ ਸੀ। ਇਸ ਮਾਮਲੇ ਦੀ ਜਾਂਚ ਪ੍ਰੋਵਿੰਸ ਦੇ ਪੁਲਿਸ ਵਾਚਡੌਗ ਵੱਲੋਂ ਕੀਤੀ ਜਾ ਰਹੀ ਹੈ।

ਸਪੈਸ਼ਲ ਇਨਵੈਸਟੀਗੇਸ਼ਨ ਯੂਨਿਟ (ਐਸ ਆਈ ਯੂ) ਦਾ ਕਹਿਣਾ ਹੈ ਕਿ ਮੁੱਢਲੀ ਜਾਣਕਾਰੀ ਅਨੁਸਾਰ ਓਪੀਪੀ ਅਧਿਕਾਰੀਆਂ ਨੂੰ ਸਵੇਰੇ 9:00 ਵਜੇ ਤੋਂ ਠੀਕ ਪਹਿਲਾਂ ਬੱਚੇ ਨੂੰ ਅਗਵਾ ਕਰਨ ਦੀਆਂ ਰਿਪੋਰਟਾਂ ਮਿਲਣ ਉੱਤੇ ਟ੍ਰੈਂਟ ਲੇਕ ਮਿਊਂਸਪੈਲਿਟੀ ਸੱਦਿਆ ਗਿਆ ਸੀ। ਐਸ ਆਈ ਯੂ ਦੀ ਤਰਜ਼ਮਾਨ ਮੋਨਿਕਾ ਹੁਡੌਨ ਨੇ ਦੱਸਿਆ ਕਿ ਮੌਕੇ ਉੱਤੇ ਪਹੁੰਚੇ ਪੁਲਿਸ ਅਧਿਕਾਰੀਆਂ ਨੂੰ ਸਬੰਧਤ ਗੱਡੀ ਸਟਰਜਨ ਰੋਡ ਉੱਤੇ ਨਜ਼ਰ ਆਈ ਤੇ ਉਨ੍ਹਾਂ ਵੱਲੋਂ ਉਸ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਗਈ। ਬਾਅਦ ਵਿੱਚ ਇਹ ਗੱਡੀ ਪਿਜਨ ਲੇਕ ਰੋਡ ਉੱਤੇ ਓ ਪੀ ਪੀ ਦੀ ਕਰੂਜ਼ਰ ਅਤੇ ਇੱਕ ਹੋਰ ਗੱਡੀ ਨਾਲ ਜਾ ਟਕਰਾਈ। ਇਸ ਹਾਦਸੇ ਤੋਂ ਬਾਅਦ ਪੁਲਿਸ ਤੇ 33 ਸਾਲਾ ਡਰਾਈਵਰ ਦਰਮਿਆਨ ਤਕਰਾਰ ਹੋਈ ਤੇ ਤਿੰਨ ਪੁਲਿਸ ਅਧਿਕਾਰੀਆਂ ਨੂੰ ਉਸ ਵਿਅਕਤੀ ਉੱਤੇ ਗੋਲੀਆਂ ਚਲਾਉਣੀਆਂ ਪਈਆਂ। ਉਹ ਵਿਅਕਤੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ ਤੇ ਉਸ ਨੂੰ ਨਾਜ਼ੁਕ ਹਾਲਤ ਵਿੱਚ ਏਅਰ ਐਂਬੂਲੈਂਸ ਜ਼ਰੀਏ ਟੋਰਾਂਟੋ ਦੇ ਟਰੌਮਾ ਸੈਂਟਰ ਲਿਜਾਇਆ ਗਿਆ।

ਹੁਡੌਨ ਨੇ ਆਖਿਆ ਕਿ ਪੁਲਿਸ ਅਧਿਕਾਰੀਆਂ ਨੂੰ ਇੱਕ ਸਾਲ ਦਾ ਬੱਚਾ ਗੱਡੀ ਵਿੱਚ ਮਿਲਿਆ, ਜਿਸ ਦੇ ਗੋਲੀ ਲੱਗੀ ਹੋਈ ਸੀ ਤੇ ਇਹ ਉਸ ਲਈ ਜਾਨਲੇਵਾ ਸਿੱਧ ਹੋਈ। ਇਸ ਹਾਦਸੇ ਤੋਂ ਬਾਅਦ ਓ ਪੀ ਪੀ ਦਾ ਇੱਕ ਅਧਿਕਾਰੀ ਵੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋਇਆ ਤੇ ਉਸ ਨੂੰ ਵੀ ਟੋਰਾਂਟੋ ਦੇ ਹਸਪਤਾਲ ਲਿਜਾਇਆ ਗਿਆ, ਜਿੱਥੇ ਉਸ ਦੀ ਹਾਲਤ ਸਥਿਰ ਦੱਸੀ ਜਾਂਦੀ ਹੈ। ਅਜੇ ਤੱਕ ਇਹ ਪਤਾ ਨਹੀਂ ਲੱਗ ਸਕਿਆ ਕਿ ਪੁਲਿਸ ਅਧਿਕਾਰੀਆਂ ਨੇ ਉਸ ਵਿਅਕਤੀ ਉੱਤੇ ਗੋਲੀਆਂ ਕਿਉਂ ਚਲਾਈਆਂ। ਹੁਡੌਨ ਨੇ ਦੱਸਿਆ ਕਿ ਮਾਮਲੇ ਦੀ ਜਾਂਚ ਲਈ ਏਜੰਸੀ ਵੱਲੋਂ ਚਾਰ ਜਾਂਚਕਾਰ, ਦੋ ਫੋਰੈਂਸਿਕ ਜਾਂਚਕਾਰ ਤੇ ਹਾਦਸੇ ਨੂੰ ਰੀਕੰਸਟ੍ਰਕਟ ਕਰਨ ਲਈ ਇੱਕ ਅਧਿਕਾਰੀ ਦੀ ਜ਼ਿੰਮੇਵਾਰੀ ਲਾਈ ਗਈ ਹੈ।

## ਕਈ ਗੱਡੀਆਂ ਦੀ ਟੱਕਰ ਵਿੱਚ 3 ਜ਼ਖ਼ਮੀ




ਮਿਲਟਨ, 26 ਨਵੰਬਰ (ਪੋਸਟ ਬਿਊਰੋ) : ਵੀਰਵਾਰ ਸਵੇਰੇ ਮਿਲਟਨ ਵਿੱਚ ਕਈ ਗੱਡੀਆਂ ਦੇ ਆਪਸ ਵਿੱਚ ਟਕਰਾ ਜਾਣ ਕਾਰਨ ਤਿੰਨ ਵਿਅਕਤੀ ਜ਼ਖ਼ਮੀ ਹੋ ਗਏ।

ਰਾਤੀਂ 3:30 ਵਜੇ ਜੇਮਜ਼ ਸਨੋਅ ਪਾਰਕਵੇਅ ਤੇ ਐਸਕੁਐਸਿੰਗ ਲਾਈਨ ਇਲਾਕੇ ਵਿੱਚ ਪੁਲਿਸ ਨੂੰ ਸੱਦਿਆ ਗਿਆ। ਪੁਲਿਸ ਨੇ ਦੱਸਿਆ ਕਿ ਇੱਕ ਟਰੈਕਟਰ ਟਰੇਲਰ ਇਸ ਲਾਂਘੇ ਉੱਤੇ ਰੁਕ ਗਿਆ ਤੇ ਪਿੱਛੋਂ ਆ ਕੇ ਉਸ ਨਾਲ ਇੱਕ ਪਿੱਕਅੱਪ ਟਰੱਕ ਤੇ ਐਸ ਯੂ ਵੀ ਟਕਰਾ ਗਏ। ਧੁੰਦ ਕਾਰਨ ਖਰਾਬ ਵਿਜ਼ੀਬਿਲਿਟੀ ਕਾਰਨ ਇਹ ਹਾਦਸਾ ਵਾਪਰਿਆ। ਤਿੰਨ ਵਿਅਕਤੀਆਂ ਨੂੰ ਹਸਪਤਾਲ ਲਿਜਾਇਆ ਗਿਆ, ਜਿਨ੍ਹਾਂ ਵਿੱਚੋਂ ਦੋ ਨੂੰ ਗੰਭੀਰ ਸੱਟਾਂ ਲੱਗੀਆਂ ਸਨ ਜਦਕਿ ਇੱਕ ਹੋਰ ਦੀ ਹਾਲਤ ਕਿਹੋ ਜਿਹੀ ਸੀ ਇਸ ਬਾਰੇ ਪਤਾ ਨਹੀਂ ਲੱਗ ਸਕਿਆ।

ਪੁਲਿਸ ਨੇ ਦੱਸਿਆ ਕਿ ਦੋ ਵਿਅਕਤੀ ਤਾਂ ਗੱਡੀਆਂ ਦੇ ਮਲਬੇ ਵਿੱਚ ਹੀ ਫਸ ਗਏ ਤੇ ਉਨ੍ਹਾਂ ਨੂੰ ਮਸਾਂ ਉੱਥੋਂ ਕੱਢਿਆ ਗਿਆ। ਇਸ ਮਾਮਲੇ ਦੀ ਜਾਂਚ ਚੱਲ ਰਹੀ ਹੈ।

## ਔਖੀ ਘੜੀ ਵਿੱਚ ਵੀ ਬਰੈਂਪਟਨ ਵਾਸੀਆਂ ਦੀ ਬਾਂਹ ਫੜ੍ਹਨ ਲਈ ਤਿਆਰ ਨਹੀਂ ਹਨ ਫੋਰਡ : ਐਨਡੀਪੀ



ਕੁਈਨਜ਼ ਪਾਰਕ, 26 ਨਵੰਬਰ (ਪੋਸਟ ਬਿਊਰੋ) : ਬਰੈਂਪਟਨ ਸੈਂਟਰ ਤੋਂ ਐਨਡੀਪੀ ਐਮਪੀਪੀ ਸਾਰਾ ਸਿੰਘ, ਬਰੈਂਪਟਨ ਈਸਟ ਤੋਂ ਐਮਪੀਪੀ ਗੁਰਰਤਨ ਸਿੰਘ ਤੇ ਬਰੈਂਪਟਨ ਨੌਰਥ ਤੋਂ ਐਮਪੀਪੀ ਕੈਵਿਨ ਯਾਰਡ ਨੇ ਮੰਗਲਵਾਰ ਸਵੇਰੇ ਫੋਰਡ ਸਰਕਾਰ ਤੋਂ ਕਈ ਸਵਾਲ ਪੁੱਛਣ ਤੋਂ ਬਾਅਦ ਇੱਕ ਰਲੀਜ਼ ਜਾਰੀ ਕੀਤੀ।

ਐਨਡੀਪੀ ਦੀ ਡਿਪਟੀ ਲੀਡਰ ਸਾਰਾ ਸਿੰਘ ਨੇ ਆਖਿਆ ਕਿ ਫੋਰਡ ਸਰਕਾਰ ਮਹਾਂਮਾਰੀ ਦੇ ਅਸਰ ਨੂੰ ਘੱਟ ਕਰ ਕੇ ਵਖਾਉਣ ਲਈ ਅੰਕੜਿਆਂ ਨੂੰ ਤੋੜ ਮਰੋੜ ਕੇ ਪੇਸ਼ ਕਰ ਰਹੀ ਹੈ। ਅਜਿਹਾ ਕਰਕੇ ਫੋਰਡ ਬਰੈਂਪਟਨ ਵਾਸੀਆਂ ਨੂੰ ਗੁੰਮਰਾਹ ਕਰ ਰਹੇ ਹਨ। ਇਹ ਸੱਭ ਉਦੋਂ ਹੋ ਰਿਹਾ ਹੈ ਜਦੋਂ ਪੀਲ ਪਬਲਿਕ ਹੈਲਥ ਦਾ ਡਾਟਾ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਬਰੈਂਪਟਨ ਦੇ ਪਰਿਵਾਰ ਮਾੜੇ ਦੌਰ ਵਿੱਚੋਂ ਲੰਘ ਰਹੇ ਹਨ ਤੇ ਉਹ ਇਸ ਬਾਰੇ ਕਈ ਮਹੀਨਿਆ ਤੋਂ ਫੋਰਡ ਸਰਕਾਰ ਨੂੰ ਆਪਣੀ ਤਕਲੀਫ ਦੱਸਣ ਦੀ ਕੋਸ਼ਿਸ਼ ਕਰ ਰਹੇ ਹਨ।

ਆਗੂਆਂ ਨੇ ਆਖਿਆ ਕਿ ਮੈਨੂਫੈਕਚਰਿੰਗ, ਟਰਾਂਸਪੋਰਟ ਤੇ ਹੈਲਥ ਕੇਅਰ ਦੇ ਖੇਤਰ ਵਿੱਚ ਕੰਮ ਕਰਨ ਵਾਲੇ ਅਸੈਂਸ਼ੀਅਲ ਵਰਕਰਜ਼, ਜੋ ਕਿ ਮੁੱਖ ਤੌਰ ਉੱਤੇ ਸਿਆਹ ਨਸਲ ਦੇ ਜਾਂ ਵੱਖ ਵੱਖ ਨਸਲਾਂ ਦੇ ਲੋਕ ਹਨ, ਇਸ ਖਤਰਨਾਕ ਵਾਇਰਸ ਦੀ ਚਪੇਟ ਵਿੱਚ ਬਹੁਤਾ ਆ ਰਹੇ ਹਨ।

ਹੈਲਥ ਤੇ ਆਰਥਿਕ ਸੰਕਟ ਨਾਲ ਜੂਝ ਰਹੇ ਕਈ ਕਮਿਊਨਿਟੀਜ਼ ਦੇ ਵਰਕਿੰਗ ਮੈਂਬਰਾਂ ਨੂੰ ਡੱਗ ਫੋਰਡ ਵੱਲੋਂ ਇਹ ਦੱਸੇ ਜਾਣ ਦੀ ਲੋੜ ਨਹੀਂ ਲੱਗਦੀ ਕਿ ਇਹ ਮਹਾਂਮਾਰੀ ਹੋਰ ਖਤਰਨਾਕ ਹੋ ਸਕਦੀ ਹੈ। ਬਰੈਂਪਟਨ ਦੇ ਲੋਕਾਂ ਨੂੰ ਚਾਹੀਦਾ ਹੈ ਕਿ ਡੱਗ ਫੋਰਡ ਹੁਣ ਕਮਰ ਕੱਸਣ ਤੇ ਟੈਸਟ ਕਰਵਾਉਣ ਤੇ ਟਰੇਸਿੰਗ ਵਿੱਚ ਨਿਵੇਸ਼ ਕਰਨ, ਨਿੱਕੇ ਕਾਰੋਬਾਰਾਂ ਨੂੰ ਜਲਦ ਤੇ ਸਿੱਧੀ ਵਿੱਤੀ ਮਦਦ ਮੁਹੱਈਆ ਕਰਵਾਈ ਜਾਵੇ ਅਤੇ ਉਨ੍ਹਾਂ ਲਈ ਕੰਮ ਕਰਨ ਵਾਲੇ ਵਰਕਰਜ਼ ਲਈ ਹੋਰ ਸਿੱਧੀ ਵਿੱਤੀ ਸਹਾਇਤਾ ਦਿੱਤੀ ਜਾਵੇ ਤੇ ਉਨ੍ਹਾਂ ਨੂੰ ਪੇਡ ਸਿੱਕ ਲੀਵ ਦੇਣੀ ਯਕੀਨੀ ਬਣਾਈ ਜਾਵੇ। ਹੋਮ ਕੇਅਰ ਹਾਸਲ ਕਰ ਰਹੇ ਜਾਂ ਲਾਂਗ ਟਰਮ ਕੇਅਰ ਵਿੱਚ ਆਪਣੇ ਬਜ਼ੁਰਗਾਂ ਨੂੰ ਸੇਫ ਤੇ ਸਿਹਤਮੰਦ ਰੱਖਣ ਲਈ ਫੋਰਡ ਸਰਕਾਰ ਨੂੰ ਪ੍ਰੋਵਿੰਸ ਪੱਧਰ ਉੱਤੇ ਹਜ਼ਾਰਾਂ ਦੀ ਗਿਣਤੀ ਵਿੱਚ ਪੀ ਐਸ ਡਬਲਿਊਜ਼ ਜਲਦ ਤੋਂ ਜਲਦ ਹਾਇਰ ਕਰਨੇ ਚਾਹੀਦੇ ਹਨ। ਇਸ ਤੋਂ ਇਲਾਵਾ ਫੋਰਡ ਸਰਕਾਰ ਨੂੰ ਕਲਾਸਾਂ ਦਾ ਆਕਾਰ ਘਟਾ ਕੇ 15 ਵਿਦਿਆਰਥੀ ਪ੍ਰਤੀ ਕਲਾਸ ਕਰਨ ਦੀ ਮੰਗ ਵੀ ਕੀਤੀ ਗਈ।

ਐਨਡੀਪੀ ਆਗੂਆਂ ਨੇ ਆਖਿਆ ਕਿ ਇਹ ਸਾਰਾ ਕੁੱਝ ਕਰਨ ਦੀ ਥਾਂ ਡੱਗ ਫੋਰਡ ਬਰੈਂਪਟਨ ਵਾਸੀਆਂ ਨੂੰ ਇਹ ਆਖਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਉਨ੍ਹਾਂ ਦੀ ਬਾਂਹ ਫੜ੍ਹਨ ਵਾਲਾ ਕੋਈ ਨਹੀਂ ਹੈ ਹੁਣ ਉਨ੍ਹਾਂ ਨੂੰ ਇਸ ਔਖੀ ਘੜੀ ਦਾ ਮੁਕਾਬਲਾ ਆਪ ਕਰਨਾ ਹੋਵੇਗਾ।

## ਵੈਕਸੀਨ ਲਈ ਅਜੇ ਹੋਰ ਰਿਸਰਚ ਦੀ ਲੋੜ

...ਪੰਨਾ 1 ਦਾ ਬਾਕੀ

ਇਸ ਦਾ ਪਤਾ ਵੀ ਕਲੀਨਿਕਲ ਟਰਾਇਲਜ਼ ਦੌਰਾਨ ਅਚਾਨਕ ਹੀ ਲੱਗਿਆ। ਆਕਸਫੋਰਡ ਵੈਕਸੀਨ ਗਰੁੱਪ ਦੇ ਮੁਖੀ ਐਂਡਰਿਊ ਪੋਲਾਰਡ ਨੇ ਆਖਿਆ ਕਿ ਇਸ ਦੇ ਹੋਰ ਸਬੂਤ ਅਗਲੇ ਮਹੀਨੇ ਮਿਲ ਜਾਣਗੇ ਪਰ ਇਸ ਦੇ ਨਤੀਜੇ ਅਜੇ ਵੀ ਕਾਫੀ ਅਸਰਦਾਰ ਹਨ। ਐਸਟਰਾਜ਼ੈਨੇਕਾ ਦੇ ਚੀਫ ਐਗਜ਼ੈਕਟਿਵ ਪਾਸਕਲ ਸੌਰੋਇਤ ਨੇ ਆਖਿਆ ਕਿ ਸਾਨੂੰ ਪਤਾ ਲੱਗ ਚੁੱਕਿਆ ਹੈ ਕਿ ਇਸ ਦੇ ਨਤੀਜੇ ਕਿਹੋ ਜਿਹੇ ਆ ਰਹੇ ਹਨ ਇਸ ਲਈ ਸਾਨੂੰ ਹੁਣ ਇਸ ਦੇ ਹੋਰ ਅਧਿਐਨ ਦੀ ਲੋੜ ਮਹਿਸੂਸ ਹੋ ਰਹੀ ਹੈ। ਉਨ੍ਹਾਂ ਆਖਿਆ ਕਿ ਇਹ ਅਧਿਐਨ ਜਲਦ ਹੀ ਨੇਪਰੇ ਚੜ੍ਹ ਜਾਵੇਗਾ ਕਿਉਂਕਿ ਸਾਨੂੰ ਇਸ ਦੇ ਅਸਰਦਾਰ ਹੋਣ ਦਾ ਸਬੂਤ ਤਾਂ ਮਿਲ ਹੀ ਚੁੱਕਿਆ ਹੈ ਤੇ ਬੱਸ ਹੁਣ ਥੋੜ੍ਹੇ ਅਧਿਐਨ ਤੋਂ ਬਾਅਦ ਰਹਿੰਦੀ ਗੁੰਜਾਇਸ਼ ਪੂਰੀ ਕਰਕੇ ਸਾਨੂੰ ਮੁਕਾਬਲਤਨ ਘੱਟ ਲੋਕਾਂ ਉੱਤੇ ਟਰਾਇਲ ਕਰਨ ਦੀ ਲੋੜ ਹੋਵੇਗੀ।

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
How your spouse can join you within 4-6 months
How your parents can join you
How students & skilled people can come to Canada
How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

Paramjit Deol
Broker
CELL: 416-993-7378
7071 Airport Rd, Suit 201, Mississauga, ON
1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available
Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca
"Your neighborhood broker, Call Paramjit Deol Today"

Mississauga $749,000 — 7089 Torbram Rd: Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations. Thousands Spent On Upgrades.

Vaughan $499,000 — 3210 Highway 7 Rd 5511: Location, Location! Spacious Layout With Large Balcony Condo For Sale, High Floor. A Place To Live, Work, Sleep & Play. Minutes To Highway 400,401, 407 & Walking Distance To Transit & Subway.

Kitchener $599,000 — Westmount/Blockline Rd: Fabulous Detached Home In Kitchener, 3+1 Bedroom In-Law Suite Finished Bsmt W/Separate Entrance, This Home Offers Great Size Living & Dining Area, Family Size Kitchen W/Breakfast Area, 3 Generous Size Br, Gleaming Wood Floors Throughout The Home.

Brampton $699,000 — 39 Shiff Cres: This Is Your Chance 3+1 Bedrooms 3 Storey Townhouse Corner End Unit Feels Like A Semi, Lots Of Sunlight, Double Door Entry. Open Concept, 9Ft Ceiling, Bedroom On Main Floor Back Door Entry Through Backyard,Entrance Garage From Inside.

MISSISSAUGA $299,000 — Photo Not Available — 7885 Tranmere Dr:Turn Key Operation, Banquet Hall/ Restaurant Business For Sale, Located In Desirable Area W/ High Density Of Industrial & Commercial Business. Full Size Commercial Kitchen, Thousands Spent On Upgrades. Newer Floors, Bar, Equipment. Very Low rent.

Mississisauga $749,000 — 7089 Torbram Rd : Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations, Corporate Events & Much More.

Blandford $349,000 — Photo Not Available — 23 Wilmot St: Sale Of Business With Property Gas Stations in Blandford-Blenheim Oxford area. For more information Call Paramjit Deol at 905-405-8484.

Oshawa $659,000 — Photo Not Available — Simcoe St/Highway 407: Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To all amenities.

Brampton $1,900,000 — Photo Not Available — 115 Orenda Dr: Well Established Business For Sale!! Truck & Trailer Repair Shop, Many Year In Business, Great Reputable Clientele, 8 Drive Indoors, Shop Can Hold Up To 10 Trucks At A Time, Approx 15,000 Sqft, Sales Are $1.5 Million Per Year As Per Seller. Huge Parking Lot That Holds Up To 35 Trucks,Very Low Rent,Tons Of Inventory.

Brampton $749,000 — Mississauga Rd/Sandalwood Pkwy : 3 Bedroom Townhouse End Unit With Finished Walk Out Basement For Sale. Fully Upgraded Home. 9 Ft Ceiling At Main Level. Hardwood Stairs. Granite Counter Top In Main Kitchen. Upgraded Washrooms. Hardwood On The Main Floor. Lots Of Natural Sun Lights.

Barrie $769,000 — Ferndale & Edgehill :Fully Upgraded Top To Bottom Duplex Over $150,000 Spent On Upgrades With 1st Unit Rental For $2600 & Bottom Unit $1800 Seprate Utility Meters For Each Unit,13 Feet High Ceiling In Dining Room Situated On A Ravine Backing With An Extra Deep Lot.

Oshawa $659,000 — Photo Not Available — 150 Windfields Farm Dr 86:Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To 407...

Brampton $789,000 — 124 Cornwall Rd: Move In Ready Designer Concept,Totally Renovated From Top To Bottom On A Prime 50 Foot Lot With Huge Backyard In A Quiet Mature Neighborhood. This Home Must Be Seen To Appreciate The Quality /Design /Layout & Level Of Finishes. Close To All Amenities.

Toronto $959,500 — Queen St/Logan Ave: Brand New Condo Apartment, 1 Bedroom + Den, 9 Ft Ceiling, Plenty Of Natural Light Approx 784 Sq Ft. **Location, Location 24 Hrs Street Car At Your Door, Nearby Restaurants, Cafes, Shops & All Amenities Don't Miss This Opportunity **** Tenant Willing To Stay Or Vacate.

New Tecumseth $978,888 — King St/Industry: Home With Custom Design Changes, Butlers Pantry, Main Floor Laundry And Added Square Footage! 9' +/- Main Floor Ceilings, Undermount Kitchen Sink, Wall Mount Pot Filler, Entrance To Garage From Home, Hardwood Flooring, Jack And Jill (4Pc Twin Bath) For Bedroom 3 And 4.

Mississauga $715,000 — Derry And Mclaughlin:One Of The Best Investment For 1st-Time Buyers/Investors In Mississauga! Monthly Rent 2500 +.Well Appreciated During Recent Years. Finished Basement.

*Canadian punjabi post assumes no responsibility for the accuracy of any information shown. Copyright Ppost 2019

## ਅੱਜ ਨਾਮਾ

ਸਾਰੇ ਈ ਰਾਹ ਜਦ ਦਿੱਲੀ ਨੂੰ ਵਹਿਣ ਲੱਗੇ,
ਸਰਕਾਰ ਹੋਈ ਹਰਿਆਣੇ ਦੀ ਗਰਮ ਬੇਲੀ।
ਚਾੜ੍ਹ'ਤੇ ਲਸ਼ਕਰ ਕਿਸਾਨਾਂ ਨੂੰ ਘੇਰਨੇ ਲਈ,
ਖਿਝਿਆ ਪਿਆ ਕਿਸਾਨ ਨਹੀਂ ਨਰਮ ਬੇਲੀ।
ਚੱਲ ਰਹੀ ਡਾਂਗ ਪਈ ਅੱਥਰੂ ਗੈਸ ਵਰ੍ਹਦੀ,
ਕਰਦੀ ਨਹੀਂ ਸਰਕਾਰ ਕੋਈ ਸ਼ਰਮ ਬੇਲੀ।
ਲੋਕਤੰਤਰ ਵਿੱਚ ਲੋਕ ਕੁੱਟਵਾਏ ਮੁੜ-ਮੁੜ,
ਸਿਰ ਵਿੱਚ ਹਉਮੈ ਦਾ ਚੰਦਰਾ ਜਰਮ ਬੇਲੀ।
ਅੱਜ ਤੇ ਫਿਕਰ ਨਹੀਂ ਜਾਪਦਾ ਹਾਕਮਾਂ ਨੂੰ,
ਦਿੱਤੀਆਂ ਪਲਟਣਾਂ ਉਹਨੇ ਆ ਝੋਕ ਬੇਲੀ।
ਅਗਲੀ ਚੋਣ ਜਦ ਆਈ ਤਾਂ ਸਮਝ ਆਊ,
ਭਾਜੀਆਂ ਮੋੜਨਗੇ ਓਦੋਂ ਇਹ ਲੋਕ ਬੇਲੀ।

**ਤੀਸ ਮਾਰ ਖਾਂ**

# ਕਿਸਾਨਾਂ ਦੇ 'ਦਿੱਲੀ ਕੂਚ' ਦੌਰਾਨ ਪੰਜਾਬ-ਹਰਿਆਣਾ ਦੇ ਬਾਰਡਰ ਉੱਤੇ ਹੋਏ ਜਬਰਦਸਤ ਹੰਗਾਮੇ

*** ਪੁਲਿਸ ਜਲ-ਤੋਪਾਂ ਚਲਾਉਂਦੀ ਰਹੀ, ਕਿਸਾਨ ਨਾਕੇ ਪੁੱਟ ਕੇ ਲੰਘ ਗਏ * ਬੈਰੀਕੇਡ ਪੁੱਟ ਕੇ ਕਿਸਾਨਾਂ ਨੇ ਦਰਿਆ ਵਿਚ ਸੁੱਟੇ**








ਚੰਡੀਗੜ੍ਹ, 26 ਨਵੰਬਰ, (ਪੋਸਟ ਬਿਊਰੋ)- ਕਈ ਦਿਨ ਪਹਿਲਾਂ ਕੀਤੇ ਹੋਏ ਐਲਾਨ ਮੁਤਾਬਕ ਅੱਜ ਦਿੱਲੀ ਨੂੰ ਕੂਚ ਕਰਦੇ ਪੰਜਾਬ ਦੇ ਕਿਸਾਨਾਂ ਉਤੇ ਅੰਬਾਲਾ ਤੋਂ ਪਹਿਲਾਂ ਪੰਜਾਬ-ਹਰਿਆਣਾ ਵਿਚਾਲੇ ਆਉਂਦੇ ਸ਼ੰਭੂ ਬਾਰਡਰ ਉਤੇ ਕਿਸਾਨਾਂ ਵਿਰੁੱਧ ਹਰਿਆਣਾ ਦੀ ਪੁਲਿਸ ਨੇ ਵਾਟਰ ਕੈਨਨ (ਜਲ-ਤੋਪਾਂ) ਚਲਾਈਆਂ ਅਤੇ ਦਿੱਲੀ ਜਾਣ ਲਈ ਵਚਨਬੱਧ ਕਿਸਾਨਾਂ ਤੇ ਪੁਲਿਸ ਵਿਚਾਲੇ ਝੜਪਾਂ ਵੀ ਹੁੰਦੀਆਂ ਰਹੀਆਂ। ਪੁਲਿਸ ਨੇ ਜਲ-ਤੋਪਾਂ ਦੇ ਨਾਲ ਕਿਸਾਨਾਂ ਉਤੇ ਅੱਥਰੂ ਗੈਸ ਦੇ ਗੋਲੇ ਵੀ ਸੁੱਟੇ, ਜਿਸ ਦੇ ਬਾਅਦ ਟਕਰਾਅ ਵਧਣ ਲੱਗ ਪਿਆ। ਕਿਸਾਨਾਂ ਵਿਰੁੱਧਇਸ ਸਖਤੀ ਕਾਰਨ ਪੰਜਾਬ ਅਤੇ ਹਰਿਆਣਾ ਦੀ ਸਰਹੱਦ ਉਤੇ ਤਣਾਅ ਵਾਲਾ ਮਾਹੌਲ ਬਣ ਗਿਆ, ਪਰ ਕਿਸਾਨ ਹਰਿਆਣਾ ਪੁਲਿਸ ਦੀਆਂ ਰੋਕਾਂ ਤੋੜ ਕੇ ਅੱਗੇ ਵਧ ਗਏ। ਇਸ ਦੌਰਾਨ ਕਿਸਾਨਾਂ ਨੇ ਇੱਕ ਨਾਕੇ ਉੱਤੇ ਹਰਿਆਣਾ ਪੁਲਿਸ ਨੇ ਲਾਏ ਬੈਰੀਕੇਡ ਪੁੱਟ ਕੇ ਘੱਗਰ ਦਰਿਆ ਵਿਚ ਸੁੱਟ ਦਿੱਤੇ।

ਵਰਨਣ ਯੋਗ ਹੈ ਕਿ ਪੰਜਾਬ ਦੇ ਕਿਸਾਨਾਂ ਨੇ 'ਦਿੱਲੀ-ਕੂਚ' ਕਰਨ ਲਈ ਹਰਿਆਣਾ ਦੀ ਹੱਦ ਵਿੱਚ ਵੜਨ ਦੇ ਲਈ ਅੱਠ ਰਸਤਿਆਂ ਦੀ ਚੋਣ ਕੀਤੀ ਤੇ ਕਿਹਾ ਸੀ ਕਿ ਜੇ ਉਨ੍ਹਾਂ ਨੂੰ ਹਰਿਆਣਾ ਪੁਲਿਸ ਨੇ ਰੋਕਿਆ ਤਾਂ ਜਿੱਥੇ ਰੋਕਿਆ, ਉਥੇ ਹੀ ਧਰਨੇ ਮਾਰ ਕੇ ਬੈਠ ਜਾਣਗੇ ਅਤੇ ਅਣਮਿੱਥੇ ਸਮੇਂ ਲਈ ਚੱਲਣ ਵਾਲੇ ਇਹ ਧਰਨੇ ਸ਼ਾਂਤਮਈ ਹੋਣਗੇ। ਅੱਜਇਨ੍ਹਾਂ ਨਾਕਿਆਂ ਉੱਤੇ ਹਰਿਆਣਾ ਪੁਲਸ ਦੇ ਵਿਹਾਰ ਕਾਰਨ ਕਿਸਾਨ ਭੜਕ ਗਏ ਤੇ ਇਸ ਕਾਰਨ ਹਾਲਾਤ ਵਿਗੜ ਗਏ। ਕਿਸਾਨਾਂ ਨੇ ਜਿਸ ਵੇਲੇ ਅੱਠ ਰਸਤਿਆਂ ਦਾ ਐਲਾਨ ਕੀਤਾ, ਓਦੋਂ ਇਨ੍ਹਾਂ ਵਿੱਚੋਂ ਤਿੰਨ ਰਸਤੇਜ਼ਿਲਾ ਪਟਿਆਲਾ ਵਿੱਚੋਂ ਰੱਖੇ ਸਨ, ਜਿਨ੍ਹਾਂ ਵਿੱਚੋਂ ਨੈਸ਼ਨਲ ਹਾਈਵੇ ਨੰਬਰ ਵੰਨ ਉੱਤੇ ਅੰਬਾਲਾ ਨੇੜੇ ਪੈਂਦਾ ਸ਼ੰਭੂ ਬੈਰੀਅਰ ਸਭ ਤੋਂ ਅਹਿਮਸਮਝਿਆ ਜਾ ਰਿਹਾ ਸੀ। ਇਸ ਬੈਰੀਅਰ ਉੱਤੇ ਹਰਿਆਣਾ ਸਰਕਾਰ ਨੇ 25 ਨਵੰਬਰ ਨੂੰ ਹੀ ਫੋਰਸ ਤਾਇਨਾਤ ਕਰ ਦਿੱਤੀ ਤੇ ਬੈਰੀਕੇਡ ਲਾਉਣ ਦੇ ਨਾਲ ਕੰਡਿਆਲੀ ਤਾਰ, ਮਿੱਟੀ ਦੇ ਭਰੇ ਟਰੱਕ ਅਤੇ ਟਰਾਲੀਆਂ, ਦੰਗਾ ਰੋਕੂ ਗੱਡੀਆਂ ਤੇ ਫਾਇਰ ਬ੍ਰਿਗੇਡ ਸਮੇਤ ਹੋਰ ਸਾਧਨ ਵੀ ਓਥੇ ਪੁਚਾ ਦਿੱਤੇ ਸਨ। ਅੱਜ ਸਭ ਤੋਂ ਵੱਧ ਝੜਪਾਂ ਏਸੇ ਥਾਂ ਹੋਈਆਂ ਹਨ। ਓਧਰ ਮਾਨਸਾ ਜ਼ਿਲੇ ਦੀ ਬੋਹਾ ਦੀ ਅਨਾਜ ਮੰਡੀ ਤੋਂਦਿੱਲੀ ਵੱਲ ਚੱਲੇ ਹਜ਼ਾਰਾਂ ਹਜ਼ਾਰਾਂ ਕਿਸਾਨ ਅੱਜ ਹਰਿਆਣਾ ਦੇ ਬਾਹਮਣਵਾਲਾ ਬਾਰਡਰ ਵਿਖੇ ਹਰਿਆਣਾ ਪੁਲਸ ਦੇ ਸਾਰੇ ਬੈਰੀਕੇਡ ਤੋੜਦੇ ਹੋਏ ਹਰਿਆਣਾ ਵਿੱਚਜਾ ਵੜੇ। ਇਸ ਮੌਕੇਪੰਜਾਬ ਕਿਸਾਨ ਯੂਨੀਅਨ ਦੇ ਸੂਬਾ ਪ੍ਰਧਾਨ ਰੁਲਦੂ ਸਿੰਘ ਮਾਨਸਾ, ਪੰਜਾਬ ਕਿਸਾਨ ਸਭਾ ਦੇ ਕਾਮਰੇਡ ਹਰਦੇਵ ਅਰਸ਼ੀ, ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਬੂਟਾ ਸਿੰਘ ਬੁਰਜਗਿੱਲ, ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦੇ ਸਵਰਨ ਸਿੰਘ, ਕੁੱਲ ਹਿੰਦ ਕਿਸਾਨ ਸਭਾ ਦੇ ਸਵਰਨਜੀਤ ਸਿੰਘ ਦਲਿਓ ਅਤੇ ਹਜ਼ਾਰਾਂ ਦੀ ਗਿਣਤੀ ਵਿੱਚਹੋਰ ਕਿਸਾਨਾਂ ਨੇ ਮੋਦੀ ਸਰਕਾਰ ਦੇ ਖ਼ਿਲਾਫ਼ ਨਾਅਰੇਬਾਜ਼ੀ ਕੀਤੀ ਅਤੇ ਹਰਿਆਣਾ ਸਰਕਾਰ ਦੀ ਵੀ ਨਿੰਦਾ ਕੀਤੀ।

ਜਿਹੜੇ ਕਿਸਾਨ ਜਥੇ ਅੰਬਾਲਾ ਤੋਂ ਪਹਿਲਾਂ ਸ਼ੰਭੂ ਬੈਰੀਅਰ ਦੇ ਨਾਕੇ ਤੋੜ ਕੇ ਲੰਘ ਗਏ ਸਨ, ਉਨ੍ਹਾਂ ਨੂੰ ਰੋਕਣ ਲਈ ਹਰਿਆਣਾ ਪੁਲਸ ਨੇ ਜਿਹੜੇ ਨਾਕੇ ਕਰਨਾਲ ਤੋਂ ਪਹਿਲਾਂ ਲਾਏ ਸਨ,ਰੋਹ ਵਿੱਚ ਆਏ ਹੋਏ ਕਿਸਾਨ ਕਰਨਾਲ ਵਿਚਲੇ ਉਹ ਬੈਰੀਕੇਡ ਵੀ ਤੋੜ ਕੇ ਦਿੱਲੀ ਨੂੰ ਵਧਦੇ ਗਏ ਤੇ ਪਾਣੀਪਤ ਨੇੜੇ ਪੁੱਜ ਗਏ। ਪੁਲਸ ਨੇ ਉਨ੍ਹਾਂ ਨੂੰ ਰੋਕਣ ਲਈ ਹੰਝੂ ਗੈਸ ਦੇ ਗੋਲ਼ੇ ਦਾਗ਼ੇ ਅਤੇ ਜਲ-ਤੋਪਾਂ ਚਲਾਈਆਂ, ਪਰ ਕਿਸਾਨ ਨਹੀਂ ਰੁਕੇ ਅਤੇ ਲਗਾਤਾਰ ਅੱਗੇ ਵਧਦੇ ਗਏ। ਕਰਨਾਲ ਦੇ ਨਾਕੇ ਉੱਤੇ ਪੁਲਸ ਤੇ ਕਿਸਾਨਾਂ ਦੀ ਵੱਡੀ ਝੜਪ ਵੀ ਹੋਈ। ਉਸਤੋਂ ਪਹਿਲਾਂ ਪੰਜਾਬ ਹਰਿਆਣਾ ਵਿਚਾਲੇ ਖਨੌਰੀ ਸਰਹੱਦ ਉੱਤੇਵੀ ਪੁਲਸ ਅਤੇ ਕਿਸਾਨਾਂ ਵਿਚਾਲੇ ਜ਼ਬਰਦਸਤ ਝੜਪ ਹੋਈ, ਪਰ ਕਿਸਾਨ ਸਾਰੇ ਬੈਰੀਕੇਡ ਤੋੜ ਕੇ ਲੰਘ ਗਏ।

## ਕੋਰੋਨਾ ਨਾਲ ਜੰਗ ਵਿਚ ਆਕਸਫੋਰਡ ਦੀ ਐਸਟ੍ਰਾ ਜ਼ੈਨੇਕਾ ਵੈਕਸੀਨ ਸ਼ੱਕ ਹੇਠ ਆਈ

*** ਮੈਨਿਊਫੈਕਚਰਿੰਗ ਦੇ ਸ਼ੁਰੂ ਵਿੱਚ ਗ਼ਲਤੀ ਮੰਨਣੀ ਪੈ ਗਈ**




ਨਵੀਂ ਦਿੱਲੀ, 26 ਨਵੰਬਰ, (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੀ ਮਹਾਮਾਰੀ ਨਾਲ ਦੁਨੀਆ ਭਰ ਵਿੱ-ਚਲਗਾਤਾਰ ਜੰਗ ਜਾਰੀ ਹੈ। ਇਸਦੇ ਬਚਾਅ ਲਈ ਕਈ ਦੇਸ਼ਾਂ ਵਿੱਚ ਚੱਲ ਰਹੇ ਵੈਕਸੀਨ ਦੇ ਟਰਾਇਲ ਆਖ਼ਰੀ ਪੜਾਅ ਵਿੱਚ ਹਨ। ਪਹਿਲਾਂ ਇਸ ਸਾਲ ਦੇ ਅੰਤ ਤਕ ਵੈਕਸੀਨ ਆਉਣ ਦੀ ਆਸ ਕੀਤੀ ਜਾਂਦੀ ਸੀ, ਪਰ ਅਗਲੇ ਸਾਲ ਭਾਵ 2021 ਦੀ ਪਹਿਲੀ ਅਤੇ ਦੂਸਰੀ ਤਿਮਾਹੀ ਤਕ ਇਸਦੇ ਆਉਣ ਅੱਗੇ ਸਵਾਲੀਆ ਨਿਸ਼ਾਨ ਖੜੇ ਹੋਣ ਲੱਗ ਪਏ ਹਨ।

ਐਸਟ੍ਰਾ ਜ਼ੈਨੇਕਾ (ਓਸਟਰਅਦਣਨੲਚਅ) ਅਤੇ ਆਕਸਫੋਰਡ ਯੂਨੀਵਰਸਿਟੀ ਨੇ ਇਸ ਬੁੱਧਵਾਰ ਨੂੰ ਆਪਣੀ ਵੈਕਸੀਨ ਦੇ ਵਿਕਸਿਤ ਹੋਣ ਵਿੱਚ ਹੋਈ ਗ਼ਲਤੀ ਮੰਨ ਲਈ ਤੇ ਇਸ ਦੇ ਨਾਲ ਹੀ ਇਸ ਉੱਤੇ ਸਵਾਲ ਉੱਠਣੇ ਲੱਗ ਪਏ ਹਨ। ਇਸ ਵਿੱਚ ਹੈਰਾਨੀ ਵਾਲੀ ਗੱਲ ਇਹ ਨਿਕਲੀ ਕਿ ਵਾਲੰਟੀਅਰਜ਼ ਦੇ ਜਿਸ ਗਰੁੱਪ ਨੂੰ ਵੈਕਸੀਨ ਦੀ ਘੱਟ ਡੋਜ਼ ਮਿਲੀ, ਉਹ ਇਸ ਦੇ ਦੋ ਪੂਰੇ ਡੋਜ਼ ਲੈਣ ਵਾਲੇ ਗਰੁੱਪ ਦੇ ਮੁਕਾਬਲੇ ਵੱਧ ਸੁਰੱਖਿਅਤ ਪਾਏ ਗਏ। ਐਸਟ੍ਰੇਜ਼ੈਨੇਕਾ ਨੇ ਕਿਹਾ ਕਿ ਜਿਨ੍ਹਾਂ ਨੂੰ ਘੱਟ ਡੋਜ਼ ਦਿੱਤੀ ਗਈ, ਉਸ ਗਰੁੱਪ ਵਿੱਚ ਇਹ 90 ਫ਼ੀਸਦੀ ਅਸਰਦਾਰ ਰਹੀ, ਪਰ ਜਿਸ ਗਰੁੱਪ ਵਿੱਚ ਇਸ ਦੇ ਦੋ ਫੁੱਲ ਡੋਜ਼ ਦਿੱਤੇ ਗਏ, ਓਥੇ 62 ਫ਼ੀਸਦੀ ਅਸਰਦਾਰ ਰਹੀ ਹੈ। ਦਵਾਈ ਨਿਰਮਾਤਾ ਦੇ ਦੱਸਣ ਮੁਤਾਬਕਕੁੱਲ ਮਿਲਾ ਕੇ ਕੋਰੋਨਾ ਦੇ ਇਨਫੈਕਸ਼ਨ ਨੂੰ ਰੋਕਣ ਵਿੱਚ ਇਹ ਵੈਕਸੀਨ 70 ਫ਼ੀਸਦੀ ਅਸਰਦਾਰ ਹੋਈ ਹੈ।

ਵਰਨਣ ਯੋਗ ਹੈ ਕਿ ਐਸਟ੍ਰਾਜ਼ੈਨੇਕਾ ਅਤੇ ਆਕਸਫੋਰਡ ਯੂਨੀਵਰਸਿਟੀ ਨੇ ਬੀਤੇ ਬੁੱਧਵਾਰ ਵੈਕਸੀਨ ਬਣਾਉਣ ਦੇ ਦੌਰਾਨ ਨਿਕਲੀ ਆਪਣੀ ਗ਼ਲਤੀ ਨੂੰ ਸਵੀਕਾਰ ਕੀਤਾ ਹੈ, ਜਿਸ ਨਾਲਟੈੱਸਟ ਦੌਰਾਨ ਵੈਕਸੀਨ ਬਾਰੇ ਸਵਾਲ ਉੱਠਣ ਲੱਗ ਪਏ ਹਨ। ਪਿੱਛੇ ਜਿਹੇ ਆਕਸਫੋਰਡ ਯੂਨੀਵਰਸਿਟੀ ਤੇ ਇਸ ਕੰਪਨੀ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਦੀ ਵੈਕਸੀਨ ਦੇ ਦੋ ਸ਼ਾਟ ਕੋਰੋਨਾ ਵਾਇਰਸ ਤੋਂ ਬਚਾਅ ਵਿੱਚ 90 ਫ਼ੀਸਦੀ ਅਸਰਦਾਰ ਰਹੇ ਹਨ।

## ਦਿੱਲੀ ਵਿੱਚ ਜੰਤਰ-ਮੰਤਰ ਵੱਲ ਜਾਂਦੇ ਪਰਮਿੰਦਰ ਸਿੰਘ ਢੀਂਡਸਾ ਤੇ ਸੁਖਪਾਲ ਖਹਿਰਾ ਗ੍ਰਿਫਤਾਰ

ਨਵੀਂ ਦਿੱਲੀ, 26 ਨਵੰਬਰ, (ਪੋਸਟ ਬਿਊਰੋ)- ਨਰਿੰਦਰ ਮੋਦੀ ਸਰਕਾਰ ਦੇ ਤਿੰਨ ਖੇਤੀ ਬਿੱਲਾਂ ਦੇ ਵਿਰੋਧ ਲਈ ਪੰਜਾਬ ਅਤੇ ਹਰਿਆਣਾ ਦੇ ਕਿਸਾਨਾਂ ਵਲੋਂ 26 ਨਵੰਬਰ ਨੂੰ ਦਿੱਲੀ ਨੂੰ ਕੂਚ ਦੌਰਾਨ ਕੁਝ ਕਿਸਾਨ ਅਤੇ ਆਗੂ ਓਥੇ ਜੰਤਰ-ਮੰਤਰ ਵਿਖੇ ਰੋਸ ਜਤਾਉਣ ਚੱਲ ਪਏ। ਇਸ ਦੌਰਾਨ ਸ਼੍ਰੋਮਣੀ ਅਕਾਲੀ ਦਲ ਡੈਮੋਕ੍ਰੇਟਿਕ ਦੇ ਆਗੂ ਪਰਮਿੰਦਰ ਸਿੰਘ ਢੀਂਡਸਾ ਅਤੇ ਆਮ ਆਦਮੀ ਪਾਰਟੀ ਦੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੂੰ ਦਿੱਲੀ ਪੁਲਸ ਨੇ ਗ੍ਰਿਫਤਾਰ ਕਰ ਲਿਆ।

ਵਰਨਣ ਯੋਗ ਹੈ ਕਿ ਦਿੱਲੀ ਚੱਲੋ ਅੰਦੋਲਨ ਲਈ ਜਾਂਦੇ ਹੋਏ ਕਿਸਾਨ ਜਥਿਆਂ ਦੀਆਂ ਬਹੁਤੀ ਝੜਪਾਂ ਹਰਿਆਣਾ ਦੇ ਨਾਕੇ ਲੰਘਣ ਵੇਲੇ ਸ਼ੰਭੂ ਅਤੇ ਬਹਿਮਣੀਵਾਲਾ ਨਾਕਿਆਂ ਉੱਤੇ ਹੋ ਗਈਆਂ ਸਨ, ਪਰ ਕੁਝ ਲੋਕ ਇਸ ਦੌਰਾਨ ਝਕਾਨੀ ਦੇ ਕੇ ਦਿੱਲੀ ਵਿੱਚ ਪਹੁੰਚ ਗਏ ਸਨ। ਇਨ੍ਹਾਂ ਨੇ ਜਦੋਂ ਜੰਤਰ-ਮੰਤਰ ਵੱਲ ਨੂੰ ਮਾਰਚ ਸ਼ੁਰੂ ਕੀਤਾ ਤਾਂ ਇਸ ਮੌਕੇ ਦਿੱਲੀ ਪੁਲਸ ਨੇ ਪੰਜਾਬ ਦੇ ਵਿਧਾਇਕਾਂ ਪਰਮਿੰਦਰ ਸਿੰਘ ਢੀਂਡਸਾ ਤੇ ਸੁਖਪਾਲ ਸਿੰਘ ਖਹਿਰਾ ਦੇ ਨਾਲ ਕਈ ਹੋਰ ਲੋਕਾਂ ਨੂੰ ਗ੍ਰਿਫਤਾਰ ਕਰ ਲਿਆ। ਬਾਅਦ ਵਿੱਚ ਖਬਰ ਹੈ ਕਿ ਉਨ੍ਹਾਂ ਨੂੰ ਸ਼ਾਮ ਨੂੰ ਛੱਡ ਦਿੱਤਾ ਗਿਆ। ਇਨ੍ਹਾਂ ਵਿੱਚ ਹੀ ਇੱਕ ਕਿਸਾਨ ਆਗੂ ਬਲਦੇਵ ਸਿੰਘ ਸਿਰਸਾ ਵੀ ਸ਼ਾਮਲ ਸਨ ਤੇ ਉਨ੍ਹਾਂ ਨੂੰ ਵੀ ਦਿੱਲੀ ਪੁਲਸ ਨੇ ਛੱਡ ਦਿੱਤਾ ਦੱਸਿਆ ਜਾਂਦਾ ਹੈ।

ਓਧਰ ਗਿੱਦੜਬਾਹਾ ਦੇ ਕਾਂਗਰਸ ਵਿਧਾਇਕ ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ ਅੱਜ ਹਰਿਆਣਾ ਦੀ ਪੁਲਸ ਵੱਲੋਂ ਪੰਜਾਬ-ਹਰਿਆਣਾ ਬਾਰਡਰ ਟੱਪਣ ਵੇਲੇ ਗ੍ਰਿਫਤਾਰ ਕਰ ਲਿਆ ਗਿਆ ਹੈ। ਰਾਜਾ ਵੜਿੰਗ ਦੀ ਗ੍ਰਿਫਤਾਰੀ ਫਤਿਹਾਬਾਦ ਜ਼ਿਲੇ ਦੇ ਰਤੀਆ ਥਾਣਾ ਦੀ ਹੱਦ ਵਿੱਚ ਕੀਤੀ ਗਈ ਹੈ।

## 'ਦਿੱਲੀ ਕੂਚ' ਦੇ ਮੁੱਦੇ ਤੋਂ ਪੰਜਾਬ ਤੇ ਹਰਿਆਣਾ ਦੇ ਮੁੱਖ ਮੰਤਰੀਆਂ ਵਿਚਾਲੇ ਦੂਸ਼ਣਬਾਜ਼ੀ



ਚੰਡੀਗੜ੍ਹ, 26 ਨਵੰਬਰ, (ਪੋਸਟ ਬਿਊਰੋ)- ਕਿਸਾਨਾਂ ਦੇ 26 ਨਵੰਬਰ ਦੇ 'ਦਿੱਲੀ ਕੂਚ' ਪ੍ਰੋਗਰਾਮ ਨੇ ਦੋਂਹ ਰਾਜਾਂ ਪੰਜਾਬ ਅਤੇ ਹਰਿਆਣਾ ਦੀਆ ਸਰਕਾਰਾਂ ਦੀਆਂ ਗਿਣਤੀਆਂ-ਮਿਣਤੀਆਂ ਵਿਗਾੜ ਦਿਤੀਆਂ ਅਤੇ ਇਸ ਮੁੱਦੇ ਕਾਰਨ ਇਨ੍ਹਾਂ ਦੋਵਾਂ ਰਾਜਾਂ ਦੇ ਮੁੱਖ ਮੰਤਰੀ ਅੱਜ ਇੱਕ ਦੂਸਰੇ ਵਿਰੁੱਧ ਦੂਸ਼ਣਬਾਜ਼ੀ ਕਰਦੇ ਨਜ਼ਰ ਆਏ।

ਹਰਿਆਣਾ ਸਰਕਾਰ ਦੇ ਹੁਕਮ ਉੱਤੇ ਅੱਜ ਹਰਿਆਣਾ ਪੁਲਸ ਵਲੋਂ ਕਿਸਾਨਾਂ ਨੂੰ ਦਿੱਲੀ ਜਾਣ ਤੋਂ ਰੋਕਣ ਦੇ ਵਕਤ ਪੰਜਾਬ ਦੇ ਕਿਸਾਨਾਂ ਅਤੇ ਹਰਿਆਣਾ ਪੁਲਸ ਵਿਚਾਲੇ ਖਹਿਬਾਜ਼ੀ ਦੌਰਾਨ ਕੈਪਟਨ ਅਮਰਿੰਦਰ ਸਿੰਘ ਨੇ ਹਰਿਆਣਾ ਦੇ ਮੁੱਖ ਮੰਤਰੀ ਨੂੰ ਕਿਸਾਨਾਂ ਨੂੰ ਰਸਤਾ ਦੇਣ ਦੀ ਨਸੀਹਤ ਦੇ ਦਿਤੀ। ਇਸ ਦੇ ਜਵਾਬ ਵਿਚ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਕੈਪਟਨ ਅਮਰਿੰਦਰ ਸਿੰਘ ਦੇ ਵਿਰੁੱਧ ਕੌੜੀਆਂ ਟਿਪਣੀਆਂ ਕਰ ਦਿੱਤੀਆਂ ਹਨ।ਕੈਪਟਨ ਅਮਰਿੰਦਰ ਸਿੰਘ ਦੇ ਪਹਿਲੇ ਟਵੀਟ ਦੇ ਜਵਾਬ ਵਿਚ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਕਿਹਾ ਕਿ ਜੇ ਕਿਸਾਨਾਂ ਨੂੰ ਘੱਟੋ-ਘੱਟ ਖਰੀਦ ਕੀਮਤ (ਐੱਮਐੱਸਪੀ) ਦੇ ਸਬੰਧ ਵਿਚ ਕੋਈ ਮੁਸ਼ਕਲ ਪੇਸ਼ ਆਈ ਤਾਂ ਉਹ ਰਾਜਨੀਤੀ ਛੱਡ ਦੇਣਗੇ। ਉਨ੍ਹਾਂ ਨੇ ਟਵੀਟਸ ਦੀ ਇਕ ਲੜੀ ਵਿੱਚ ਕੈਪਟਨ ਅਮਰਿੰਦਰ ਸਿੰਘ ਨੂੰ ਕਿਹਾ, 'ਕੈਪਟਨ ਜੀ, ਮੈਂ ਪਹਿਲਾਂ ਵੀ ਇਹ ਕਹਿ ਚੁੱਕਾ ਹਾਂ ਤੇ ਫਿਰ ਕਹਿ ਰਿਹਾ ਹਾਂ, ਐੱਮਐੱਸਪੀ ਬਾਰੇ ਜੇ ਕਿਸਾਨਾਂ ਨੂੰ ਕੋਈ ਵੀ ਮੁਸ਼ਕਲ ਆਉਂਦੀ ਹੈ ਤਾਂ ਮੈਂ ਰਾਜਨੀਤੀ ਛੱਡ ਦੇਵਾਂਗਾ। ਇਸ ਲਈ ਬੇਦੋਸ਼ੇ ਕਿਸਾਨਾਂ ਨੂੰ ਭੜਕਾਉਣਾ ਬੰਦ ਕਰੋ।' ਉਨ੍ਹਾ ਨੇ ਕਿਹਾ, "ਮੈਂ ਪਿਛਲੇ 3 ਦਿਨਾਂ ਤੋਂ ਤੁਹਾਡੇ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕਰ ਰਿਹਾ ਹਾਂ, ਪਰ ਅਫ਼ਸੋਸ ਦੀ ਗੱਲ ਹੈ ਕਿ ਤੁਸੀਂ ਸੰਪਰਕ ਕਰਨ ਦਾ ਫ਼ੈਸਲਾ ਨਹੀਂ ਕੀਤਾ। ਕੀ ਇਹ ਕਿਸਾਨ ਮਸਲਿਆਂ ਪ੍ਰਤੀ ਤੁਹਾਡੀ ਗੰਭੀਰਤਾ ਨਹੀਂ ਦਰਸਾਉਂਦਾ? ਤੁਸੀਂ ਸਿਰਫ ਟਵੀਟ ਕਰਦੇ ਹੋ ਤੇ ਗੱਲਬਾਤ ਤੋਂ ਭੱਜਦੇ ਹੋ। ਤੁਸੀਂਏਦਾਂ ਕਿਉਂ ਕਰਦੇ ਹੋ?' ਖੱਟਰ ਨੇ ਕਿਹਾ, "ਤੁਹਾਡੇ ਝੂਠ, ਧੋਖੇ ਤੇ ਪ੍ਰਚਾਰ ਦਾ ਸਮਾਂ ਖ਼ਤਮ ਹੋ ਗਿਆ ਹੈ। ਸਮਾਂ ਆ ਗਿਆ ਹੈ ਕਿ ਲੋਕ ਤੁਹਾਡਾ ਅਸਲ ਚਿਹਰਾ ਦੇਖਣ। ਕ੍ਰਿਪਾ ਕਰਕੇ ਕੋਰੋਨਾ ਮਹਾਂਮਾਰੀ ਦੇ ਦੌਰਾਨ ਲੋਕਾਂ ਦੀਆਂ ਜ਼ਿੰਦਗੀਆਂ ਨੂੰ ਖ਼ਤਰੇ ਵਿੱਚ ਪਾਉਣਾ ਬੰਦ ਕਰੋ।'

ਇਸ ਤੋਂ ਪਹਿਲਾਂ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਬੜੇ ਸ਼ਾਂਤਮਈ ਢੰਗ ਨਾਲ ਦਿੱਲੀ ਜਾਂਦੇ ਕਿਸਾਨਾਂ ਨੂੰ ਰੋਕਣ ਦੀ ਹਰਿਆਣਾ ਸਰਕਾਰ ਦੀ ਕਾਰਵਾਈ ਨੂੰ ਗੈਰ-ਸੰਵਿਧਾਨਕ ਕਰਾਰ ਦਿਤਾ ਸੀ। ਕੈਪਟਨ ਅਮਰਿੰਦਰ ਸਿੰਘ ਦੇ ਮੀਡੀਆ ਸਲਾਹਕਾਰ ਰਵੀਨ ਠੁਕਰਾਲ ਨੇ ਮੁੱਖ ਮੰਤਰੀ ਦੇ ਹਵਾਲੇ ਨਾਲ ਕੀਤੇ ਗਏ ਇੱਕ ਟਵੀਟ ਵਿੱਚਲਿਖਿਆ ਸੀ ਕਿ 'ਹਰਿਆਣਾ ਦੀ ਮਨੋਹਰ ਲਾਲ ਖੱਟਰ ਸਰਕਾਰ ਕਿਸਾਨਾਂ ਨੂੰ ਦਿੱਲੀ ਜਾਣ ਤੋਂ ਕਿਉਂ ਰੋਕ ਰਹੀ ਹੈ? ਸ਼ਾਂਤਮਈ ਢੰਗ ਨਾਲ ਪ੍ਰਦਰਸ਼ਨ ਕਰ ਰਹੇ ਕਿਸਾਨਾਂ ਦੇ ਵਿਰੁੱਧ ਜ਼ਾਲਮ ਤਾਕਤ ਦੀ ਜ਼ਾਲਮ ਵਰਤੋਂ ਪੂਰੀ ਤਰ੍ਹਾਂ ਗੈਰ ਸੰਵਿਧਾਨਕ ਤੇ ਗ਼ੈਰ-ਜਮਹੂਰੀ ਹੈ।' ਉਨ੍ਹਾਂ ਲਿਖਿਆ ਕਿ ਲਗਭਗ 2 ਮਹੀਨਿਆਂ ਤੋਂ ਕਿਸਾਨ ਪੰਜਾਬ ਵਿਚ ਸ਼ਾਂਤਮਈ ਢੰਗ ਨਾਲ ਰੋਸ ਪ੍ਰਦਰਸ਼ਨ ਕਰ ਰਹੇ ਹਨ। ਹਰਿਆਣਾ ਸਰਕਾਰ ਉਨ੍ਹਾਂ ਨੂੰ ਉਕਸਾ ਕਿਉਂ ਰਹੀ ਹੈ? ਕੀ ਕਿਸਾਨਾਂ ਨੂੰ ਅਧਿਕਾਰ ਨਹੀਂ ਕਿ ਉਹ ਪਬਲਿਕ ਹਾਈਵੇਅ ਤੋਂ ਸ਼ਾਂਤੀ ਨਾਲ ਲੰਘ ਸਕਣ? ਪੰਜਾਬ ਦੇ ਮੁੱਖ ਮੰਤਰੀ ਨੇ ਕਿਹਾ ਕਿ ਇਹ ਬੜੇ ਦੁੱਖ ਦੀ ਗੱਲ ਹੈ ਕਿ ਸੰਵਿਧਾਨ ਦਿਵਸ ਉੱਤੇ ਕਿਸਾਨਾਂ ਦੇ ਸੰਵਿਧਾਨਕ ਅਧਿਕਾਰ ਉੱਤੇਅੱਜ ਏਦਾਂ ਦੇ ਜ਼ੁਲਮ ਹੋ ਰਹੇ ਹਨ। ਉਨ੍ਹਾਂ ਮਨੋਹਰ ਲਾਲ ਖੱਟਰ ਨੂੰ ਅਪੀਲ ਕੀਤੀ ਕਿ ਕਿਸਾਨਾਂ ਨੂੰ ਦਿੱਲੀ ਜਾ ਕੇ ਸ਼ਾਂਤਮਈ ਢੰਗ ਨਾਲ ਅਪਣੀ ਅਵਾਜ਼ ਪੁਚਾਉਣ ਦਿਓ।

## ਕੇਂਦਰੀ ਖੇਤੀ ਮੰਤਰੀ ਨਰੇਂਦਰ ਤੋਮਰ ਵੱਲੋਂ ਕਿਸਾਨਾਂ ਨੂੰ ਅੰਦੋਲਨ ਦੇ ਬਜਾਏ ਗੱਲਬਾਤ ਦੀ ਅਪੀਲ



ਨਵੀਂ ਦਿੱਲੀ, 26 ਨਵੰਬਰ, (ਪੋਸਟ ਬਿਊਰੋ)- ਭਾਰਤ ਸਰਕਾਰ ਦੇ ਤਿੰਨ ਖੇਤੀ ਕਾਨੂੰਨਾਂ ਦੇ ਵਿਰੁੱਧ ਪ੍ਰਦਰਸ਼ਨ ਕਰ ਰਹੇ ਕਿਸਾਨਾਂ ਨੂੰ ਕੇਂਦਰੀ ਖੇਤੀਬਾੜੀ ਨਰੇਂਦਰ ਸਿੰਘ ਤੋਮਰ ਨੇ ਅਪੀਲ ਕੀਤੀ ਹੈ ਕਿ ਉਹ ਅੰਦੋਲਨ ਛੱਡਣ ਅਤੇ ਗੱਲਬਾਤ ਲਈ ਅੱਗੇ ਆਉਣ। ਉਨ੍ਹਾਂ ਨੇ 3 ਦਸੰਬਰ ਨੂੰ ਕਿਸਾਨਾਂ ਨੇਤਾਵਾਂ ਨੂੰ ਗੱਲਬਾਤ ਲਈ ਬੁਲਾਇਆ ਹੋਇਆ ਹੈ। ਉਨ੍ਹਾਂ ਨੇ ਕਿਹਾ ਕਿ ਭਾਰਤ ਦੀ ਨਰਿੰਦਰ ਮੋਦੀ ਸਰਕਾਰ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਲਈ ਵਚਨਬੱਧ ਹੈ।

ਖੇਤੀ ਮੰਤਰੀ ਨਰੇਂਦਰ ਸਿੰਘ ਤੋਮਰ ਨੇ ਕਿਹਾ ਕਿ ਭਾਰਤ ਸਰਕਾਰ ਦੇ ਨਵੇਂ ਬਣਾਏ ਕਾਨੂੰਨ ਆਉਣ ਵਾਲੇ ਜੀਵਨ ਵਿੱਚ ਕ੍ਰਾਂਤੀਕਾਰੀ ਤਬਦੀਲੀ ਲਿਆਉਣ ਵਾਲੇ ਹਨ। ਉਨ੍ਹਾਂ ਨੇ ਕਿਹਾ ਕਿ ਇਸ ਮੁੱਦੇ ਉੱਤੇ ਸਿਆਸਤ ਨਹੀਂ ਹੋਣੀ ਚਾਹੀਦੀ ਅਤੇ ਕਾਂਗਰਸ ਵਾਲਿਆਂ ਨੂੰ ਚਾਹੀਦਾ ਹੈ ਕਿ ਆਪਣੀਆਂ ਨੀਤੀਆਂ ਉੱਤੇ ਝਾਤ ਮਾਰਨ ਅਤੇ ਆਪਣੇ ਮੈਨੀਫੈਸਟੋ ਨੂੰ ਜਨਤਕ ਤੌਰ ਉੱਤੇ ਵਾਪਸ ਲੈ ਲੈਣ। ਉਨ੍ਹਾਂ ਕਿਹਾ ਕਿ ਇਸ ਮੁੱਦੇ ਨੂੰ ਗਲਤ ਹਵਾ ਦਿੱਤੀ ਜਾ ਰਹੀ ਹੈ, ਜਦੋਂ ਕਿ ਖੇਤੀ ਕਾਨੂੰਨ ਪੂਰੀ ਤਰ੍ਹਾਂ ਕਿਸਾਨਾਂ ਦੇ ਹਿੱਤ ਵਿੱਚਅਤੇ ਭਵਿੱਖ ਵਿੱਚ ਭਲਾ ਕਰਨ ਵਾਲੇ ਹਨ।


ਵਰਨਣ ਯੋਗ ਹੈ ਕਿ ਨਰਿੰਦਰ ਮੋਦੀ ਸਰਕਾਰ ਦੇ ਤਿੰਨ ਖੇਤੀ ਕਾਨੂੰਨਾਂ ਦੇ ਖ਼ਿਲਾਫ਼ ਪੰਜਾਬ-ਹਰਿਆਣਾ ਤੋਂ ਹਜ਼ਾਰਾਂ ਅੱਜ 26 ਨਵੰਬਰ ਨੂੰ ਹਜ਼ਾਰਾਂ ਕਿਸਾਨ ਦਿੱਲੀ ਵੱਲ ਕੂਚ ਕਰ ਰਹੇ ਸਨ। ਇਸ ਨੂੰ ਰੋਕਣ ਦੇ ਲਈ ਦਿੱਲੀ ਨਾਲ ਲੱਗਦੀਆਂ ਹਰਿਆਣਾ ਦੀਆਂ ਸਰਹੱਦਾਂ ਉੱਤੇ ਭਾਰੀ ਫੋਰਸ ਲਾਈ ਗਈ ਸੀ ਅਤੇ ਦਿੱਲੀ ਪੁਲਸ ਨੇ ਪ੍ਰਦਰਸ਼ਨ ਦੀ ਇਜਾਜ਼ਤ ਵੀ ਨਹੀਸੀ ਦਿੱਤੀ। ਇਸ ਹਾਲਤ ਨੂੰ ਵੇਖਦੇ ਹੋਏ ਪੁਲਸ ਨੂੰ ਸਾਫ ਹੁਕਮ ਦਿੱਤਾ ਗਿਆ ਹੈ ਕਿ ਕਿਸਾਨਾਂ ਨੂੰ ਦਿੱਲੀ ਵਿੱਚ ਦਾਖ਼ਲ ਨਾ ਹੋਣ ਦਿੱਤਾ ਜਾਵੇ। ਦਿੱਲੀ ਪੁਲਸ ਨੇ ਕਹਿ ਦਿੱਤਾ ਹੈ ਕਿ ਦੂਜੇ ਰਾਜਾਂ ਤੋਂ ਦਿੱਲੀ ਵਿੱਚ ਆਏ ਤਾਂ ਕਿਸਾਨਾਂ ਅਤੇ ਉਨ੍ਹਾਂ ਦੇ ਹੋਰ ਸਮੱਰਥਕਾਂ ਦੇ ਖ਼ਿਲਾਫ਼ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

## 'ਸਿੱਧੂ ਨੂੰ ਮਿਲ ਕੇ ਖੁਸ਼ੀ ਹੋਈ, ਹੋਰ ਬੈਠਕਾਂ ਦੀ ਵੀ ਆਸ ਹੈ': ਕੈਪਟਨ ਅਮਰਿੰਦਰ

ਚੰਡੀਗੜ੍ਹ, 26 ਨਵੰਬਰ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਉਮੀਦ ਪ੍ਰਗਟਾਈ ਹੈ ਕਿ ਉਹ ਅਤੇ ਨਵਜੋਤ ਸਿੰਘ ਸਿੱਧੂ ਕੱਲ੍ਹ ਦੀ ਮੀਟਿੰਗ ਵਾਂਗ ਅਜਿਹੀਆਂ ਹੋਰ ਮੀਟਿੰਗਾਂ ਵੀ ਕਰਨਗੇ।

ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਬੁੱਧਵਾਰ ਦੁਪਹਿਰ ਦੇ ਖਾਣੇ ਉਤੇ ਇਕ ਘੰਟਾ ਹੋਈ ਮੀਟਿੰਗ ਦੌਰਾਨ ਦੋਵੇਂ ਜਣੇ ਖੁਸ਼ੀ ਦੇ ਰੌਂਅ ਵਿੱਚ ਸਨ ਤੇ ਇਹ ਮੀਟਿੰਗ ਉਨਾਂ ਨੇ ਨਵਜੋਤ ਸਿੰਘ ਸਿੱਧੂ ਵੱਲੋਂ ਉਨਾਂ ਨਾਲ ਮਿਲਣ ਦੀ ਦਿਲਚਸਪੀ ਜ਼ਾਹਰ ਕਰਨ ਤੋਂ ਬਾਅਦ ਸੱਦੀ ਸੀ। ਉਨਾਂ ਕਿਹਾ, 'ਮੈਂ ਇਸ ਬੈਠਕਤੋਂ ਸੰਤੁਸ਼ਟ ਖੁਸ਼ ਸੀ ਅਤੇ ਇਸੇ ਤਰਾਂ ਸਿੱਧੂ ਵੀ ਖੁਸ਼ ਸੀ। ਉਸ ਵੇਲੇ-ਦੋਵਾਂ ਵਿਚਾਲੇ ਹੋਏ ਗੰਭੀਰ ਵਿਚਾਰ ਵਟਾਂਦਰੇ ਬਾਰੇ ਮੀਡੀਆ ਵੱਲੋਂ ਲਾਈਆਂ ਜਾਂਦੀਆਂ ਅਟਕਲਾਂ ਨੂੰ ਰੱਦ ਕਰ ਕੇ ਮੁੱਖ ਮੰਤਰੀ ਨੇ ਕਿਹਾ, 'ਅਸੀਂ ਇਸ ਮੌਕੇ ਪੰਜਾਬ, ਭਾਰਤ ਜਾਂ ਵਿਸ਼ਵ ਬਾਰੇ ਕੋਈ ਯੋਜਨਾ ਨਹੀਂ ਬਣਾਈ।' ਉਨ੍ਹਾਂ ਕਿਹਾ, 'ਅਸੀਂ ਸਿਰਫ ਕੁਝ ਸਾਧਾਰਨ ਗੱਲਾਂ ਕੀਤੀਆਂ, ਜਿਸ ਵਿੱਚ ਸਿੱਧੂ ਨੇ ਆਪਣੇ ਕ੍ਰਿਕਟ ਬਾਰੇ ਬਹੁਤ ਸਾਰੇ ਤਜ਼ਰਬੇ ਸਾਂਝੇ ਕੀਤੇ।'ਮੁੱਖ ਮੰਤਰੀ ਨੇ ਕਿਹਾ ਕਿ ਦੁੱਖ ਦੀ ਗੱਲ ਹੈ ਕਿ ਮੀਡੀਆ ਰਾਈ ਦਾ ਪਹਾੜ ਬਣਾ ਦਿੰਦਾ ਹੈ। ਇਸ ਲੰਚ-ਮੀਟਿੰਗ ਦੀ ਮੁੱਖ ਮੰਤਰੀ ਵੱਲੋਂ ਮੇਜ਼ਬਾਨੀ ਕਰਨ ਉੱਤੇਬਾਦਲ ਅਕਾਲੀ ਦਲ ਦੀ ਟਿੱਪਣੀਬਾਰੇਉਨ੍ਹਾ ਕਿਹਾ ਕਿ ਦੁਪਹਿਰ ਦੇ ਖਾਣੇ ਉਤੇ ਉਨਾਂ ਦੇ ਸਾਬਕਾ ਕੈਬਨਿਟ ਸਾਥੀ ਨੇ ਉਬਲੀਆਂ ਸਬਜ਼ੀਆਂ ਖਾਧੀਆਂ ਅਤੇ ਉਨਾਂ ਨੇ ਖੁਦ ਦਹੀਂ ਨਾਲ ਮਿੱਸੀ ਰੋਟੀ ਖਾਧੀ ਹੈ। ਉਨਾਂ ਟਿੱਪਣੀ ਕੀਤੀ, 'ਕੀ ਇਹ ਅਕਾਲੀਆਂ ਨੂੰ ਦਾਅਵਤ ਵਰਗਾ ਲੱਗਦਾ ਹੈ?'

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety Our Priority

JF Insurance Agency Group Inc.

Specialized in Hospital and Medical Insurance for Visitors, Canadian Travellers and International Students since 1992


Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7

ukttc UK TRUCK TRAINING CENTRE PCC #179958
Registered as a Private Careers College

ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge



Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ

Forklift Training
Forklift $79 Recertification




ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs

20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ

7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936

# ਸੰਪਾਦਕੀ

## ਕੀ ਇੰਮੀਗਰੇਸ਼ਨ ਕੁਰੱਪਸ਼ਨ ਨੂੰ ਰੋਕ ਸਕੇਗਾ ਨਵਾਂ ਕਾਲਜ ?

ਫੈਡਰਲ ਇੰਮੀਗਰੇਸ਼ਨ ਮੰਤਰੀ ਮਾਰਕੋ ਮੈਂਡੀਸੀਨੋ ਨੇ ਕੱਲ ਐਲਾਨ ਕੀਤਾ ਕਿ ਕਾਲਜ ਆਫ ਇੰਮੀਗਰੇਸ਼ਨ ਅਤੇ ਸਿਟੀਜ਼ਨਸ਼ਿੱਪ ਕਨਸਲਟੈਂਟ ਐਕਟ ਹੋਂਦ ਵਿੱਚ ਲਿਆਂਦਾ ਜਾ ਚੁੱਕਾ ਹੈ ਜਿਸ ਬਦੌਲਤ ਇੱਕ ਅਜਿਹਾ ਫਰੇਮਵਰਕ ਖੜਾ ਕੀਤਾ ਜਾਵੇਗਾ ਜੋ ਇੰਮੀਗਰੇਸ਼ਨ ਕਨਸਲਟੈਂਟਾਂ (ਸਲਾਹਕਾਰਾਂ) ਦੇ ਕੰਮਕਾਜ ਨੂੰ ਰੈਗੁਲੇਟ ਕਰੇਗਾ। ਇਸ ਕਾਲਜ ਦੇ 2021 ਵਿੱਚ ਹੋਂਦ ਵਿੱਚ ਆਉਣ ਦੀ ਸੰਭਾਵਨਾ ਹੈ। ਵਰਨਣਯੋਗ ਹੈ ਕਿ ਨਵਾਂ ਕਾਲਜ ਇੰਮੀਗਰੇਸ਼ਨ ਸਲਾਹਕਾਰਾਂ ਨੂੰ ਸਿਖਲਾਈ ਨਹੀਂ ਦੇਵੇਗਾ ਸਗੋਂ ਉਹਨਾਂ ਦੇ ਪੇਸ਼ੇ ਨੂੰ ਨਿਯੰਤਰਣ ਕਰੇਗਾ। ਸਿਖਲਾਈ ਦੇਣ ਦਾ ਕੰਮਕਾਜ ਕੁਈਨ ਯੂਨੀਵਰਸਿਟੀ ਨੂੰ ਦਿੱਤਾ ਗਿਆ ਹੈ ਜਿਸਨੇ ਇੰਮੀਗਰੇਸ਼ਨ ਸਲਾਹਕਾਰ ਬਣਨ ਦੇ ਚਾਹਵਾਨਾਂ ਲਈ ਦੋ ਸਾਲ ਦਾ ਕੋਰਸ ਇਸ ਸਾਲ ਅਗਸਤ ਤੋਂ ਆਰੰਭ ਕੀਤਾ ਹੈ। ਹੁਣ ਕੋਈ ਹੋਰ ਸਕੂਲ ਜਾਂ ਕਾਲਜ ਇੰਮੀਗਰੇਸ਼ਨ ਸਲਾਹਕਾਰਾਂ ਨੂੰ ਡਿਪਲੋਮਾ ਕਰਵਾਉਣ ਦੀ ਸਿਖਲਾਈ ਨਹੀਂ ਦੇ ਸਕਦਾ। ਵਰਤਮਾਨ ਵਿੱਚ ਇੰਮੀਗਰੇਸ਼ਨ ਸਲਾਹਕਾਰਾਂ ਦੇ ਪੇਸ਼ੇ ਨੂੰ ਇੰਮੀਗਰੇਸ਼ਨ ਕਨਸਲਟੈਂਟਸ ਆਫ ਕੈਨੇਡਾ ਰੈਗੁਲੇਟੋਰੀ ਕਾਉਂਸਲ (ICCRC) ਨਿਯੰਤਰਣ ਕਰਦੀ ਆ ਰਹੀ ਹੈ ਪਰ ਇਸ ਕਾਉਂਸਲ ਦਾ ਅਧਿਕਾਰ ਖੇਤਰ ਸਿਰਫ਼ ਰਜਿਸਟਰਡ ਸਲਾਹਕਾਰਾਂ ਉੱਤੇ ਨਿਗਰਾਨੀ ਰੱਖਣ ਦਾ ਹੈ। ਜੋ ਗੈਰ ਰਜਿਸਟਰਡ ਅਤੇ ਗੈਰ ਸਿਖਲਾਈਯੁਕਤ ਸਲਾਹਕਾਰਾਂ ਨੂੰ ਕਿਸੇ ਕਿਸਮ ਦੀ ਸਜ਼ਾ ਦੇਣ ਦਾ ਅਧਿਕਾਰ ਕਿਸੇ ਸੰਸਥਾ ਕੋਲ ਨਹੀਂ ਸੀ। ਨਵੇਂ ਕਾਲਜ ਕੋਲ ਗੈਰ ਰਜਿਸਟਰਡ ਸਲਾਹਕਾਰਾਂ ਪਿੱਛੇ ਪੈਣ ਦੇ ਅਧਿਕਾਰ ਹੋਣਗੇ।

ਇਸ ਨਵੇਂ ਕਾਲਜ ਨੂੰ ਸਥਾਪਿਤ ਕਰਨ ਅਤੇ ਉਸਦੇ ਕੰਮਕਾਜ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ 2019 ਦੇ ਬੱਜਟ ਵਿੱਚ ਸਰਕਾਰ ਨੇ ਅਗਲੇ ਦਸ ਸਾਲਾਂ ਵਿੱਚ ਖਰਚਣ ਲਈ 100 ਮਿਲੀਅਨ ਡਾਲਰ ਰਾਖਵੇਂ ਰੱਖੇ ਸਨ ਅਤੇ ਇਹ ਵੀ ਯਕੀਨੀ ਬਣਾਇਆ ਸੀ ਕਿ ਉਸਤੋਂ ਬਾਅਦ ਹਰ ਸਾਲ ਕਾਲਜ ਨੂੰ ਸਰਕਾਰ 10 ਮਿਲੀਅਨ ਡਾਲਰ ਦੇਵੇਗੀ। ਇੰਮੀਗਰੇਸ਼ਨ ਸਲਾਹਕਾਰਾਂ ਦੁਆਰਾ ਆਮ ਪਬਲਿਕ ਖਾਸਕਰਕੇ ਨਵੇਂ ਪਰਵਾਸੀਆਂ ਅਤੇ ਰਿਫਿਊਜੀਆਂ ਨਾਲ ਠੱਗੀ ਕਰਨ ਦੀਆਂ ਕੋਈ ਇੱਕਾ ਦੁੱਕਾ ਮਿਸਾਲਾਂ ਨਹੀਂ ਹਨ ਅਤੇ ਨਾ ਹੀ ਇਹ ਕੋਈ ਲੁਕਿਆ ਛਿਪਿਆ ਤੱਥ ਹੈ। ਇੰਮੀਗਰੇਸ਼ਨ ਵਕੀਲਾਂ ਦਾ ਇੱਕ ਵੱਡਾ ਵਰਗ ਇੰਮੀਗਰੇਸ਼ਨ ਸਲਾਹਕਾਰਾਂ ਦੇ ਕੰਮ ਕਰਨ ਦੀ ਯੋਗਤਾ ਨੂੰ ਸਹੀ ਨਹੀਂ ਮੰਨਦਾ। ਇਹਨਾਂ ਵਿੱਚ ਭਾਰਤੀ ਮੂਲ ਦਾ ਵਕੀਲ ਰਵੀ ਜੈਨ ਵਿਸ਼ੇਸ਼ ਕਰਕੇ ਮਸ਼ਹੂਰ ਹੈ ਜੋ ਕੈਨੇਡੀਅਨ ਬਾਰ ਕਾਉਂਸਲ ਦੀ ਇੰਮੀਗਰੇਸ਼ਨ ਬਰਾਂਚ ਦਾ ਮੁਖੀ ਵੀ ਹੈ। ਰਵੀ ਜੈਨ ਦਾ ਤਰਕ ਹੈ ਕਿ ਬਹੁ ਗਿਣਤੀ ਵਿੱਚ ਇੰਮੀਗਰੇਸ਼ਨ ਨਾਲ ਸਬੰਧਿਤ ਫਰਾਡ ਸਲਾਹਕਾਰਾਂ ਵੱਲੋਂ ਕੀਤੇ ਜਾਂਦੇ ਹਨ ਕਿਉਂਕਿ ਉਹਨਾਂ ਕੋਲ ਸਹੀ ਯੋਗਤਾ ਨਹੀਂ ਹੁੰਦੀ। ਰਵੀ ਜੈਨ ਵਰਗੇ ਵਕੀਲਾਂ ਦਾ ਇਹ ਤਰਕ ਕਿਸੇ ਹੱਦ ਤੱਕ ਦਰੁਸਤ ਨਹੀਂ ਹੈ ਕਿਉਂਕਿ ਇਮਾਨਦਾਰੀ ਅਤੇ ਯੋਗਤਾ ਦੋਵੇਂ ਵੱਖਰੀਆਂ ਚੀਜ਼ਾਂ ਹਨ। ਕੀ ਕੁਰ-ਪੱਟ ਅਤੇ ਨਲਾਇਕ ਵਕੀਲਾਂ ਦੀ ਕਮੀ ਪਾਈ ਜਾਂਦੀ ਹੈ? ਸੋ ਮੁੱਖ ਮੁੱਦਾ ਯੁਗਤਾ ਦੇ ਆਧਾਰ ਉੱਤੇ ਇਮਾਨਦਾਰੀ ਨਾਲ ਸੇਵਾਵਾਂ ਦੇਣਾ ਹੋਣਾ ਚਾਹੀਦਾ ਹੈ।

ਕੈਨੇਡਾ ਦੀ ਵੱਸੋਂ ਵਿੱਚ 76% ਇਜਾਫਾ ਨਵੇਂ ਇੰਮੀਗਰਾਂਟਾਂ ਦੇ ਆਉਣ ਨਾਲ ਹੁੰਦਾ ਹੈ ਅਤੇ ਅਗਲੇ ਸਾਲ ਸਰਕਾਰ ਵੱਲੋਂ ਚਾਰ ਲੱਖ ਇੰਮੀਗਰਾਂਟਾਂ ਨੂੰ ਲਿਆਉਣ ਦਾ ਟੀਚਾ ਰੱਖਿਆ ਗਿਆ ਹੈ। ਇਸਤੋਂ ਪਹਿਲਾਂ ਹਰ ਸਾਲ ਦਾ ਟੀਚਾ ਤਕਰੀਬਨ ਸਾਢੇ ਤਿੰਨ ਲੱਖ ਰਿਹਾ ਹੈ। ਬੇਸ਼ੱਕ ਐਨੀ ਵੱਡੀ ਤਾਦਾਤ ਵਿੱਚ ਨਵੇਂ ਪਰਵਾਸੀ ਆਉਂਦੇ ਹਨ ਪਰ ਇੰਮੀਗਰੇਸ਼ਨ ਪ੍ਰੋਫੈਸ਼ਨ ਦਾ ਦਾਇਰਾ ਇਹਨਾਂ ਨੰਬਰਾਂ ਤੋਂ ਕਿਤੇ ਵੱਡਾ ਹੈ ਕਿਉਂਕਿ ਇਸ ਵਿੱਚ ਹਰ ਸਾਲ ਲੱਖਾਂ ਦੀ ਗਿਣਤੀ ਵਿੱਚ ਆਉਣ ਵਾਲੇ ਟੈਂਪਰੇਰੀ ਵਰਕਰ, ਅੰਤਰਰਾਸ਼ਟਰੀ ਵਿੱਦਿਆਰਥੀ ਵੀ ਸ਼ਾਮਲ ਹਨ।

ਜਿਸ ਸਮੱਸਿਆ ਨੂੰ ਦੂਰ ਕਰਨ ਲਈ ਨਵੇਂ ਕਾਲਜ ਦੀ ਸਥਾਪਨਾ ਕੀਤੀ ਗਈ ਹੈ, ਉਸਦਾ ਮੂਲ ਇੰਮੀਗਰੇਸ਼ਨ ਸਲਾਹਕਾਰਾਂ ਦੇ ਪੇਸ਼ੇ ਨੂੰ ਨਿਯੰਤਰਣ ਕਰਨ ਦੇ ਯਤਨਾਂ ਨਾਲ ਜੁੜਿਆ ਹੋਇਆ ਹੈ। 2001 ਵਿੱਚ ਲਾਅ ਸੁਸਾਇਟੀ ਆਫ ਬ੍ਰਿਟਿਸ਼ ਕੋਲੰਬੀਆ ਨੇ ਇੰਮੀਗਰੇਸ਼ਨ ਸਲਾਹਕਾਰ ਜਸਵੰਤ ਸਿੰਘ ਮਾਂਗਟ (ਅੱਜ ਕੱਲ ਮਿਸੀਸਾਗਾ ਵਿੱਚ ਵਕੀਲ) ਵਿਰੁੱਧ ਮੁੱਕਦਮਾ ਕੀਤਾ ਸੀ। ਲਾਅ ਸੁਸਾਇਟੀ ਨੇ ਦਾਅਵਾ ਕੀਤਾ ਸੀ ਕਿ ਸ੍ਰੀ ਮਾਂਗਟ ਨੂੰ ਬਿਨਾ ਕਾਨੂੰਨੀ ਅਧਿਕਾਰ ਤੋਂ ਇੰਮੀਗਰੇਸ਼ਨ ਸੇਵਾਵਾਂ ਪ੍ਰਦਾਨ ਕਰਨ ਤੋਂ ਰੋਕਿਆ ਜਾਵੇ। ਆਪਣੇ ਇਤਿਹਾ-ਸਕ ਫੈਸਲੇ ਵਿੱਚ ਅਦਾਲਤ ਨੇ ਸ੍ਰੀ ਮਾਂਗਟ ਦੇ ਸਲਾਹਕਾਰ ਬਣੇ ਰਹਿਣ ਦੇ ਅਧਿਕਾਰ ਨੂੰ ਬਰਕਰਾਰ ਹੀ ਰੱਖਿਆ ਸੀ। ਉਸਤੋਂ ਬਾਅਦ ਇੰਮੀਗਰੇਸ਼ਨ ਸਲਾਹਕਾਰਾਂ ਦੇ ਪੇਸ਼ੇ ਵਿੱਚ ਦਾਖ਼ਲ ਹੋਣ ਵਾਲੇ ਲੋਕਾਂ ਵਿੱਚ ਬਹੁਤ ਤੇਜੀ ਆਈ ਅਤੇ ਸਮੇਂ ਦੇ ਨਾਲ ਕੁਰੱਪਸ਼ਨ ਦੀਆਂ ਰੀਤਾਂ ਨੇ ਜਨਮ ਲੈਣਾ ਆਰੰਭ ਕੀਤਾ ਜੋ ਕਿਸੇ ਹੱਦ ਤੱਕ ਕੋਹੜ ਦਾ ਰੂਪ ਧਾਰਨ ਕਰ ਚੁੱਕਾ ਹੈ। ਇਸ ਕੁਰੱਪਸ਼ਨ ਤੋਂ ਸੱਭ ਤੋਂ ਵੱਧ ਪੀੜਤ ਅੰਤਰਰਾਸ਼ਟਰੀ ਵਿੱਦਿਆਰਥੀ, ਕੇਅਰ ਗਿਵਰ ਭਾਵ ਨੈਨੀਆਂ (ਰੂਬੀ ਵਾਲਾ ਕੇਸ ਬਹੁਤ ਮਸ਼ਹੂਰ ਰਿਹਾ ਹੈ), ਟੈਂਪਰੇਰੀ ਫੌਰਨ ਵਰਕਰ ਅਤੇ ਰਿਫਿਊਜੀ ਬਣਦੇ ਆਏ ਹਨ।

ਕੀ ਨਵਾਂ ਕਾਲਜ ਇਸ ਸਮੱਸਿਆ ਦਾ ਹੱਲ ਕੱਢ ਸਕੇਗਾ, ਇਸ ਬਾਰੇ ਆਖਣਾ ਬਹੁਤ ਔਖਾ ਹੈ ਪਰ ਇੱਕ ਗੱਲ ਪੱਕੀ ਹੈ ਕਿ ਜਦੋਂ ਤੱਕ ਦੋਸ਼ੀਆਂ ਨੂੰ ਮਿਸਾਲੀ ਸਜ਼ਾਵਾਂ ਨਹੀਂ ਦਿੱਤੀਆਂ ਜਾਂਦੀਆਂ, ਉਸ ਵੇਲੇ ਕੋਈ ਕਾਲਜ ਜਾਂ ਕਾਉਂਸਲ ਕੁੱਝ ਖਾਸ ਨਹੀਂ ਕਰ ਸਕੇਗੀ।

## ਚੀਫ ਮੈਡੀਕਲ ਆਫੀਸਰ ਆਫ ਹੈਲਥ ਦਾ ਕਾਰਜਕਾਲ ਵਧਾਉਣ ਲਈ ਫੋਰਡ ਸਰਕਾਰ ਕਰ ਰਹੀ ਹੈ ਯਤਨ



ਓਨਟਾਰੀਓ, 26 ਨਵੰਬਰ (ਪੋਸਟ ਬਿਊਰੋ) : ਫੋਰਡ ਸਰਕਾਰ ਨਹੀਂ ਚਾਹੁੰਦੀ ਕਿ ਡਾ. ਡੇਵਿਡ ਵਿਲੀਅਮਜ਼ ਕਿਤੇ ਜਾਣ। ਸਗੋਂ ਸਰਕਾਰ ਚਾਹੁੰਦੀ ਹੈ ਕਿ ਉਹ ਓਨਟਾਰੀਓ ਦੇ ਚੀਫ ਮੈਡੀਕਲ ਆਫੀਸਰ ਆਫ ਹੈਲਥ ਬਣੇ ਰਹਿਣ। ਸੋਮਵਾਰ ਨੂੰ ਅਧਿਕਾਰੀਆਂ ਨੇ ਵਿਲੀਅਮਜ਼ ਦੇ ਕਾਰਜਕਾਲ ਵਿੱਚ ਵਾਧਾ ਕਰਨ ਲਈ ਮਤਾ ਪੇਸ਼ ਕੀਤਾ ਪਰ ਵਿਲੀਅਮਜ਼ ਨੂੰ ਸਤੰਬਰ ਤੱਕ ਇਸ ਅਹੁਦੇ ਉੱਤੇ ਰੱਖਣ ਲਈ ਸਰਬਸੰਮਤੀ ਨਹੀਂ ਬਣ ਸਕੀ। ਹੁਣ ਸਰਕਾਰ ਨੂੰ ਇਸ ਮੁੱਦੇ ਉੱਤੇ ਬਹਿਸ ਕਰਵਾਉਣੀ ਹੋਵੇਗੀ ਤੇ ਵਿਲੀਅਮਜ਼ ਦੇ ਕਾਰਜਕਾਲ ਵਿੱਚ ਵਾਧਾ ਕੀਤੇ ਜਾਣ ਤੋਂ ਪਹਿਲਾਂ ਵੋਟ ਕਰਵਾਉਣੀ ਹੋਵੇਗੀ। ਜ਼ਿਕਰਯੋਗ ਹੈ ਕਿ ਵਿਲੀਅਮ ਦਾ ਕਾਰਜਕਾਲ 16 ਫਰਵਰੀ, 2021 ਨੂੰ ਮੁੱਕਣ ਜਾ ਰਿਹਾ ਹੈ ਜਦੋਂ ਉਹ ਰਿਟਾ-ਇਰ ਹੋਣ ਦੀ ਯੋਜਨਾ ਬਣਾ ਰਹੇ ਹਨ। ਪ੍ਰੀਮੀਅਰ ਡੱਗ ਫੋਰਡ ਦਾ ਕਹਿਣਾ ਹੈ ਕਿ ਜਦੋਂ ਸਿਹਤ ਤੇ ਸੇਫਟੀ ਸਬੰਧੀ ਫੈਸਲੇ ਲੈਣ ਦੀ ਗੱਲ ਆਉਂਦੀ ਹੈ ਤਾਂ ਉਹ ਬਹੁਤ ਹੱਦ ਤੱਕ ਵਿਲੀਅਮਜ਼ ਦੀ ਸਲਾਹ ਉੱਤੇ ਹੀ ਨਿਰਭਰ ਕਰਦੇ ਹਨ। ਫੋਰਡ ਨੇ ਸੋਮਵਾਰ ਨੂੰ ਵੀ ਵਿਲੀਅਮਜ਼ ਦਾ ਪੱਖ ਪੂਰਦਿਆਂ ਆਖਿਆ ਕਿ ਉਨ੍ਹਾਂ ਨੂੰ ਉਨ੍ਹਾਂ ਉੱਤੇ ਪੂਰਾ ਭਰੋਸਾ ਹੈ।

## ਲੰਡਨ ਹਸਪਤਾਲ ਨੇ ਐਲਾਨੀ ਆਊਟਬ੍ਰੇਕ, ਕੋਵਿਡ-19 ਦੇ 41 ਕੇਸਾਂ ਦੀ ਕੀਤੀ ਪੁਸ਼ਟੀ




ਓਨਟਾਰੀਓ, 26 ਨਵੰਬਰ (ਪੋਸਟ ਬਿਊਰੋ) : ਲੰਡਨ, ਓਨਟਾਰੀਓ ਦੇ ਇੱਕ ਹਸਪਤਾਲ ਵੱਲੋਂ ਅਗਲੇ ਸੱਤ ਦਿਨਾਂ ਤੱਕ ਸਾਰੀਆਂ ਮੈਡੀਕਲ ਯੂਨਿਟਸ ਵਿੱਚ ਹਰ ਕਿਸਮ ਦੇ ਦਾਖਲੇ ਉੱਤੇ ਰੋਕ ਲਾਈ ਜਾ ਰਹੀ ਹੈ। ਹਸਪਤਾਲ ਦਾ ਕਹਿਣਾ ਹੈ ਕਿ ਕੋਵਿਡ-19 ਆਊਟਬ੍ਰੇਕ ਕਾਰਨ ਹੁਣ ਤੱਕ ਉਨ੍ਹਾਂ ਦੇ 41 ਮਰੀਜ਼ ਤੇ ਸਟਾਫ ਮੈਂਬਰ ਪ੍ਰਭਾਵਿਤ ਹੋ ਚੁੱਕੇ ਹਨ।

ਲੰਡਨ ਹੈਲਥ ਸਾਇੰਸਿਜ਼ ਸੈਂਟਰ, ਜੋ ਕਈ ਹਸਪਤਾਲ ਚਲਾਉਂਦਾ ਹੈ, ਨੇ ਸੱਭ ਤੋਂ ਪਹਿਲਾਂ 10 ਨਵੰਬਰ ਨੂੰ ਯੂਨੀਵਰਸਿਟੀ ਹੌਸਪਿਟਲ ਦੀ ਚੌਥੀ ਮੰਜ਼ਿਲ ਉੱਤੇ ਆਊਟਬ੍ਰੇਕ ਦਾ ਐਲਾਨ ਕੀਤਾ ਸੀ। ਪਰ ਹੁਣ ਕੋਵਿਡ-19 ਦੇ ਮਾਮਲੇ ਹਸਪਤਾਲ ਦੀਆਂ ਸਾਰੀਆਂ ਮੰਜ਼ਿਲਾਂ ਉੱਤੇ ਪਹੁੰਚ ਜਾਣ ਕਾਰਨ ਸਾਰੇ ਹਸਪਤਾਲ ਵਿੱਚ ਨਵੇਂ ਮਰੀਜ਼ਾਂ ਦੀ ਭਰਤੀ ਉੱਤੇ ਰੋਕ ਲਾ ਦਿੱਤੀ ਗਈ ਹੈ। ਮਿਡਲਸੈਕਸ ਲੰਡਨ ਹੈਲਥ ਯੂਨਿਟ ਦੇ ਮੈਡੀਕਲ ਆਫੀਸਰ ਆਫ ਹੈਲਥ ਡਾ. ਕ੍ਰਿਸ ਮੈਕੀ ਨੇ ਆਖਿਆ ਕਿ ਇਸ ਗੱਲ ਲਈ ਸਖ਼ਤ ਮਾਪਦੰਡ ਅਪਣਾਏ ਜਾ ਰਹੇ ਹਨ ਤਾਂ ਕਿ ਹੋਰ ਲੋਕ ਬਿਮਾਰ ਨਾ ਪੈਣ।

ਉਨ੍ਹਾਂ ਆਖਿਆ ਕਿ ਯੂਨੀਵਰਸਿਟੀ ਹੌਸਪਿਟਲ ਵਿੱਚ ਹਾਲਾਤ ਕਾਫੀ ਚੁਣੌਤੀ ਭਰੇ ਹਨ। ਉਨ੍ਹਾਂ ਆਖਿਆ ਕਿ ਇਸ ਤੋਂ ਸਾਨੂੰ ਇਹ ਸਮਝਣਾ ਚਾਹੀਦਾ ਹੈ ਕਿ ਜੇ ਅਸੀਂ ਮਾੜੀ ਜਿਹੀ ਵੀ ਢਿੱਲ ਵਰਤੀ ਤਾਂ ਕੋਵਿਡ ਕਦੇ ਵੀ ਤੇ ਕਿਤੇ ਵੀ ਅਕ੍ਰਾਮਕ ਰੂਪ ਲੈ ਸਕਦਾ ਹੈ। ਹੈਲਥ ਯੂਨਿਟ ਨੇ ਆਖਿਆ ਕਿ ਕੱਲ੍ਹ ਤੋਂ ਹੀ ਵਿਜ਼ੀਟਰਜ਼ ਤੇ ਸਾਂਭ ਸੰਭਾਲ ਕਰਨ ਲਈ ਨਿਰਧਾਰਤ ਪਾਰਟਨਰਜ਼ ਨੂੰ ਵੀ ਪ੍ਰਭਾਵਿਤ ਯੂਨਿਟਸ ਵਿੱਚ ਦਾਖਲ ਹੋਣ ਦੀ ਇਜਾਜ਼ਤ ਨਹੀਂ ਹੈ। ਇਸ ਤੋਂ ਇਲਾਵਾ ਸਾਰੇ ਮਰੀਜ਼ਾਂ ਤੇ ਸਟਾਫ ਦੀ ਟੈਸਟਿੰਗ ਦੀ ਸਿਫਾਰਿਸ਼ ਵੀ ਕੀਤੀ ਗਈ ਹੈ।

ਹੈਲਥ ਯੂਨਿਟ ਨੇ ਦੱਸਿਆ ਕਿ ਆਊਟਬ੍ਰੇਕ ਚੌਥੀ ਮੰਜ਼ਿਲ ਤੋਂ ਸ਼ੁਰੂ ਹੋਈ ਤੇ ਇਸ ਕਾਰਨ ਹਸਪਤਾਲ ਦੇ ਸਟਾਫ ਦੇ 16 ਮੈਂਬਰ ਤੇ ਮਰੀਜ਼ਾਂ ਵਿੱਚੋਂ 18 ਨੂੰ ਕੋਵਿਡ ਹੋਣ ਦੀ ਪੁਸ਼ਟੀ ਹੋਈ ਤੇ ਇਸ ਤੋਂ ਇਲਾਵਾ ਇਸ ਕਾਰਨ ਇੱਕ ਵਿਅਕਤੀ ਦੀ ਮੌਤ ਵੀ ਹੋਈ। ਇਸੇ ਹਸਪਤਾਲ ਦੀ ਇੱਕ ਹੋਰ ਮੰਜ਼ਿਲ ਉੱਤੇ ਦੂਜੀ ਆਊਟਬ੍ਰੇਕ ਵੀ ਦਰਜ ਕੀਤੀ ਗਈ ਤੇ ਇਸ ਦੌਰਾਨ ਛੇ ਮਾਮਲਿਆਂ ਦੀ ਪੁਸ਼ਟੀ ਹੋਈ।

## ਹਿੰਦੂ ਹੈਰੀਟੇਜ ਮੰਥ ਦੇ ਜਸ਼ਨਾਂ ਤਹਿਤ ਖਾਸ ਵਰਚੂਅਲ ਈਵੈਂਟ 29 ਨੂੰ

ਓਨਟਾਰੀਓ, 26 ਨਵੰਬਰ (ਪੋਸਟ ਬਿਊਰੋ) : ਹਿੰਦੂ ਹੈਰੀਟੇਜ ਮੰਥ ਦੇ ਜਸ਼ਨਾਂ ਤਹਿਤ ਕਈ ਇੰਡੋ ਕੈਨੇਡੀਅਨ ਆਰਗੇਨਾਈਜ਼ੇਸ਼ਨਜ਼, ਜਿਨ੍ਹਾਂ ਵਿੱਚ ਕੈਨੇਡਾ ਇੰਡੀਆ ਫਾਊਂਡੇਸ਼ਨ ਵੀ ਸ਼ਾਮਲ ਹੈ, 29 ਨਵੰਬਰ ਨੂੰ ਇੱਕ ਵੱਡਾ ਵਰਚੂਅਲ ਈਵੈਂਟ ਕਰਵਾਉਣ ਜਾ ਰਹੀਆਂ ਹਨ। ਇਸ ਦੌਰਾਨ ਹਿੰਦੂ ਵਿਰਸੇ ਨਾਲ ਜੁੜੇ ਅਹਿਮ ਪਹਿਲੂਆਂ ਉੱਤੇ ਚਾਨਣ ਪਾਇਆ ਜਾਵੇਗਾ। ਇਹ ਪ੍ਰੋਗਰਾਮ ਸਵੇਰੇ 9:30 ਵਜੇ ਸ਼ੁਰੂ ਹੋਵੇਗਾ। ਓਨਟਾਰੀਓ ਵਾਸੀਆਂ ਦੇ ਨਾਲ ਨਾਲ ਕੈਨੇਡਾ ਭਰ ਦੇ ਹੋਰਨਾਂ ਲੋਕਾਂ ਨੂੰ ਸਨਾਤਨ ਧਰਮ ਤੇ ਹੋਰ ਰਵਾਇਤਾਂ ਤੋਂ ਜਾਣੂ ਕਰਵਾਉਣ ਦਾ ਇਹ ਅਹਿਮ ਮੌਕਾ ਹੈ। ਇਸ ਦੌਰਾਨ ਹਿੰਦੂ ਧਰਮ ਦੇ ਵੇਦਾਂ, ਉਪਨਿਸ਼ਦਾਂ, ਰਮਾਇਣ ਤੇ ਮਹਾਂਭਾਰਤ ਵਰਗੇ ਗ੍ਰੰਥਾਂ ਦੇ ਨਾਲ ਨਾਲ ਇਨ੍ਹਾਂ ਦੇ ਤੱਤ ਸਾਰ ਤੋਂ ਅੱਜ ਦੀ ਪੀੜ੍ਹੀ ਨੂੰ ਜਾਣੂ ਕਰਵਾਇਆ ਜਾਵੇਗਾ। ਮਹਾਂਮਾਰੀ ਵਰਗੀ ਇਸ ਸੰਕਟ ਦੀ ਘੜੀ ਵਿੱਚ ਯੋਗਾ ਤੇ ਆਯੂਰਵੇਦ ਦੀ ਅਹਿਮੀਅਤ ਉੱਤੇ ਵੀ ਚਾਨਣਾ ਪਾਇਆ ਜਾਵੇਗਾ। ਇਸ ਮੌਕੇ ਓਨਟਾਰੀਓ ਵਿੱਚ ਹਿੰਦੂ ਹੈਰੀਟੇਜ ਮੰਥ ਦੇ ਜਸ਼ਨਾਂ ਨੂੰ ਸਾਂਝਾ ਕਰਨ ਲਈ ਯੋਗ ਰਿਸ਼ੀ ਬਾਬਾ ਰਾਮਦੇਵ ਆਨਲਾਈਨ ਆਪਣੇ ਵਿਚਾਰ ਸਾਰਿਆਂ ਨਾਲ ਸਾਂਝੇ ਕਰਨਗੇ। ਇਨ੍ਹਾਂ ਤੋਂ ਇਲਾਵਾ ਕਈ ਹੋਰ ਅਹਿਮ ਹਸਤੀਆਂ ਵੀ ਵਰਚੂਅਲ ਈਵੈਂਟ ਵਿੱਚ ਹਿੱਸਾ ਲੈਣਗੀਆਂ।

## ਡੌਨ ਮਿਲਜ਼ ਨੇੜੇ ਇੱਕ ਪੁਰਸ਼ ਤੇ ਮਹਿਲਾ ਦੀ ਭਾਲ ਕਰ ਰਹੀ ਹੈ ਪੁਲਿਸ

ਟੋਰਾਂਟੋ, 26 ਨਵੰਬਰ (ਪੋਸਟ ਬਿਊਰੋ) : ਡੌਨ ਮਿਲਜ਼ ਨੇੜੇ ਵਾਪਰੀ ਇੱਕ ਸ਼ੱਕੀ ਘਟਨਾ ਤੋਂ ਬਾਅਦ ਟੋਰਾਂਟੋ ਪੁਲਿਸ ਇੱਕ ਵਿਅਕਤੀ ਤੇ ਮਹਿਲਾ ਦੀ ਭਾਲ ਕਰ ਰਹੀ ਹੈ।

ਪੁਲਿਸ ਨੇ ਦੱਸਿਆ ਕਿ ਸੋਮਵਾਰ ਨੂੰ ਸ਼ਾਮੀਂ 4:30 ਵਜੇ ਉਨ੍ਹਾਂ ਨੂੰ ਡੌਨ ਮਿਲਜ਼ ਰੋਡ ਤੇ ਗ੍ਰੀਨ ਬੈਲਟ ਡਰਾਈਵ ਇਲਾਕੇ ਵਿੱਚ ਉਨ੍ਹਾਂ ਨੂੰ ਸੱਦਿਆ ਗਿਆ। ਇਹ ਪਤਾ ਲੱਗਿਆ ਕਿ ਚਿੱਟੇ ਰੰਗ ਦੀ ਮਰਸਡੀਜ਼ ਐਸਯੂਵੀ ਗ੍ਰੀਨ ਬੈਲਟ ਡਰਾਈਵ ਉੱਤੇ ਰੈੱਡ ਲਾਈਟ ਉੱਤੇ ਰੁਕੀ ਤੇ ਡਰਾਈਵਰ ਦੀ ਸੀਟ ਤੋਂ ਇੱਕ ਮਹਿਲਾ ਨੇ ਇੱਕ ਰਾਹਗੀਰ ਨੂੰ ਪੁਲਿਸ ਨੂੰ ਸੱਦਣ ਲਈ ਆਖਿਆ। ਇੱਕ ਹੋਰ ਵਿਅਕਤੀ ਪੈਸੈਂਜਰ ਸੀਟ ਉੱਤੇ ਵੀ ਬੈਠਾ ਸੀ।

ਫਿਰ ਐਸਯੂਵੀ ਡੌਨ ਮਿਲਜ਼ ਰੋਡ ਉੱਤੇ ਉੱਤਰ ਵੱਲ ਵਧਦੀ ਰਹੀ। ਅੰਸ਼ਕ ਲਾਇਸੰਸ ਪਲੇਟ, ਜੋ "ਸੀ" ਤੋਂ ਸ਼ੁਰੂ ਹੁੰਦੀ ਸੀ ਤੇ 639 ਉੱਤੇ ਖਤਮ ਹੁੰਦੀ ਸੀ, ਨੋਟ ਕੀਤੀ ਗਈ। ਪੁਲਿਸ ਉਸ ਮਹਿਲਾ ਤੇ ਵਿਅਕਤੀ ਨਾਲ ਗੱਲ ਕਰਨਾ ਚਾਹੁੰਦੀ ਹੈ ਕਿ ਉਹ ਸੇਫ ਵੀ ਹਨ।

ਹੋਟਲ ਵਿਚ ਕਲੀਨਿੰਗ ਦਾ ਕੰਮ ਕਰਨ ਲਈ ਇਕ ਔਰਤ ਦੀ ਜ਼ਰੂਰਤ
*ਵਧੀਆ ਘੰਟੇ
*15.50 ਡਾਲਰ ਪ੍ਰਤੀ ਘੰਟਾ ਰੇਟ
Locahon Kipling & Queensway (Etobicoke)
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ
416-816-1695

## ਛੁੱਟੀਆਂ ਵਿੱਚ ਇੱਕਠ ਕਰਨ ਬਾਰੇ ਦਿਸ਼ਾ ਨਿਰਦੇਸ਼ ਜਾਰੀ ਕਰ ਸਕਦੀ ਹੈ ਓਨਟਾਰੀਓ ਸਰਕਾਰ



ਓਨਟਾਰੀਓ, 26 ਨਵੰਬਰ (ਪੋਸਟ ਬਿਊਰੋ) : ਕੋਵਿਡ-19 ਮਹਾਂਮਾਰੀ ਦਰਮਿਆਨ ਸਰਦ ਰੁੱਤ ਦੀਆ ਛੁੱਟੀਆਂ ਵਿੱਚ ਲੋਕਾਂ ਨੂੰ ਇੱਕਠ ਕਰਨ ਦੀ ਇਜਾਜ਼ਤ ਹੋਵੇਗੀ ਜਾਂ ਨਹੀਂ ਇਸ ਬਾਰੇ ਦਿਸ਼ਾ ਨਿਰਦੇਸ਼ ਓਨਟਾਰੀਓ ਸਰਕਾਰ ਵੱਲੋਂ ਅੱਜ ਜਾਰੀ ਕੀਤੇ ਜਾਣ ਦੀ ਸੰਭਾਵਨਾ ਹੈ। ਪ੍ਰੋਵਿੰਸ ਦੇ ਨਵੇਂ ਪ੍ਰਬੰਧਾਂ ਤਹਿਤ ਟੋਰਾਂਟੋ ਤੇ ਪੀਲ ਰੀਜਨ ਵਿੱਚ ਮੁੜ ਲਾਕਡਾਊਨ ਲਾਇਆ ਗਿਆ ਹੈ। ਇਹ ਪਾਬੰਦੀਆਂ ਕ੍ਰਿਸਮਿਸ ਵਾਲੇ ਹਫਤੇ ਤੱਕ ਜਾਰੀ ਰਹਿਣਗੀਆਂ। ਲਾਕਡਾਊਨ ਤਹਿਤ ਪਬਲਿਕ ਹੈਲਥ ਮਾਪਦੰਡਾਂ ਵਿੱਚ ਇੰਡੋਰ ਇੱਕਠਾਂ ਉੱਤੇ ਪਾਬੰਦੀ ਹੁੰਦੀ ਹੈ ਅਤੇ ਸਾਰੇ ਰੈਸਟੋਰੈਂਟਸ ਵੀ ਬੰਦ ਕਰ ਦਿੱਤੇ ਜਾਂਦੇ ਹਨ ਸਿਰਫ ਉਨ੍ਹਾਂ ਤੋਂ ਟੇਕਆਊਟ ਤੇ ਡਲਿਵਰੀ ਹੀ ਹੋ ਸਕਦੀ ਹੈ।

ਇਸ ਹਫਤੇ ਦੇ ਸ਼ੁਰੂ ਵਿੱਚ ਪ੍ਰੋਵਿੰਸ ਦੇ ਉੱਘੇ ਡਾਕਟਰ ਨੇ ਆਖਿਆ ਸੀ ਕਿ ਅਗਲੇ 28 ਦਿਨਾਂ ਵਿੱਚ ਇਸ ਇਲਾਕੇ ਵਿੱਚ ਹਾਲਾਤ ਬਦਲਣ ਦੀ ਸੰਭਾਵਨਾ ਘੱਟ ਹੀ ਹੈ। ਇਸ ਲਈ ਇਨ੍ਹਾਂ ਨੂੰ ਲਾਕਡਾਊਨ ਤੋਂ ਇੱਕ ਪੱਧਰ ਘੱਟ ਰੈੱਡ ਜ਼ੋਨ ਵਿੱਚ ਸ਼ਾਇਦ ਹੀ ਲਿਆਂਦਾ ਜਾ ਸਕੇ। ਪੰਜ ਹੋਰ ਰੀਜਨ ਜਿਵੇਂ ਕਿ ਹੈਮਿਲਟਨ, ਦਰਹਾਮ, ਹਾਲਟਨ, ਯੌਰਕ ਤੇ ਵਾਟਰਲੂ ਇਸ ਸਮੇਂ ਰੈੱਡ ਜ਼ੋਨ ਵਿੱਚ ਹਨ। ਇਨ੍ਹਾਂ ਇਲਾਕਿਆਂ ਵਿੱਚ ਪੰਜ ਲੋਕਾਂ ਦੇ ਇੰਡੋਰ ਤੇ 25 ਲੋਕਾਂ ਦੇ ਆਊਟਡੋਰ ਇੱਕਠੇ ਹੋਣ ਦੀ ਇਜਾਜ਼ਤ ਹੈ।

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh; Angrej Singh |
| Office Admin | Priya Dhillon |
| Graphic Designer | Priya Dhillon |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permited in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਸੰਸਾਰ ਪ੍ਰਸਿੱਧ ਫੁੱਟਬਾਲਰ ਡਿਏਗੋ ਮੈਰਾਡੋਨਾ ਦਾ ਹਾਰਟ ਅਟੈਕ ਦੇ ਕਾਰਨ ਦੇਹਾਂਤ



ਬਿਊਨਰਸ ਆਇਰਸ, 26 ਨਵੰਬਰ, (ਪੋਸਟ ਬਿਊਰੋ)- ਅਜੋਕੇ ਸੰਸਾਰ ਦੇ ਮਹਾਨ ਫੁੱਟਬਾਲ ਖਿਡਾਰੀਆਂ ਵਿਚੋਂਗਿਣੇ ਜਾਂਦੇ ਡਿਏਗੋ ਮੈਰਾਡੋਨਾ (60 ਸਾਲ)ਦਾ ਅੱਜ ਬੁੱਧਵਾਰ ਨੂੰ ਦਿਲ ਦਾ ਦੌਰਾ ਪੈਣ ਨਾਲ ਦੇਹਾਂਤ ਹੋ ਗਿਆ। ਮੈਰਾਡੋਨਾ ਨੂੰ ਉਨ੍ਹਾਂ ਦੇ ਪਿਛਲੇ ਜਨਮ ਦਿਨ ਤੋਂ ਕੁਝ ਦਿਨ ਬਾਅਦ ਨਵੰਬਰ ਦੀ ਸ਼ੁਰੂਆਤ ਵਿਚ ਹਸਪਤਾਲ ਦਾਖ਼ਲ ਕਰਵਾਇਆ ਗਿਆ ਸੀ। ਇਸੇ ਮਹੀਨੇ ਉਨ੍ਹਾਂ ਦੇ ਦਿਮਾਗ ਦੀ ਸਰਜਰੀ ਹੋਈ ਸੀ ਅਤੇ ਦੋ ਕੁ ਹਫ਼ਤੇ ਪਹਿਲਾਂ ਹੀ ਉਨ੍ਹਾਂ ਨੂੰ ਹਸਪਤਾਲ ਤੋਂ ਛੁੱਟੀ ਦੇ ਦਿੱਤੀ ਗਈ ਸੀ। 'ਹੈਂਡ ਆਫ ਗਾਡ' ਦੇ ਨਾਂ ਨਾਲ ਮਸ਼ਹੂਰ ਮੈਰਾਡੋਨਾ ਦੇ ਦੇਹਾਂਤ ਉੱਤੇ ਦੁਨੀਆ ਦੇ ਦਿੱਗਜ ਖਿਡਾਰੀਆਂ ਅਤੇ ਆਗੂਆਂ ਨੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

ਦੁਨੀਆ ਭਰ ਦੇ ਮਹਾਨ ਫੁੱਟਬਾਲਰਾਂ ਵਿਚ ਸ਼ਾਮਲ ਡਿਏਗੋ ਮੈਰਾਡੋਨਾ ਦਾ 1986 ਵਿਚ ਅਰਜਨਟੀਨਾ ਨੂੰ ਵਿਸ਼ਵ ਚੈਂਪੀਅਨ ਬਣਾਉਣ ਵਿੱਚਵੱਡਾ ਯੋਗਦਾਨ ਸੀ। ਉਹ ਬੋਕਾ ਜੂਨੀਅਰਜ਼, ਨਾਪੋਲੀ ਅਤੇ ਬਾਰਸੀਲੋਨਾ ਲਈ ਕਲੱਬ ਫੁੱਟਬਾਲ ਵੀ ਖੇਡੇ ਸਨ। ਕ੍ਰਿਕਟ ਪਸੰਦ ਦੇਸ਼ ਹੋਣ ਦੇ ਬਾਵਜੂਦ ਭਾਰਤ ਵਿਚ ਵੀ ਉਨ੍ਹਾਂ ਦੇ ਚਾਹੁਣ ਵਾਲਿਆਂ ਦੀ ਗਿਣਤੀ ਕਰੋੜਾਂ ਦੀਹੈ। ਡਰੱਗਸ ਤੇ ਸ਼ਰਾਬ ਦੀ ਆਦਤ ਕਾਰਨ ਮੈਰਾਡੋਨਾ ਵਿਵਾਦਾਂ ਵਿਚ ਵੀ ਰਹੇ ਸਨ। ਕੁਝ ਦਿਨ ਪਹਿਲਾਂ ਉਸ ਦਾ ਕੋਰੋਨਾ ਟੈਸਟ ਹੋਇਆ ਤਾਂ ਰਿਪੋਰਟ ਨੈਗੇਟਿਵ ਆਈ ਸੀ, ਬਾਅਦ ਵਿੱਚ ਫਿਰ ਇਨਫੈਕਟਿਡ ਹੋ ਗਏ ਸਨ।

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀਜ਼ ਇਿਸਟ੍ਰਕਟਰ
647-998-7500 ਬਲਵਿੰਦਰ

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN GLASS AND WINDOW

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
AZ Tractor trailer program
Manual transmission & backup training everyday
We welcome welfare workers & compensation clients
Open Seven Days
Forklift Re-Certification Only $79.00/-
Karnail Singh
416.670.3173 | 905.799.7333
27 Edvac Dr, Brampton, ON L6S 5X8

PUNJABI RANG RADIO
CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

# ੴ ਸਤਿਗੁਰ ਪ੍ਰਸਾਦਿ॥ ਕਲਿ ਤਾਰਣ ਗੁਰੂ ਨਾਨਕ ਆਇਆ ॥



ਕਰਨੈਲ ਸਿੰਘ ਟੋਰਾਂਟੋ
416-746-7642



ਦੋਹਰਾ॥ ਤਿਨ ਬੇਦੀਯਨ ਕੀ ਕੁਲ ਬਿਖੇ ਪ੍ਰਗਟੇ ਨਾਨਕ ਰਾਇ॥
ਸਭ ਸਿੱਖਨ ਕੋ ਸੁਖ ਦਏ ਜਹ ਤਹ ਭਏ ਸਹਾਇ॥੪॥ (ਦਸਮ ਗ੍ਰੰਥ)

ਸੰਮਤ 1526 ਕੱਤਕ ਸੁਦੀ ਪੂਰਨਮਾਸ਼ੀ ਪਿਤਾ ਕਾਲੂ ਮਹਿਤਾ, ਮਾਤਾ ਤ੍ਰਿਪਤਾ, ਰਾਇ ਭੁਇ ਦੀ ਤਲਵੰਡੀ ਵਿਚ ਅਵਤਾਰ ਧਾਰਿਆ, ਸਤਿਗੁਰੂ ਨਾਨਕ ਦੇਵ ਜੀ ਮਹਾਰਾਜ ਨੇ।

ਤਥਾ: ਆਪਿ ਨਰਾਇਣੁ ਕਲਾਧਾਰਿ ਜਗ ਮਹਿ ਪਰਵਰਿਯਉ॥
(ਪੰਨਾ ੧੩੯੫)

ਜਿਸ ਵੇਲੇ ਧਰਤੀ ਤੇ ਪਾਪ ਕਰਮ ਅਤਿਆਚਾਰ ਵਧ ਜਾਂਦੇ ਹਨ ਤਾਂ ਆਪ ਹੀ ਪ੍ਰਭੂ ਅਵਤਾਰ ਧਾਰਦਾ ਹੈ।

ਚੋਪਈ॥ ਜਬ ਜਬ ਹੋਤ ਅਰਿਸ਼ਟ ਆਪਾਰਾ॥ ਤਬ ਤਬ ਦੇਹ ਧਰਤ ਅਵਤਾਰਾ॥
(ਦਸਮ ਗ੍ਰੰਥ, ਪੰਨਾ ੧੫੫)

ਤਥਾ: ਭਏ ਬੇਅਦਲੀ ਪਾਤਿਸਾਹ, ਕਲਿ ਕਾਤੀ ਉਮਰਾਵ ਕਾਸਾਈ॥

ਦੋਹਰਾ॥ ਭਯੋ ਭਾਰ ਧਰ ਪਰ ਅਧਿਕ, ਧਰਮ ਧਰਤਿ ਨਹੀਂ ਧੀਰ॥
ਭਾਉ ਭਗਤਿ ਨਹਿਂ ਜਗਤ ਮੇਂ, ਬਿਕਲ ਭਈ ਭਯ ਭੀਰ॥੧੫॥
(ਨਾਨਕ ਪ੍ਰਕਾਸ਼ ਪੂਰਬਾਰਧ ਧਿਆਏ ੩)

ਪਰਮ ਪਾਪ ਤੇ ਭੂਮ ਡਰਾਨੀ॥ ਡਗਮਗਾਤ ਬਿਧ ਤੀਰ ਸਿਧਾਨੀ॥੧॥
ਚੋਪਈ॥ ਬ੍ਰਹਮਾਂ ਗਯੋ ਛੀਰ ਨਿਧ ਜਹਾਂ॥ ਕਾਲ ਪੁਰਖ ਇਸਥਿਤ ਥੇ ਤਹਾਂ॥
(ਦਸਮ ਗ੍ਰੰਥ)

ਰਾਗ ਮਲਾਰ ਮ: ੩॥ ਕਲ ਮਲਿ ਹੋਈ ਮੇਦਨੀ ਅਰਦਾਸਿ ਕਰੇ ਲਿਵ ਲਾਇ॥
ਸਚੈ ਸੁਣਿਆ ਕੰਨੁ ਦੇ ਧੀਰਕ ਦੇਵੈ ਸਹਜਿ ਸੁਭਾਇ॥
(ਪੰਨਾ ੧੨੮੧)

ਭਾਵ: ਧਰਤੀ ਪਾਪਾਂ ਕਰਕੇ ਵਿਆਕੁਲ ਹੋਈ ਤਾਂ ਬ੍ਰਹਮਾ ਪਾਸ ਰੋਈ। ਬ੍ਰਹਮਾ ਜੀ ਨੇ ਕਿਹਾ ਧਰਤੀ ਨੂੰ ਚੱਲ ਆਪਾਂ ਦੋਵੇਂ ਭਗਵਾਨ ਪਾਸ ਚਲਦੇ ਹਾਂ ਖੀਰ ਸਮੁੰਦ, ਉਤੇ, ਭਗਵਾਨ ਪਾਸ ਬ੍ਰਹਮਾ ਨੇ ਬੇਨਤੀ ਕੀਤੀ ਹੇ ਪ੍ਰਭੂ ਜੀ ਧਰਤੀ ਪਾਪਾਂ ਕਰਕੇ ਦੁਖੀ ਹੋਈ ਹੈ ਇਸ ਦੀ ਪੁਕਾਰ ਸੁਣੋ, ਪ੍ਰਭੂ ਨੇ ਕੰਨ ਦੇ ਕੇ ਸੁਣਿਆ ਸੁੱਤੇ ਸਿਧ ਧੀਰਜ ਦਿੱਤਾ, ਹੇ ਧਰਤੀਏ ਤੂੰ ਫਿਕਰ ਨਾ ਕਰ ਮੈਂ ਆਪ ਹੀ ਅਵਤਾਰ ਧਾਰ ਕੇ ਆਵਾਂਗਾ, ਅਵਤਾਰ ਧਾਰਕੇ ਸਿਮਰਨ ਕਰਵਾ ਕੇ ਤੇਰੇ ਦੁੱਖਾਂ ਦੀ ਨਵਿਰਤੀ ਕਰਾਂਗਾ।

ਯਥਾ: ਸੁਣੀ ਪੁਕਾਰਿ ਦਾਤਾਰ ਪ੍ਰਭੁ, ਗੁਰ ਨਾਨਕ ਜਗ ਮਾਹਿ ਪਠਾਇਆ॥
(ਭਾ. ਗੁ. ਸ. ਵਾਰ ੧ ਪਉੜੀ ੨੩)

ਗੁਰੂ ਨਾਨਕ ਦੇਵ ਜੀ ਹਰਿ ਸਮੇਂ ਸਿਮਰਨ ਕਰਦੇ ਸਨ। ਕਿਸੇ ਘਰਿ ਦੇ ਦੁਨੀਆਵੀ ਕੰਮਾਂ ਵਿਚ ਧਿਆਨ ਨਹੀਂ ਦਿੰਦੇ ਸਨ, ਪਿਤਾ ਕਾਲੂ ਮਹਿਤਾ ਜੀ ਨੇ ਸੋਚਿਆ ਕਿ ਇਹਨਾਂ ਨੂੰ ਕਿਸੇ ਕੰਮ ਵਿਚ ਪਾਈਏ ਅਤੇ ਕਿਹਾ ਜੇ ਤੇਰਾ ਮੱਝਾਂ ਚਾਰਨ ਨੂੰ ਦਿਲ ਨਹੀਂ ਕਰਦਾ ਤਾਂ ਖੇਤੀ ਬੀਜਣ ਦਾ ਕੰਮ ਕਰ ਲੈ, ਸਤਿਗੁਰੂ ਜੀ ਨੇ ਉੱਤਰ ਦਿਤਾ "ਅਸੀਂ ਤਾਂ ਅੱਗੇ ਹੀ ਖੇਤੀ ਕਰਦੇ ਹਾਂ", ਪਿਤਾ ਜੀ ਕਿਹਾ "ਕਿਹੜੀ ਖੇਤੀ"।

ਸੋਰਠਿ ਮ: ੧॥ ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ॥
ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ॥
(ਪੰਨਾ ੫੯੫)

ਭਾਵ: ਤਨ ਮਨ ਕਰਕੇ ਸਰੀਰ ਘਰ ਵਿਚ ਨਾਮੁ ਬੀਜਦੇ ਹਾਂ। ਇਕ ਦਿਨ ਮਹਿਤਾ ਜੀ ਨੇ ਗੁਰੂ ਨਾਨਕ ਸਾਹਿਬ ਨੂੰ ਵੀਹ ਰੁਪਏ ਦਿਤੇ ਅਤੇ ਕਿਹਾ ਕੋਈ ਸੱਚਾ ਸੌਦਾ ਕਰਕੇ ਆਉ। ਨਾਲ ਬਾਲਾ ਸੰਧੂ ਨੂੰ ਭੇਜਿਆ, ਗੁਰੂ ਜੀ ਬਾਲੇ ਨੂੰ ਨਾਲ ਲੈ ਕੇ ਲਾਹੌਰ ਵੱਲ ਲਾਭਵੰਦਾ ਸੌਦਾ ਕਰਨ ਤੁਰ ਪਏ। ਪਿੰਡ ਚੂਹੜਕਾਣੇ ਦੇ ਬਾਹਰ ਜੰਗਲ ਵਿਚ ਇਕ ਸੰਤ ਮੰਡਲੀ ਮਿਲੀ। ਆਪ ਜੀ ਨੇ ਇਹ ਵੇਖਕੇ ਕਿ ਸੰਤ ਜੰਗਲ ਵਿਚ ਬੈਠੇ ਹਨ ਅਤੇ ਇਹਨਾਂ ਪਾਸ ਭੋਜਨ ਦਾ ਕੋਈ ਪ੍ਰਬੰਧ ਨਹੀਂ ਹੈ। ਭਾਈ ਬਾਲੇ ਪਾਸੋਂ ਉਹਨਾਂ ਵੀਹਾਂ ਰੁਪਿਆਂ ਦੀ ਰਸਦ ਮੰਗਵਾਕੇ, ਉਹਨਾਂ ਸੰਤਾਂ ਨੂੰ ਭੋਜਨ ਛਕਾ ਦਿਤਾ ਅਤੇ ਬਾਲੇ ਨੂੰ ਕਿਹਾ ਇਸ ਨਾਲੋਂ ਹੋਰ ਕੋਈ ਖਰਾ ਸੌਦਾ ਨਹੀਂ ਹੈ, ਇਸ ਦਾ ਲਾਭ ਬਹੁਤ ਹੋਵੇਗਾ।

ਤਥਾ: ਅਵਰਿ ਕਰਮ ਸਭਿ ਲੋਕ-ਾਚਾਰ॥ ਮਿਲਿ ਸਾਧੂ ਸੰਗਿ ਹੋਇ ਉਧਾਰ॥੨॥
(ਪੰਨਾ ੮੦੪)

ਭਾਵ: ਹੋਰ ਸਾਰੇ ਕਰਮ ਲੋਕ ਦਿਖਾਵੇ ਦੀ ਭਗਤੀ ਹੈ। ਪੂਰਨ ਸਾਧੂ ਦੇ ਨਾਲ ਮਿਲਕੇ ਨਾਮ ਜਪਕੇ ਉਧਾਰ ਹੋਵੇਗਾ, ਜਮਾਂ ਦੀ ਫਾਂਸੀ ਤੋਂ ਬਚੇਗਾ। ਸਾਧੂ ਆਪ ਨਾਮ ਜਪਦੇ ਹਨ, ਦੂਸਰਿਆਂ ਨੂੰ ਜਪਾਉਂਦੇ ਹਨ।

ਮਲਾਰ ਮ: ੪॥ ਬ੍ਰਹਮੁ ਬਿੰਦੇ ਸੋ ਸਤਿ ਗੁਰੁ ਕਹੀਐ ਹਰਿ ਹਰਿ ਕਥਾ ਸੁਣਾਵੈ॥
ਤਿਸੁ ਗੁਰ ਕਉ ਛਾਦਨ ਭੋਜਨ ਪਾਟ ਪਟੰਬਰ ਬਹੁ ਬਿਧਿ ਸਤਿ ਕਰਿ ਮੁਖਿ ਸੰਚਹੁ
ਤਿਸੁ ਪੁੰਨ ਕੀ ਫਿਰਿ ਤੋਟਿ ਨ ਆਵੈ॥੪॥
(ਪੰਨਾ ੧੨੬੪)

ਅਰਥ:- ਜੋ ਬ੍ਰਹਮ ਨੂੰ ਬਿੰਦੇ ਜਾਣਦਾ ਹੈ, ਭਾਵ ਬ੍ਰਹਮ ਨੇਸ਼ਟੀ ਹੈ ਅਤੇ ਸਿੱਖ ਦੇ ਸੰਸਿਆਂ ਦੀ ਨਿਵਿਰਤੀ ਕਰਨ ਲਈ ਹਰਿ ਹਰਿ ਦੀ ਕਥਾ ਸੁਣਾਂਦਾ ਹੈ। ਓਹੀ ਅਸਲ ਸਤਿਗੁਰੂ ਕਹੀਦਾ ਹੈ। ਉਸ ਗੁਰੂ ਨੂੰ ਸਤ ਨਿਸਚੇ ਨਾਲ ਬਹੁ ਬਿਧਿ ਸੂਤੀ ਅਤੇ ਰੇਸ਼ਮੀ ਕਪੜੇ ਅਤੇ ਬਹੁਤ ਤਰ੍ਹਾਂ ਦੇ ਛੱਤੀ ਪਦਾਰਥ ਛਕਾਵੇ ਉਸ ਪੁੰਨ ਦੀ ਕਦੇ ਤੋਟ ਨਹੀਂ ਆਵੇਗੀ॥੪॥

ਅਰਥ:- ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਹੋ ਜਿਹੇ ਬ੍ਰਹਮ ਨੇਸ਼ਟੀ, ਆਤਮਦ੍ਰਸ਼ੀ ਨਾਮ ਦੇ ਰਸੀਏ ਸਾਧੂਆਂ ਨੂੰ ਭੋਜਨ ਛਕਾਇਆ ਸੀ।

ਤਥਾ:- ਸਾਰਗ ਮਹਲਾ ੫॥ ਹਰਿ ਜਨ ਰਾਮ ਰਾਮ ਰਾਮ ਧਿਆਂਏ॥
ਏਕ ਪਲਕ ਸੁਖ ਸਾਧ ਸਮਾਗਮ ਕੋਟਿ ਬੈਕੁੰਠਹ ਪਾਂਏ॥੧॥
(੧੨੦੮)

ਸਾਰਗ ਮਹਲਾ ੫॥ ਮਾਈ ਸਤਿ ਸਤਿ ਸਤਿ ਹਰਿ ਸਤਿ ਸਤਿ ਸਤਿ ਸਾਧਾ॥

ਅਰਥ:- ਭੂਤ, ਭਵਿਸ਼ਤ, ਵਰਤਮਾਨ, ਤਿੰਨਾਂ ਸਮਿਆਂ ਵਿਚ ਹਰੀ ਸੱਤ ਹੈ ਅਤੇ ਹਰੀ ਦੇ ਸੰਤ ਭੀ ਤਿੰਨਾਂ ਕਾਲਾਂ ਵਿਚ ਸੱਤ ਹਨ।

ਰਾਜ ਬਿਨਾਸੀ ਤਾਮ ਬਿਨਾਸੀ ਸਾਤਕੁ ਭੀ ਬੇਨਾਧਾ॥
ਦ੍ਰਿਸਟਿ ਮਾਨ ਹੈ ਸਗਲ ਬਿਨਾਸੀ ਇਕਿ ਸਾਧ ਬਚਨ ਆਗਾਧਾ॥੩॥
(ਪੰਨਾ ੧੨੦੪)

ਅਰਥ:- ਰਜੋ ਗੁਣ, ਤਮੋ ਗੁਣ, ਸਤੋ ਗੁਣ, ਇਹ ਤਿੰਨ ਗੁਣ ਮਾਇਆ ਦੇ ਹਨ। ਮਹਾਂ ਪਰਲੋ ਵੇਲੇ ਨਾਸ ਹੋ ਜਾਣਗੇ। ਜੋ ਕੁਛ ਵੀ ਦੇਖਣ ਵਿਚ ਆਉਂਦਾ ਹੈ ਸਭ ਨਾਸ ਹੋ ਜਾਵੇਗਾ। ਇਕ ਸਾਧੂ ਦਾ ਦਿਤਾ ਬਚਨ ਅਗਾਧਾ ਹੈ। ਹਰੀ, ਸਾਧੂ ਅਤੇ ਸਾਧੂ ਦਾ ਬਚਨ ਨਾਸ ਨਹੀਂ ਹੁੰਦਾ।

ਜਿਸ ਵੇਲੇ ਸੱਜਣ ਠੱਗ ਨੇ ਮਰਦਾਨੇ ਨੂੰ ਹੱਥ ਪੈਰ ਬੰਨ੍ਹ ਕੇ ਅੰਦਰ ਡੱਕ ਦਿਤਾ ਸੀ ਤਾਂ ਸਤਿਗੁਰਾਂ ਨੇ ਬਾਲੇ ਸੰਧੂ ਨੂੰ ਕਿਹਾ, ਹੇ ਬਾਲਾ ਆਪਣਾ ਮਰਦਾਨਾ ਤਾਂ ਕਿਸੇ ਠੱਗ ਪਾਸ ਫੱਸ ਗਿਆ ਹੈ ਚਲੋ ਛਡਾਈਏ। ਬਾਲੇ ਕਿਹਾ ਜੀ ਆਪ ਜੀ ਦੇ ਬਚਨ ਤਾਂ ਮੰਨਦਾ ਨਹੀਂ ਹੁਣ ਨਾ ਛੁਡਾਓ। ਸਤਿਗੁਰਾਂ ਕਿਹਾ ਬਾਲਾ ਨਾਲ ਲਿਆਂਦੇ ਦੀ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਹੈ। ਸੱਜਣ ਠੱਗ ਨੂੰ ਦੇਖਿਆ ਜਾਕੇ ਚਿੱਟੇ ਬਸਤਰ ਪਾਕੇ ਚੰਗਾ ਸੁੰਦਰ ਮੰਜਾ ਡਾਹਕੇ ਠਾਠ-ਬਾਠ ਨਾਲ ਬੈਠਾ ਸੀ। ਸਤਿਗੁਰਾਂ ਕਿਹਾ ਕਿ ਸਾਡਾ ਮਰਦਾਨਾ ਆਇਆ ਹੈ ਤੇਰੇ ਪਾਸ। ਕਹਿੰਦਾ ਏਥੇ ਕੋਈ ਮਰਦਾਨਾ ਨਹੀਂ ਆਇਆ। ਸਤਿਗੁਰਾਂ ਕਿਹਾ ਮਰਦਾਨਾ ਬਾਹਰ ਆ। ਉਸੇ ਸਮੇਂ ਜਿੰਦੇ ਖੁੱਲ ਗਏ ਮਰਦਾਨਾ ਰੋਂਦਾ ਕੁਰਲਾਂਦਾ ਚਰਨਾਂ 'ਤੇ ਡਿੱਗ ਪਿਆ। ਸੱਜਣ ਅਸਚਰਜ ਹੋ ਗਿਆ ਕਿ ਕੈਸੇ ਉਤਮ ਪੁਰਖ ਆਏ ਹਨ।

ਸੂਹੀ ਮਹਲਾ ੧॥ ਸਜਣ ਸੇਈ ਨਾਲਿ ਮੈਂ ਚਲਦਿਆਂ ਨਾਲਿ ਚਲੰਨ੍ਹਿ॥
ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ॥

ਅਰਥ:- ਹੇ ਸਜਣ ਤੇਰੇ ਨਾਲ ਦੇ ਅਸਲੀ ਸਜਣ ਉਹੀ ਹਨ, ਜੋ ਜਮਾਂ ਦੇ ਮਾਰਗ ਵਿਚ ਤੇਰੀ ਮਦਦ ਕਰਨ। ਜਿਥੇ ਪ੍ਰਲੋਕ ਵਿਚ ਤੇਰੇ ਤੋਂ ਲੇਖਾ ਮੰਗਿਆ ਜਾਣਾ ਹੈ। ਉਥੇ ਤੇਰੇ ਬਰਾਬਰ ਖੜਕੇ ਨਰਕਾਂ ਤੋਂ ਬਚਾਂਦੇ ਹਨ।

ਕੋਠੇ ਮੰਡਪ ਮਾੜੀਆ ਪਾਸਹੁ ਚਿਤਵੀਆਹਾ॥
ਢਠੀਆਂ ਕੰਮਿ ਨ ਆਵਨ੍ਹੀ ਵਿਚਹੁ ਸਖਣੀਆਹਾ॥੨॥
(ਪੰਨਾ ੭੨੯)

ਅਰਥ:- ਸਜਣਾ ਇਹ ਜੇਹੜੇ ਮੰਡਪ ਬਿਲਡਿੰਗਾਂ ਉਸਾਰੀਆਂ ਹਨ, ਇਹਨਾਂ ਵਿਚ ਜੇ ਭਜਨੀਕ ਸੰਤ ਨਹੀਂ ਹੈ। ਇਹ ਢੱਠੀਆਂ ਦੇ ਸਮਾਨ ਹਨ, ਭਾਵੇਂ ਤੈਂ ਬਾਹਰੋਂ ਚਿਤ੍ਰ-ਕਾਰੀਆਂ ਕੀਤੀਆਂ ਹਨ, ਪਰ ਨਾਮ ਤੋਂ ਬਿਨਾਂ ਦਯਾ ਧਰਮ ਤੋਂ ਬਿਨਾਂ ਵਿਚੋਂ ਸਖਣੀਆਂ ਹਨ। ਸਜਣ ਨੇ ਮਾਫੀ ਮੰਗੀ। ਸੱਚੇ ਸਤਿਗੁਰੂ ਜੀ ਦੇ ਚਰਨਾਂ 'ਤੇ ਮਸਤਕ ਰਖ ਦਿਤਾ। ਸਤਿਗੁਰਾਂ ਨੇ ਪਾਪ ਕਰਮਾਂ ਤੋਂ ਰੋਕ ਕੇ ਧਰਮ ਕਰਮ ਦ੍ਰਿੜ ਕਰਵਾਇਆ। ਸੱਜਣ ਪੂਰਨ ਸਾਧੂ ਬਣ ਗਿਆ, ਅਸੀਂ ਵੀ ਬਿਲਡਿੰਗਾਂ ਦਾ ਧਿਆਨ ਜ਼ਿਆਦਾ ਰਖਦੇ ਹਾਂ। ਨਾਮੁ ਦੀ ਅਤੇ ਸੱਚ ਬੋਲਣ ਦੀ ਤਾਂ ਦੂਰ ਦੀ ਗੱਲ ਹੋ ਕੇ ਰਹਿ ਗਈ। ਧਰਮ ਦੀ ਗੱਲ ਘੱਟ ਤੇ ਸਿਆਸਤ ਤੇ ਪੂਰਾ ਜ਼ੋਰ ਲੱਗਾ ਹੈ। ਇੰਡੀਆ ਵਿਚ ਅਤੇ ਬਾਹਰਲੇ ਦੇਸ਼ਾਂ ਵਿਚ ਵੀ ਅਸੀਂ ਸਾਰੀਆਂ ਮਲਾਮਤਾਂ ਸਾਰੇ ਪਾਪ ਕਰਮ ਲੈ ਕੇ ਆਏ ਹਾਂ। ਜਿਹੜੇ ਗੁਰਦੁਆਰਿਆਂ ਵਿਚ ਕਬਜ਼ਿਆਂ ਦੇ ਝਗੜੇ ਨਹੀਂ ਮੁਕਦੇ, ਉਥੇ ਸ਼ਾਂਤੀ ਨਹੀਂ ਅਸ਼ਾਂਤੀ ਹੀ ਮਿਲੇਗੀ। ਆਉ ਆਪਾਂ ਸਤਿਗੁਰੂ ਅਰਜਨ ਦੇਵ ਜੀ ਦਾ ਹੁਕਮ ਸੁਣਦੇ ਹਾਂ।

ਸੂਹੀ ਮਹਲਾ ੫॥ ਭਲੀ ਸੁਹਾਵੀ ਛਾਪਰੀ ਜਾ ਮਹਿ ਗੁਨ ਗਾਏ॥
ਕਿਤ ਹੀ ਕਾਮਿ ਨ ਧਉਲਹਰ ਜਿਤੁ ਹਰਿ ਬਿਸਰਾਏ॥ ਰਹਾਉ॥
(ਪੰਨਾ ੭੪੫)

ਅਰਥ:- ਉਹ ਛੱਪਰੀ ਸੋਹਣੀ ਹੈ ਜਿਸ ਵਿਚ ਹਰੀ ਦੇ ਗੁਣ ਗਾਏ ਜਾਂਦੇ ਹਨ। ਉਹ ਪੱਕੇ ਧੌਲਹਰ ਮੰਦਰ ਕਿਸੇ ਕੰਮ ਨਹੀਂ ਜਿਨ੍ਹਾਂ ਮੰਦਰਾਂ ਵਿਚ ਵਸਣ ਨਾਲ ਹਰੀ ਭੁੱਲ ਜਾਵੇ, ਜੇਕਰ ਇਕ ਪਾਸੇ ਨਾਮ ਦੀ ਮਹਿਮਾ ਵੀ ਚਲਦੀ ਹੈ, ਦੂਜੇ ਪਾਸੇ ਬਿਲਡਿੰਗ 'ਤੇ ਕਬਜ਼ੇ ਦੇ ਦਾਅ-ਪੇਚ ਚਲਦੇ ਹੋਣ, ਸ਼ਾਂਤੀ ਨਹੀਂ ਮਿਲੇਗੀ।

ਸੁਖਮਨੀ ਮ: ੫॥ ਮਨੁ ਬੇਚੈ ਸਤਿਗੁਰ ਕੈ ਪਾਸਿ॥ ਤਿਸੁ ਸੇਵਕ ਕੇ ਕਾਰਜ ਰਾਸਿ॥
ਸੇਵਾ ਕਰਤ ਹੋਇ ਨਿਹਕਾਮੀ॥ ਤਿਸ ਕਉ ਹੋਤ ਪਰਾਪਤਿ ਸੁਆਮੀ॥
(ਪੰਨਾ ੨੮੬)

ਅਰਥ:- ਜੋ ਆਪਣੇ ਮਨ ਨੂੰ ਸਤਿਗੁਰਾਂ ਪਾਸ ਵੇਚ ਦਿੰਦਾ ਹੈ, ਪ੍ਰਭੂ ਉਸ ਸੇਵਕ ਦੇ ਸਭ ਕਾਰਜ ਰਾਸਿ ਕਰ ਦਿੰਦਾ ਹੈ। ਜੋ ਸੇਵਾ ਨਿਸ਼ਕਾਮ ਕਾਮਨਾ ਤੋਂ ਬਿਨਾਂ ਕਰਦਾ ਹੈ, ਉਸਨੂੰ ਸੁਆਮੀ ਅਕਾਲ ਪੁਰਖ ਦੀ ਪ੍ਰਾਪਤੀ ਹੁੰਦੀ ਹੈ। ਸ੍ਰੀ ਗੁਰੂ ਗੋਬਿੰਦ ਜੀ ਨੇ ਆਨੰਦਪੁਰ ਛੱਡਣ ਸਮੇਂ ਹੀਰੇ, ਮੋਤੀ, ਜਵਾਹਰਾਤ, ਨਕਦੀ ਸਤਲੁਜ ਦਰਿਆ ਵਿਚ ਪੰਡਾਂ ਬੰਨ੍ਹਕੇ ਆਪ ਪਾਸ ਖੜਕੇ ਸੁਟਵਾਏ ਸੀ, ਅਠਾਰਾਂ ਕਰੋੜ ਕੀਮਤ ਦਾ ਸੀ, ਮਾਤਾ ਜੀ ਕਹਿਣ ਲੱਗੇ ਏਥੇ ਕਿਉਂ ਰੋੜਦੇ ਹੋ ਕ੍ਰੋੜਾਂ ਰੁਪਇਆਂ ਦਾ ਮਾਲ, ਸਿੰਘਾਂ ਨੂੰ ਦੇ ਦਿਓ ਆਪਣੇ ਪਰਿਵਾਰਾਂ ਨੂੰ ਖਵਾਣਗੇ ਅਤੇ ਖ਼ੁਸ਼ ਹੋ ਕੇ ਵੈਰੀਆਂ ਨਾਲ ਜੰਗ-ਯੁੱਧ ਕਰਨਗੇ। ਗੁਰੂ ਜੀ ਕਿਹਾ ਮਾਤਾ ਜੀ ਤੁਸੀਂ ਮੈਨੂੰ ਦੋ ਰੋਟੀਆਂ ਵਿਚ ਮੁਹਰਾ ਪਾਕੇ ਦੇ ਦਿਓ। ਮਾਤਾ ਕਿਹਾ ਐਸਾ ਨਹੀਂ ਹੋ ਸਕਦਾ। ਕਿਸੇ ਮਾਂ ਪਾਸੋਂ, ਸਤਿਗੁਰਾਂ ਕਿਹਾ ਮੈਂ ਵੀ ਆਪਣੇ ਪੁਤ੍ਰਾਂ ਖਾਲਸੇ ਨੂੰ ਜ਼ਹਿਰ ਨਹੀਂ ਦੇ ਸਕਦਾ ਅਤੇ ਇਹਨਾਂ ਨੂੰ ਛਤਰੀ ਬਣਾਇਆ ਹੈ, ਹੁਣ ਪੂਜਾ ਦਾ ਧਨ ਖਵਾਕੇ ਦਲਿਦਰੀ ਕਿਵੇਂ ਬਣਾਵਾਂ? ਮਾਤਾ ਜੀ ਬਿਨਾਂ ਸੇਵਾ ਦੇ ਇਹ ਧਨ ਨਹੀਂ ਪਚੇਗਾ, ਸੇਵਾ ਕਰਦੇ ਸੀ ਲੰਗਰ ਪਾਣੀ ਦੀ, ਅਤੇ ਜੰਗ-ਯੁੱਧ ਲੜਦੇ ਸੀ ਤਾਂ ਪਚਾਂਦੇ ਸੀ! ਘਰੀਂ ਜਾਕੇ ਬਿਨਾ ਸੇਵਾ ਜ਼ਹਿਰ ਮੁਹਰਾ ਰੋਗੀ ਕਰਕੇ ਮਾਰੇਗਾ। ਜ਼ਰਾ ਸੋਚੋ ਜੀ! ਗੁਰੂ ਕੇ ਬਚਨ ਸੁਣੋ ਖਾਲਸਾ ਜੀ।

ਸਲੋਕ॥ ਮਤਿ ਪੂਰੀ ਪਰਧਾਨ ਤੇ ਗੁਰ ਪੂਰੇ ਮਨ ਮੰਤ॥
ਜਿਹ ਜਾਨਿਓ ਪ੍ਰਭੁ ਆਪੁਨਾ ਨਾਨਕ ਤੇ ਭਗਵੰਤ॥੧॥
(ਪੰਨਾ ੨੫੯)

ਅਰਥ:- ਜਿਨ੍ਹਾਂ ਨੇ ਪੂਰੇ ਗੁਰਾਂ ਦਾ ਮੰਤ੍ਰ ਮਨ ਵਿਚ ਧਾਰਿਆ ਹੈ। ਉਹ ਪੂਰੀ ਮੱਤ ਵਾਲਾ ਹੈ। ਉਹ ਪੂਰੀ ਮੱਤ ਵਾਲਾ ਸਾਰਿਆਂ 'ਚੋਂ ਪਰਧਾਨ ਹੈ। ਕੱਚੀਆਂ ਪਰਧਾਨਗੀਆਂ ਵਿਚ ਉਮਰਾਂ ਨਾ ਗਵਾਓ। ਪੱਕੀ ਪਰਧਾਨਗੀ ਲਈ ਉਦਮ ਕਰੋ। ਜਿਨ੍ਹਾਂ ਨੇ ਆਪਣਾ ਪ੍ਰਭੂ ਪਰਮਾਤਮਾ ਜਾਣਿਆ ਹੈ, ਉਹ ਭਗਵੰਤ ਦਾ ਸਰੂਪ ਹੋ ਜਾਂਦੇ ਹਨ॥੧॥ ਦੋਵਾਂ ਲੋਕਾਂ ਦੇ ਸੁੱਖ ਮਿਲਦੇ ਹਨ।

ਮ: ੩॥ ਸਤਿਗੁਰ ਕਾ ਭਉ ਛੋਡਿਆ ਮਨਹਠਿ ਕੰਮੁ ਨ ਆਵੈ ਰਾਸਿ॥
ਜਮ ਪੁਰਿ ਬਧੇ ਮਾਰੀਅਹਿ ਕੋ ਨ ਸੁਣੇ ਅਰਦਾਸਿ॥
(ਪੰਨਾ ੫੮੬)

ਅਰਥ:- ਜਿਨ੍ਹਾਂ ਨੇ ਸਤਿਗੁਰਾਂ ਦਾ ਭਉ ਡਰ ਧਾਰਨਾ ਛੱਡ ਦਿਤਾ ਹੈ ਉਹਨਾਂ ਮਨ ਹਠੀਆਂ ਦਾ ਕੋਈ ਕੰਮ ਰਾਸ ਨਹੀਂ ਆਉਂਦਾ। ਉਹ ਜਮਪੁਰੀ ਵਿਚ ਬੱਧੇ ਹੋਏ ਜਾਂਦੇ ਹਨ, ਕਿਤੇ ਪੁਕਾਰ ਨਹੀਂ ਸੁਣੀਂਦੀ। ਗੁਰੂ ਪਿਆਰੀ ਸਾਧ ਸੰਗਤਿ ਜੀਓ ਆਪ ਵਡਭਾਗੇ ਹੋ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਉਤਸਵ ਮਨਾ ਰਹੇ ਹੋ ਪਰ ਹੁਕਮ ਮੰਨਕੇ ਪ੍ਰਾਪਤੀ ਹੁੰਦੀ ਹੈ। ਉਤੇ ਲਿਖੇ ਗੁਰੂ ਕੇ ਉਪਦੇਸ਼ ਨੂੰ ਗ੍ਰਹਿਣ ਕਰੇ ਤੋਂ ਬਿਨਾਂ ਪੂਰਨ ਪ੍ਰਾਪਤੀ ਨਹੀਂ ਹੁੰਦੀ। ਹੁਕਮ ਮੰਨੋ, ਤੁਹਾਡੇ ਗੁਰਪੁਰਬ ਮਨਾਏ ਸਫਲ ਹੋਣਗੇ।

ਮਹਲਾ ੪॥ ਸੇਵਕ ਸਿੱਖ ਪੂਜਣ ਸਭਿ ਆਵਹਿ ਸਭਿ ਗਾਵਹਿ ਹਰਿ ਹਰਿ ਉਤਮਬਾਨੀ॥
ਗਾਵਿਆ ਸੁਣਿਆ ਤਿਨਕਾ ਹਰਿ ਥਾਇ ਪਾਵੈ ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ॥੧॥
(ਪੰਨਾ ੬੬੯)

ਦਾਸ ਹੋਈਆਂ ਭੁੱਲਾਂ ਦੀ ਮਾਫੀ ਚਾਹੁੰਦਾ ਹੈ ਜੀ। ਤੁਹਾਡੀਆਂ ਕਾਲਾਂ ਆਉਣ ਤੇ ਧੰਨਵਾਦ।

ਕਰਨੈਲ ਸਿੰਘ ਟੋਰੰਟੋ
416-746-7642

# ਔਰਤਾਂ ਨੂੰ ਖੁਦ ਹੀ ਲੜਨਾ ਪਵੇਗਾ

-ਹਰਪ੍ਰੀਤ ਕੌਰ ਦੁੱਗਰੀ-

ਸਾਡੇ ਸਮਾਜ ਵਿੱਚ ਪ੍ਰਾਚੀਨ ਕਾਲ ਤੋਂ ਲੈ ਕੇ ਅੱਜ ਤੱਕ ਔਰਤ ਦੀ ਸਥਿਤੀ ਤਰਸ ਯੋਗ ਰਹੀ ਹੈ। ਅੱਜ ਬੇਸ਼ੱਕ ਮਾਹੌਲ ਬਦਲ ਗਿਆ ਹੈ, ਪਰ ਮਨੁੱਖੀ ਮਾਨਸਿਕਤਾ ਨਹੀਂ ਬਦਲੀ। ਔਰਤ ਨਾਲ ਸੰਬੰਧਤ ਪ੍ਰਸਥਿਤੀਆਂ ਪਹਿਲਾਂ ਵਾਂਗ ਹੀ ਹਨ। ਪ੍ਰਾਚੀਨ ਕਾਲ ਵਿੱਚ ਔਰਤਾਂ ਨੂੰ ਸਿੱਖਿਆ ਪ੍ਰਾਪਤ ਕਰਨ ਦਾ ਅਧਿਕਾਰ ਨਹੀਂ ਸੀ, ਕਿਉਂਕਿ ਸਮਾਜ ਦੇ ਹਾਕਮਾਂ ਨੂੰ ਡਰ ਸੀ ਕਿ ਜੇ ਇਨ੍ਹਾਂ ਨੂੰ ਸਿੱਖਿਆ ਦਿੱਤੀ ਗਈ ਤਾਂ ਇਹ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਜਾਗਰੂਕ ਹੋ ਜਾਣਗੀਆਂ। ਅੱਜ ਉਨ੍ਹਾਂ ਨੂੰ ਸਿੱਖਿਆ ਮਿਲ ਰਹੀ ਹੈ, ਪਰ 21ਵੀਂ ਸਦੀ ਵਿੱਚ ਪਹੁੰਚਣ 'ਤੇ ਵੀ ਲੋਕਾਂ ਦੀ ਮਾਨਸਿਕਤਾ ਨਹੀਂ ਬਦਲੀ।

ਸਮਾਜ ਵਿੱਚ ਔਰਤਾਂ ਦੀ ਹਾਲਤ ਨੂੰ ਸੁਧਾਰਨ ਲਈ ਜੋਤਿਬਾ ਫੂਲੇ ਨੇ ਪਹਿਲ ਕੀਤੀ। ਉਨ੍ਹਾਂ ਨੇ ਆਪਣੀ ਪਤਨੀ ਸਵਿੱਤਰੀ ਬਾਈ ਫੂਲੇ ਨੂੰ ਪੜ੍ਹਾ ਕੇ ਨਵੇਂ ਰਿਕਾਰਡ ਬਣਾਏ। ਸਵਿੱਤਰੀ ਬਾਈ ਭਾਰਤ ਦੀ ਪਹਿਲੀ ਸਿੱਖਿਅਤ ਮਹਿਲਾ, ਸਮਾਜ ਸੁਧਾਰਕ ਅਤੇ ਮਰਾਠੀ ਕਵਿੱਤਰੀ ਹੋਈ ਹੈ। ਇਨ੍ਹਾਂ ਨੇ ਆਪਣੇ ਪਤੀ ਨਾਲ ਮਿਲ ਕੇ ਔਰਤਾਂ ਦੇ ਅਧਿਕਾਰਾਂ ਅਤੇ ਸਿੱਖਿਆ ਦੇ ਖੇਤਰ ਵਿੱਚ ਬਹੁਤ ਕੰਮ ਕੀਤਾ ਅਤੇ ਇਨ੍ਹਾਂ ਨੂੰ ਸਮਾਜ ਦੇ ਭਾਰੀ ਵਿਰੋਧ ਦਾ ਸਾਹਮਣਾ ਵੀ ਕਰਨਾ ਪਿਆ ਸੀ, ਕਿਉਂਕਿ ਹਿੰਦੂ ਧਰਮ ਵਿੱਚ ਔਰਤਾਂ ਨੂੰ ਸਿੱਖਿਆ ਦਾ ਅਧਿਕਾਰ ਨਹੀਂ ਸੀ। ਔਰਤ ਲਈ ਬੁੱਧ ਧਰਮ ਵਿੱਚ ਪ੍ਰਵੇਸ਼ ਦੁਆਰ ਖੋਲ੍ਹ ਕੇ ਭਗਵਾਨ ਬੁੱਧ ਨੇ ਜਿਹੜਾ ਪੈਰੋਕਾਰ ਔਰਤਾਂ 'ਤੇ ਕੀਤਾ, ਉਹ ਸੰਸਾਰ ਵਿੱਚ ਹੋਰ ਕੋਈ ਮਹਾਂਪੁਰਖ ਨਹੀਂ ਕਰ ਸਕਿਆ। ਇਸ ਸੁਨਹਿਰੀ ਕਾਲ ਤੋਂ ਔਰਤ ਦੀ ਉਨਤੀ ਦਾ ਯੁੱਗ ਸ਼ੁਰੂ ਹੋਇਆ, ਜਦੋਂ ਔਰਤ ਨੂੰ ਮਾਣ-ਸਨਮਾਨ ਮਿਲਿਆ।

ਬੁੱਧ ਧਰਮ ਅਤੇ ਸਿੱਖ ਫਲਸਫਾ ਦੋਵੇਂ ਨਾਲ-ਨਾਲ ਚਲਦੇ ਹਨ। ਅੱਜ ਦੇ ਆਧੁਨਿਕ ਯੁੱਗ ਵਿੱਚ ਔਰਤਾਂ ਹਰ ਖੇਤਰ ਵਿੱਚ ਆਪਣੀ ਪਛਾਣ ਬਣਾ ਚੁੱਕੀਆਂ ਹਨ। ਭਾਵੇਂ ਉਹ ਸਿੱਖਿਆ ਦਾ ਖੇਤਰ ਹੋਵੇ ਜਾਂ ਸਾਇੰਸ, ਰਾਜਨੀਤੀ ਜਾਂ ਫਿਰ ਫੈਸ਼ਨ ਦੀ ਦੁਨੀਆ ਹੋਵੇ। ਉਹ ਹਰ ਖੇਤਰ ਵਿੱਚ ਆਪਣੇ ਕੰਮ ਦਾ ਲੋਹਾ ਮੰਨਵਾ ਚੁੱਕੀਆਂ ਹਨ। ਫਿਰ ਵੀ ਅੱਜ ਦੀਆਂ ਔਰਤਾਂ ਦੀ ਦਸ਼ਾ ਤਰਸ ਯੋਗ ਬਣੀ ਪਈ ਹੈ। ਨਵਜਾਤ ਬੱਚੀਆਂ ਤੋਂ ਬਜ਼ੁਰਗ ਔਰਤਾਂ ਤੱਕ ਨਾ ਆਪਣੇ ਘਰ ਸੁਰੱਖਿਅਤ ਹਨ ਅਤੇ ਨਾ ਘਰੋਂ ਬਾਹਰ। ਪਹਿਲਾਂ ਔਰਤਾਂ ਤੇਜ਼ਾਬੀ ਹਮਲੇ ਦਾ ਸ਼ਿਕਾਰ ਹੁੰਦੀਆਂ ਸਨ ਅਤੇ ਅੱਜ ਸਮੂਹਿਕ ਬਲਾਤਕਾਰ ਕਰ ਕੇ ਕਤਲ ਕਰ ਦਿੱਤਾ ਜਾਂਦਾ ਹੈ। ਅੰਕੜਿਆਂ ਅਨੁਸਾਰ ਭਾਰਤ ਵਿੱਚ ਹਰ ਵੀਹ ਮਿੰਟ ਵਿੱਚ ਬਲਾਤਕਾਰ ਦੀ ਘਟਨਾ ਵਾਪਰਦੀ ਹੈ।

ਭਾਰਤ ਵਿੱਚ ਅਪਰਾਧ 2019 ਰਿਪੋਰਟ ਦੱਸਦੀ ਹੈ ਕਿ ਔਰਤਾਂ ਖਿਲਾਫ ਅਪਰਾਧ ਪਿਛਲੇ ਸਾਲ ਤੋਂ 7.3 ਫੀਸਦੀ ਵਧ ਚੁੱਕੇ ਹਨ। 2018-19 ਵਿੱਚ ਬੱਚਿਆਂ ਦੇ ਖਿਲਾਫ ਅਪਰਾਧਾਂ ਵਿੱਚ 4.5 ਫੀਸਦੀ ਵਾਧਾ ਹੋਇਆ ਹੈ। 2019 ਵਿੱਚ ਬੱਚਿਆਂ ਦੇ ਖਿਲਾਫ ਅਪਰਾਧ ਦੇ ਕੁੱਲ 1.48 ਲੱਖ ਕੇਸ ਦਰਜ ਹੋਏ, ਜਿਨ੍ਹਾਂ ਵਿੱਚੋਂ 46.6 ਫੀਸਦੀ ਅਗਵਾ ਕਰਨ ਦੇ ਕੇਸ ਸਨ ਅਤੇ 35.3 ਫੀਸਦੀ ਕੇਸ ਸੈਕਸ ਅਪਰਾਧਾਂ ਨਾਲ ਸੰਬੰਧਤ ਹਨ। ਮੁੱਕਦੀ ਗੱਲ ਹੈ ਕਿ ਆਜ਼ਾਦੀ ਦੇ 73 ਸਾਲ ਬਾਅਦ ਵੀ ਸਾਡੇ ਸਮਾਜ ਵਿੱਚ ਲੋਕਾਂ ਦੀ ਮਾਨਸਿਕਤਾ ਵਿੱਚ ਕੋਈ ਬਦਲਾਅ ਨਹੀਂ ਆਇਆ। ਅੱਜ ਵੀ ਮਨੂੰਵਾਦੀ ਸੋਚ ਤੇ ਜਾਤ-ਪਾਤ ਦਾ ਕੋਹੜ ਸਾਡੇ ਸਮਾਜ ਵਿੱਚ ਆਪਣੀਆਂ ਜੜ੍ਹਾਂ ਮਜ਼ਬੂਤ ਕਰ ਕੇ ਬੈਠਾ ਹੈ।

ਭਾਰਤ ਵਿੱਚ 2019 ਵਿੱਚ ਹਰ ਦਿਨ ਔਸਤਨ 87 ਬਲਾਤਕਾਰ ਦੇ ਕੇਸ ਦਰਜ ਕੀਤੇ ਗਏ ਅਤੇ ਸਾਲ ਦੌਰਾਨ ਔਰਤਾਂ ਖਿਲਾਫ ਅਪਰਾਧਾਂ ਦੇ 4,05,861 ਮਾਮਲੇ ਦਰਜ ਕੀਤੇ ਗਏ। ਇਹ ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ ਵੱਲੋਂ ਜਾਰੀ ਅੰਕੜਿਆਂ ਤੋਂ ਪਤਾ ਚੱਲਦਾ ਹੈ। ਔਰਤਾਂ ਦੀ ਸੁਰੱਖਿਆ ਨੂੰ ਲੈ ਕੇ ਸਖਤ ਕਾਨੂੰਨ ਬਣਾਉਣ ਦੀ ਲੋੜ ਹੈ ਤਾਂ ਕਿ ਇਨ੍ਹਾਂ ਘਟਨਾਵਾਂ ਨੂੰ ਘੱਟ ਕੀਤਾ ਜਾ ਸਕੇ। ਭਾਰਤ ਦੀ ਅੱਧੀ ਆਬਾਦੀ ਔਰਤਾਂ ਦੀ ਹੈ। ਜੇ ਇਹ ਦੋ ਨੰਬਰ ਬਣੀਆਂ ਰਹਿਣਗੀਆਂ ਤਾਂ ਭਾਰਤ ਕਦੇ ਤਰੱਕੀ ਨਹੀਂ ਕਰ ਸਕਦਾ। ਅਜਿਹੇ ਮਾਹੌਲ ਵਿੱਚ ਔਰਤ ਮਾਨਸਿਕ ਤੇ ਸਰੀਰਕ ਰੂਪ ਵਿੱਚ ਸਿਹਤਮੰਦ ਨਹੀਂ ਰਹਿ ਸਕਦੀ। ਦੇਸ਼ ਵਿੱਚ ਔਰਤਾਂ ਦੀ ਸਥਿਤੀ ਸੁਧਾਰਨ ਲਈ ਸੂਝਵਾਨ ਨੌਜਵਾਨਾਂ, ਬੁੱਧੀਜੀਵੀਆਂ ਤੇ ਚਿੰਤਕਾਂ ਨੂੰ ਅੱਗੇ ਆਉਣਾ ਚਾਹੀਦਾ ਹੈ। ਔਰਤਾਂ ਨੂੰ ਅੱਗੇ ਆ ਕੇ ਆਪਣੀ ਲੜਾਈ ਆਪ ਲੜਨੀ ਚਾਹੀਦੀ ਹੈ। ਸਾਡਾ ਦਲੇਰ ਬਣਨਾ ਸਮੇਂ ਦੀ ਮੰਗ ਹੈ ਕਿਉਂਕਿ ਅਸੀਂ ਵਹਿਸ਼ੀਆਂ ਵਿੱਚ ਆਪਣੀ ਹੋਂਦ ਨੂੰ ਜ਼ਿੰਦਾ ਰੱਖਣਾ ਹੈ।






KAMAL SANDHU
Sales Representative
647.891.0143
RE/MAX GOLD
realtorkamalsandhu@gmail.com
www.arearealtor.com

Looking For a Nest..? Call the Best

ਬਹੁਤ ਹੀ ਸੋਹਣਾ ਤੇ ਸਾਫ ਸੁਥਰਾ 3 ਬੈਡਰੂਮ ਦਾ ਟਾਊਨਹਾਊਸ

Gorgeous End Unit Home Fully Loaded Open Concept, Absolutely Freehold, 9Ft Ceiling On Main!! Just 4 Years Old Feels Like A Semi Detached Home Built In 2016, Double Car Garage, Stainless Steel Top Of The Line Appliances, No Sidewalk, Huge Driveway Can Fit 4 Cars, Spacious Living Room With High Ceiling & Pot Lights, Master Bdrm With Ensuite 4Pc Bath, Must Visit House, Very Co-Operative Neighbourhood, House Located At New Subdivision In Very Fast Growing Area.




3+1 ਬੈਡਰੂਮ ਦਾ ਸੇਮੀ ਡੀਟੈਚਡ ਘਰ ਅਤੇ ਫਿਨੀਸ਼ਡ ਬੇਸਮੈਂਟ

Amazing Opportunity! Fantastic 3 Bdrms & 2 Wshrms Semi Detached House With Rec Rm In Finished Basement, High Demand Location In Springdale Brampton On Wide Street, Great Room Offers Walk-Out To Deck. Hardwood Flooring On Main Level, Laminate On 2nd Level. Master Bdrm Equipped W/Ensuite Bath. Very Good Opportunity For First Time Home Buyers Or Investors.Close To Schools, Transit, Parks. Deck At The Back With Fenced Backyard, Separate Side Door To Garage.




ਸ਼ਾਨਦਾਰ 3+1 ਬੈਡਰੂਮ ਡਬਲ ਸਟੋਰੀ ਟਾਊਨਹਾਊਸ ਅਤੇ ਫਿਨੀਸ਼ਡ ਬੇਸਮੈਂਟ

Amazing Chance To Own A Fabulous Lakelands Model By Rose-Haven Built Beautiful Absolutely Freehold 2 Story Townhouse With 3+1 Bdrms And 4 Wshrms, This House Has Almost 2050 Sqft Living Space, Oak Hardwood On Main Floor, Master Bdrm W/ Ensuite & Walk-In Closet, One Rec Rm, Wshrm, And Cold Cellar In The Basement Finished By The Builder. Very Well Kept House Situated At Very Nice And Quiet Location Of Northwest Brampton. Close To Mount Pleasant Go Station








Grand Upholstery Ltd
Sofa Company Originality in Every Piece

Special on Sale

- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ

ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ



ਕੁਆਲਿਟੀ ਮੂਹੋਂ ਬੋਲਦੀ ਹੈ

Tel: 905.791.2888 Cell: 647.293.3212
5 Edvac Drive # 5 & 6 Brampton ON L6S 5P3 Email: grandupholsery@gmail.com

# ਹੱਕ ਸੱਚ ਦਾ ਹੋਕਾ ਦੇਣ ਵਾਲੇ ਗੁਰੂ ਨਾਨਕ ਦੇਵ ਜੀ

-ਪ੍ਰੋ. ਬਸੰਤ ਸਿੰਘ ਬਰਾੜ

ਸਾਰੇ ਵਿਸ਼ਵ ਦੇ ਧਰਮਾਂ ਦੇ ਸੰਸਥਾਪਕਾਂ ਵਿੱਚੋਂ ਗੁਰੂ ਨਾਨਕ ਦੇਵ ਜੀ ਦੀ ਸ਼ਖਸੀਅਤ ਅਤੇ ਦੇਣ ਨਿਵੇਕਲੀ ਹੈ, ਲਾਸਾਨੀ ਹੈ। ਕਿਧਰੇ ਕੋਈ ਅਜਿਹੀ ਧਾਰਮਿਕ ਅਧਿਆਤਮਕ, ਸਮਾਜਕ, ਰਾਜਨੀਤਕ, ਮਾਨਵਵਾਦੀ ਅਤੇ ਪਰਵਾਰਕ ਖੇਤਰਾਂ ਵਿੱਚ ਨਾਲ ਨਾਲ ਵਿਚਰਨ ਵਾਲੀ ਹਸਤੀ ਨਹੀਂ ਮਿਲਦੀ ਜਿਸ ਨੇ ਆਪਣੇ ਬ੍ਰਹਮ ਗਿਆਨ ਨੂੰ ਆਮ ਲੋਕਾਂ ਦੀ ਭਾਸ਼ਾ ਵਿੱਚ ਸੰਗੀਤਮਈ ਕਵਿਤਾ ਰਾਹੀਂ ਦੂਰ ਦੂਰ ਜਾ ਕੇ ਸਮਝਾਇਆ ਹੋਵੇ। ਅਫਸੋਸ ਇਹ ਹੈ ਕਿ ਉਨ੍ਹਾਂ ਨੂੰ ਸਿਰਫ ਸਿੱਖ ਧਰਮ ਤੱਕ ਸੀਮਿਤ ਕਰ ਕੇ ਬਾਕੀ ਵਿਸ਼ਵ ਉਨ੍ਹਾਂ ਦੀਆਂ ਲਾਸਾਨੀ ਰਚਨਾਵਾਂ ਤੋਂ ਲਗਭਗ ਅਗਿਆਨ ਹੈ। ਗੁਰੂ ਨਾਨਕ ਦੇਵ ਜੀ ਦੀ ਬਾਣੀ ਨੂੰ ਕੁਝ ਰਬਿੰਦਰਨਾਥ ਟੈਗੋਰ ਅਤੇ ਅੱਲਾਮਾ ਇਕਬਾਲ ਵਰਗੇ ਮਹਾਨ ਗੈਰ ਸਿੱਖਾਂ ਨੇ ਵੀ ਪੂਰੀ ਤਰ੍ਹਾਂ ਸਮਝਿਆ ਹੈ ਅਤੇ ਪ੍ਰਸ਼ੰਸਾ ਕੀਤੀ ਹੈ। ਟੈਗੋਰ ਪਰਵਾਰ ਹਰ ਸਾਲ ਕੁਝ ਦਿਨਾਂ ਲਈ ਹਰਿਮੰਦਰ ਸਾਹਿਬ ਅੰਮ੍ਰਿਤਸਰ ਆਉਂਦਾ ਸੀ ਅਤੇ ਉਨ੍ਹਾਂ ਨੇ ਗੁਰਬਾਣੀ ਵਿੱਚੋਂ ਚਾਰ ਸ਼ਬਦਾਂ ਨੂੰ ਬ੍ਰਹਮੋ ਸਮਾਜ ਦੇ ਨਿਤਨੇਮ ਵਿੱਚ ਸ਼ਾਮਲ ਕੀਤਾ ਹੈ। ਗੁਰੂ ਨਾਨਕ ਦੇਵ ਜਦੀ ਦੀ ਰਚੀ ਹੋਈ ਨਿਵੇਕਲੀ ਆਰਤੀ 'ਗਗਨ ਮੈਂ ਥਾਲ' ਨੂੰ ਉਹ ਸੰਸਾਰ ਦੀਆਂ ਸਰਵਸ੍ਰੇਸ਼ਟ ਕਿਰਤਾਂ ਵਿੱਚੋਂ ਇੱਕ ਗਿਣਦੇ ਸਨ। ਇਸੇ ਤਰ੍ਹਾਂ ਸਰ ਮੁਹੰਮਦ ਇਕਬਾਲ ਨੇ ਲਿਖਿਆ ਹੈ, 'ਫਿਰ ਉਠੀ ਆਖਿਰ ਸਦਾ ਤੌਹੀਦ ਕੀ ਪੰਜਾਬ ਸੇ/ਹਿੰਦ ਕੋ ਇਕ ਮਰਦੇ-ਕਾਮਲ ਨੇ ਜਗਾਇਆ ਖਵਾਬ ਸੇ।'

ਬਾਬਰਵਾਣੀ ਵਿੱਚ ਜ਼ੁਲਮ ਅਤੇ ਹਿੰਸਾ ਵਿਰੁੱਧ ਦਲੇਰੀ ਨਾਲ ਬੋਲਣ ਅਤੇ ਲੜਨ ਦੀ ਗੁਰੂ ਜੀ ਦੀ ਲਲਕਾਰ ਅਦੁੱਤੀ ਹੈ। ਇਸ ਵਿੱਚ ਤਿੰਨ ਸ਼ਬਦ ਰਾਗ ਆਸਾ ਦੀ ਵਾਰ ਵਿੱਚ ਹਨ, 'ਖੁਰਾਸਾਨ ਕਸਮਾਨਾ ਕੀਆ ਹਿੰ-ਦੁਸਤਾਨ ਡਰਾਇਆ', 'ਜਿਨ ਸਿਰ ਸੋਹਨ ਪੱਟੀਆਂ ਮਾਂਗੀ ਪਏ ਸੰਧੂਰ', 'ਕਹਾਂ ਸੋ ਖੇਲ ਤਬੇਲਾ ਘੋੜੇ' ਅਤੇ 'ਜੈਸੀ ਮੈਂ ਆਵੈ ਖਸਮ ਕੀ ਬਾਣੀ' ਰਾਗ ਤਿਲੰਗ ਵਿੱਚ ਹਨ। ਗੁਰੂ ਜੀ ਨੇ ਬੇਖੌਫ ਹੋ ਕੇ ਬਾਬਰ ਦੀ ਫੌਜ ਨੂੰ 'ਪਾਪਾ ਕੀ ਜੰਞ' ਕਿਹਾ ਅਤੇ ਸਖਤ ਭਾਸ਼ਾ ਵਿੱਚ 'ਰਾਜੇ ਸ਼ੀਹ ਮੁਕੱਦਮ ਕੁੱਤੇ, ਜਾਇ ਜਗਾਇਨ ਬੈਠੇ ਸੁੱਤੇ' ਕਹਿਣ ਤੋਂ ਗੁਰੇਜ਼ ਨਹੀਂ ਕੀਤਾ। ਉਹ ਰੱਬ ਨੂੰ ਵੀ ਉਲਾਮਾ ਦੇਣ ਤੋਂ ਨਹੀਂ ਝਿਜਕੇ, 'ਏਤੀ ਮਾਰ ਪਈ ਕੁਰਲਾਣੇ ਤੈਂ ਕੀ ਦਰਦ ਨਾ ਆਇਆ'। ਸੱਚ, ਇਨਸਾਫ ਅਤੇ ਮਨੁੱਖੀ ਸਮਾਨਤਾ ਲਈ ਲੜਨ ਅਤੇ ਬਲੀਦਾਨ ਦੇਣ ਲਈ ਉਨ੍ਹਾਂ ਨੇ ਸਭ ਨੂੰ ਚੁਣੌਤੀ ਦਿੱਤੀ, 'ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰ ਧਰ ਤਲੀ ਗਲੀ ਮੇਰੀ ਆਉ॥ ਇਤੁ ਮਾਰਗਿ ਪੈਰੁ ਧਰੀਜੈ॥ ਸਿਰ ਦੀਜੈ ਕਾਣਿ ਨਾ ਕੀਜੈ।'' ਔਰਤ ਨੂੰ ਆਦਮੀ ਦੇ ਬਰਾਬਰ ਦਾ ਦਰਜਾ ਦਿਵਾਉਣ ਵਿੱਚ ਗੁਰੂ ਨਾਨਕ ਦੇਵ ਜੀ ਦਾ ਯੋਗਦਾਨ ਅਤੁੱਲ ਅਤੇ ਅਭੁੱਲ ਹੈ। ਜਿਸ ਵੇਲੇ ਭਾਰਤ ਵਿੱਚ ਔਰਤ ਨੂੰ ਪੈਰ ਦੀ ਜੁੱਤੀ ਸਮਝਿਆ ਜਾਂਦਾ ਸੀ ਉਨ੍ਹਾਂ ਨੇ ਗੱਜ ਕੇ ਕਿਹਾ, 'ਸੋ ਕਿਉਂ ਮੰਦਾ ਆਖੀਐ ਜਿਤੁ ਜੰਮੇ ਰਾਜਾਨ।' 'ਰਾਜਾਨ' ਤੋਂ ਉਨ੍ਹਾਂ ਦਾ ਭਾਵ ਗੁਰੂ ਨਾਨਕ ਦੇਵ ਜੀ ਰਾਜੇ ਮਹਾਰਾਜੇ ਨਹੀਂ ਬਲਕਿ ਉਚ ਕੋਟੀ ਦੇ ਇਨਸਾਨ ਸਨ। ਭਾਰਤੀ ਸਮਾਜ ਵਿੱਚ ਖੁੱਲ੍ਹ ਕੇ ਜੀਣ ਅਤੇ ਵਿਕਾਸ ਕਰਨ ਦੇ ਜਿੰਨੇ ਮੌਕੇ ਗੁਰੂ ਸਾਹਿਬ ਦੀਆਂ ਸ਼ਿਸ਼ (ਸਿੱਖ) ਔਰਤਾਂ ਨੂੰ ਹਨ ਓਨੇ ਸ਼ਾਇਦ ਹੀ ਕਿਸੇ ਹੋਰ ਸਮਾਜ ਵਿੱਚ ਹੋਣ। ਇਹ ਸਭ ਗੁਰੂ ਸਾਹਿਬ ਵੱਲੋਂ ਸ਼ੁਰੂ ਕੀਤੀ ਲਹਿਰ ਸਦਕਾ ਹੀ ਹੈ। ਪੰਜਾਬੀ ਭਾਸ਼ਾ ਅਤੇ ਗੁਰਮੁਖੀ ਲਿਪੀ ਬਾਰੇ ਕੁਝ ਗਲਤ ਧਾਰਨਾਵਾਂ ਫੈਲਾ ਛੱਡੀਆਂ ਹਨ। ਪਹਿਲੀ ਇਹ ਕਿ ਪੰਜਾਬੀ ਭਾਸ਼ਾ ਗੁਰੂ ਨਾਨਕ ਦੇਵ ਜੀ ਸਮੇਂ ਆਰੰਭ ਹੋਈ। ਇਹ ਧਾਰਨਾ ਠੀਕ ਨਹੀਂ ਹੈ ਕਿਉਂਕਿ ਬਾਬਾ ਫਰੀਦ ਦੀ ਬਾਣੀ ਠੇਠ ਪੰਜਾਬੀ ਵਿੱਚ ਹੈ ਅਤੇ ਉਹ ਗੁਰੂ ਸਾਹਿਬ ਤੋਂ ਪਹਿਲਾਂ ਹੋਏ ਹਨ। ਦੂਜੀ ਧਾਰਨਾ ਗੁਰਮੁਖੀ ਲਿਪੀ ਬਾਰੇ ਹੈ ਕਿ ਇਹ ਗੁਰੂ ਅੰਗਦ ਦੇਵ ਜੀ ਨੇ ਵਿਕਸਿਤ ਕੀਤੀ। ਦਰਅਸਲ ਇਹ ਲਿਪੀ ਗੁਰੂ ਨਾਨਕ ਦੇਵ ਜੀ ਤੋਂ ਵੀ ਪਹਿਲਾਂ ਦੀ ਹੈ।

ਗੁਰੂ ਜੀ ਨੇ 'ਪੱਟੀ ਲਿਪੀ' ਵਿੱਚ ਸਾਰੇ ਪੈਂਤੀ ਅੱਖਰਾਂ ਨਾਲ ਸ਼ਬਦ ਲਿਖੇ ਹਨ। ਸਿਰਫ ਤਰਤੀਬ ਥੋੜ੍ਹੀ ਵੱਖਰੀ ਹੈ। ਸ. ੲ, ੳ ਤੇ * ਆਰੰਭ ਵਿੱਚ ਹਨ। ਹ ਅਤੇ ਅ ਅੰਤ ਵਿੱਚ ਹਨ। ਦੋ ਅੱਖਰ ਜੋ ਮੇਰੇ ਕੋਲ ਨਹੀਂ ਹਨ ਅਤੇ ਅਲੋਪ ਹੋ ਚੱਲੇ ਹਨ ਵੀ ਵਿੱਚ ਸ਼ਾਮਲ ਹਨ। ਗੁਰੂ ਅੰਗਦ ਦੇਵ ਜੀ ਨੇ ਇਨ੍ਹਾਂ ਪੈਂਤੀ ਅੱਖਰਾਂ ਨੂੰ ਨਵੀਂ ਤਰਤੀਬ ਦਿੱਤੀ ਸੀ। ਲਗਾਂ ਮਾਤਰਾ ਦਾ ਵਿਕਾਸ ਕੁਝ ਬਾਅਦ ਵਿੱਚ ਹੋਇਆ ਹੈ। ਗੁਰੂ ਨਾਨਕ ਦੇਵ ਜੀ ਦੇ ਅਧਿਆਤਮਕ ਫਲਸਫੇ, ਪ੍ਰਮਾਤਮ ਦੀ ਕੁਦਰਤ ਵਿੱਚ ਹੋਂਦ, ਸੱਚਾ ਸੁੱਚਾ ਜੀਵਨ ਜੀਣ, ਵੰਡ ਕੇ ਛਕਣ, ਗਊ ਗਰੀਬ ਦੀ ਰੱਖਿਆ ਕਰਨ, ਦਸਾਂ ਨਹੁੰਆਂ ਦੀ ਕਿਰਤ ਕਰਨ ਅਤੇ ਅਨੇਕ ਹੋਰ ਪਹਿਲੂਆਂ ਬਾਰੇ ਸਾਰੇ ਲੋਕ ਜਾਣਦੇ ਹਨ। ਬ੍ਰਹਮ ਗਿਆਨ ਦੀ ਸ਼ਕਤੀ ਨਾਲ ਗੁਰੂ ਜੀ ਨੂੰ ਸਾਰੀ ਸ੍ਰਿਸ਼ਟੀ ਬਾਰੇ ਹੈਰਾਨੀਜਨਕ ਪੱਧਰ ਦਾ ਗਿਆਨ ਆਉਣ ਤੋਂ ਪਹਿਲਾਂ 'ਅਰਬਦ ਨਰਬਦ ਧੁੰਧੂਕਾਰਾ' ਸੀ। ਫਿਰ 'ਸਾਚਤੇ ਤੇ ਪਵਨਾ ਭਇਆ ਪਵਨੈ ਤੇ ਜਲ ਹੋਇ॥ ਜਲ ਤੇ ਤ੍ਰਿਭਵਣ ਸਾਜਿਆ ਘਟੇ ਘਟ ਜੋਤ ਸਮੋਇ॥'

ਇਹ ਵਿਸ਼ਲੇਸ਼ਣ ਡਾਰਵਿਨ ਵੱਲੋਂ ਆਪਣੀ ਕਿਤਾਬ 'ਦਿ ਉਰਿਜਨ ਆਫ ਦ ਪਸੀਸ਼ੀਜ਼' ਵਿੱਚ ਦਿੱਤੇ ਫਲਸਫੇ ਨਾਲ ਮੇਲ ਖਾਂਦਾ ਹੈ। ਜਦੋਂ ਇਹ ਮੰਨਿ-ਆ ਜਾਂਦਾ ਸੀ ਕਿ ਧਰਤੀ ਇੱਕ ਬੈਲ ਨੇ ਚੁੱਕੀ ਹੋਈ ਹੈ ਤਾਂ ਗੁਰੂ ਸਾਹਿਬ ਨੇ ਕਿਹਾ, 'ਧਰਤੀ ਹੋਰੁ ਪਰੈ ਹੋਰੁ ਹੋਰੁ॥ ਤਿਸ ਤੇ ਭਾਰ ਤਲੈ ਕਵਣੁ ਜੋਰੁ॥'

ਕੁਝ ਅਖੌਤੀ ਵਿਦਵਾਨਾਂ ਨੇ ਗੁਰੂ ਨਾਨਕ ਦੇਵ ਜੀ ਦੇ ਸੰਸਕ੍ਰਿਤ, ਫ਼ਾਰਸੀ, ਅਰਬੀ ਵਗੈਰਾ ਦੇ ਗਿਆਨ ਬਾਰੇ ਸ਼ੰਕੇ ਉਤਪਨ ਕੀਤੇ ਹਨ। ਇਸ ਦਾ ਕਾਰਨ ਸਿਰਫ ਇਹ ਹੈ ਕਿ ਗੁਰੂ ਜੀ ਨੇ ਸਵਾਰਥੀ ਹਿੱਤਾਂ ਵਾਲੇ ਤੱਤਾਂ ਦੀ ਲੁੱਟ ਖਸੁੱਟ ਤੋਂ ਆਮ ਆਦਮੀ ਨੂੰ ਆਜ਼ਾਦ ਕਰਵਾਉਣ ਲਈ ਆਪਣੀ ਬਾਣੀ ਹਰ ਕਿਸੇ ਦੇ ਸਮਝ ਵਿੱਚ ਆਉਣ ਵਾਲੀ ਭਾਸ਼ਾ ਵਿੱਚ ਰਚੀ। ਉਨ੍ਹਾਂ ਨੇ ਸਾਧਾਰਨ ਜੀਵਨ ਦੀ ਬੋਲ-ਚਾਲ ਵਾਲੀ ਭਾਸ਼ਾ ਵਰਤ ਕੇ ਆਤਮਾ ਪ੍ਰਮਾਤਮਾ ਅਤੇ ਜੀਵਨ ਜਾਚ ਦੇ ਰਹੱਸ ਜਨ ਸਾਧਾਰਨ ਤੱਕ ਪਹੁੰਚਾਏ। ਇਸ ਆਮ ਭਾਸ਼ਾ ਅਤੇ ਨਿੱਤ ਪ੍ਰਤੀ ਦੇ ਜੀਵਨ ਵਿੱਚੋਂ ਉਨ੍ਹਾਂ ਨੇ ਅਜਿਹੇ ਬਿੰਬ ਪ੍ਰਯੋਗ ਕੀਤੇ ਕਿ ਪੰਜਾਬੀ ਕਵਿਤਾ ਵਿੱਚ ਗਜ਼ਬ ਦੀ ਸੰਖੇਪਤਾ, ਸਪੱਸ਼ਟਤਾ ਅਤੇ ਉਚਾਈਆਂ ਲਿਆਂਦੀ।

ਹਲ, ਸੁਹਾਗਾ, ਅਹਰਣਿ, ਖਲਾ ਆਦਿ ਉਨ੍ਹਾਂ ਨੇ ਉਚ ਕੋਟੀ ਦੇ ਬਿੰਬ ਬਣਾਏ। ਇੱਕ ਸ਼ਬਦ ਵਿੱਚ ਉਨ੍ਹਾਂ ਨੇ ਆਪਣੇ ਆਪ ਨੂੰ ਸਾਇਰ (ਸ਼ਾਇਰ) ਕਿਹਾ ਹੈ ਅਤੇ ਜੇ ਉਨ੍ਹਾਂ ਦਾ ਕੇਵਲ ਇੱਕ ਕਵੀ ਦੇ ਤੌਰ 'ਤੇ ਹੀ ਮੁੱਲਾਂਕਣ ਕੀਤਾ ਜਾਵੇ ਤਾਂ ਉਹ ਦੁਨੀਆ ਦੇ ਕਿਸੇ ਕਵੀ ਤੋਂ ਪਿੱਛੇ ਨਹੀਂ ਹਨ। ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿੱਚ ਇਸ ਤੱਥ ਦੇ ਪ੍ਰਤੱਖ ਪ੍ਰਮਾਣ ਹਨ ਕਿ ਉਹ ਸੰਸਕ੍ਰਿਤ, ਫ਼ਾਰਸੀ ਅਤੇ ਅਰਬੀ ਵਿੱਚ ਨਿਪੁੰਨ ਸਨ। ਉਨ੍ਹਾਂ ਨੇ ਸ੍ਰਿਸ਼ਟੀ ਦੇ ਸਾਜਣ ਬਾਰੇ ਮਨੁੱਖੀ ਅਗਿਆਨਤਾ ਪ੍ਰਗਟ ਕਰਦੇ ਹੋਏ ਲਿਖਿਆ ਹੈ, 'ਵੇਲ ਨ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ॥ ਵਖਤ ਨ ਪਾਇਓ ਕਾਦੀਆ ਜਿ ਲਿਖਨਿ ਲੇਖ ਕੁਰਾਣੁ॥ ਥਿਤਿ ਵਾਰ ਨ ਜੋਗੀ ਜਾਣੈ ਰੁਤਿ ਮਾਹੁ ਨ ਕੋਈ॥ ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ॥' ਇਸ ਤੋਂ ਸਪੱਸ਼ਟ ਹੈ ਕਿ ਗੁਰੂ ਸਾਹਿਬ ਨੇ ਸਾਰੇ ਹਿੰਦੂ ਗ੍ਰੰਥ ਵੀ ਪੜ੍ਹੇ ਹੋਏ ਸਨ ਅਤੇ ਕੁਰਾਨ ਸ਼ਰੀਫ ਵੀ। ਉਸ ਵੇਲੇ ਹਿੰਦੂ ਗ੍ਰੰਥ ਕੇਵਲ ਸੰਸਕ੍ਰਿਤ ਵਿੱਚ ਸਨ ਅਤੇ ਕੁਰਾਨ ਸ਼ਰੀਫ ਅਰਬੀ ਭਾਸ਼ਾ ਵਿੱਚ ਹੈ। ਫ਼ਾਰਸੀ ਵਿੱਚ ਵੀ ਗੁਰੂ ਜੀ ਨੇ ਚਾਰ ਸ਼ਲੋਕ ਲਿਖੇ ਹਨ।

ਗੁਰੂ ਨਾਨਕ ਦੇਵ ਜੀ ਬਹੁਤ ਸੁਰੀਲੇ ਗਲ਼ੇ ਦੇ ਧਨੀ ਵੀ ਹੋਣਗੇ। ਉਨ੍ਹਾਂ ਦੀ ਸਾਰੀ ਬਾਣੀ ਵੱਖ ਵੱਖ ਰਾਗਾਂ ਵਿੱਚ ਹੈ। ਰਾਗਾਂ ਦੇ ਸੰਪੂਰਨ ਗਿਆਨ ਤੋਂ ਬਿਨਾਂ ਇਹ ਰਚੀ ਨਹੀਂ ਸੀ ਜਾ ਸਕਦੀ। ਉਦਾਸੀਆਂ ਸਮੇਂ ਗੁਰੂ ਜੀ ਨਾਲ ਬਾਲਾ ਅਤੇ ਮਰਦਾਨਾ ਹੁੰਦੇ ਸਨ। ਬਾਲਾ ਜੀ ਮੁੱਖ ਤੌਰ 'ਤੇ ਸ਼ਰਧਾਲੂ ਅਤੇ ਸੇਵਕ ਸਨ। ਮਰਦਾਨਾ ਜੀ ਰਬਾਬ ਵਜਾਉਂਦੇ ਸਨ ਜਿਸ ਦੀ ਸੰਗਤ ਵਿੱਚ ਰਾਗਾਂ ਵਿੱਚ ਗਾਉਣਾ ਸੰਭਵ ਹੈ। ਗੁਰੂ ਸਾਹਿਬ ਗਾ ਕੇ ਬਾਣੀ ਉਚਾਰਦੇ ਹੋਣਗੇ। ਜਨਮ ਸਾਖੀਆਂ ਵਿੱਚ ਵੀ ਆਉਂਦਾ ਹੈ ਕਿ ਗੁਰੂ ਸਾਹਿਬ ਭਾਈ ਮਰਦਾਨੇ ਨੂੰ ਕਹਿੰਦੇ ਹੁੰਦੇ ਸਨ, 'ਮਰਦਾਨਿਆ, ਰਬਾਬ ਉਠਾ। ਬਾਣੀ ਆਈ ਹੈ।' ਇੱਕ ਸ਼ਲੋਕ ਵਿੱਚ ਗੁਰੂ ਸਾਹਿਬ ਨੇ ਕਿਹਾ ਹੈ, 'ਨਾਨਕ ਨਾਮ ਪਦਾਰਥ ਦੀਜੈ ਹਿਰਦੈ ਕੰਠ ਬਣਾਈ॥ ਭਾਵ 'ਨਾਨਕ ਨੂੰ ਆਪਣੇ ਨਾਮ ਦੀ ਦੌਲਤ ਪ੍ਰਦਾਨ ਕਰ, ਹੇ ਸੁਆਮੀ। ਉਸ ਨਾਲ ਉਹ ਆਪਣੇ ਦਿਲ ਅਤੇ ਗਲ਼ੇ ਨੂੰ ਸ਼ਿੰਗਾਰ ਲਵੇਗਾ।' ਗੁਰੂ ਸਾਹਿਬ ਨੂੰ ਰਾਗਾਂ ਵਿੱਚ ਬਾਣੀ ਉਚਾਰਦੇ ਹੋਏ ਕਲਪਨਾ ਕਰ ਕੇ ਰੂਹ ਸਰਸ਼ਾਰ ਹੋ ਜਾਂਦੀ ਹੈ।

# ਅੱਜ ਲੋੜ ਹੈ ਗੁਰੂ ਨਾਨਕ ਸਾਹਿਬ ਦੇ ਉਪਦੇਸ਼ ਨੂੰ ਆਪਣੇ ਹਿਰਦੇ ਵਿਚ ਵਸਾਉਣ ਦੀ



ਸੁਰਜੀਤ ਸਿੰਘ ਫਲੋਰਾ

ਜਦ ਅਸੀਂ ਸੰਸਾਰ ਭਰ ਵਿਚ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ 551 ਵੇ ਗੁਰਪਰਬ ਦੀਆਂ ਤਿਆਰੀਆਂ ਬਹੁਤ ਉਤਸ਼ਾਹਾ ਨਾਲ ਕਰ ਰਹੇ ਹਾਂ।

ਠੀਕ ਹੈ ਸਾਨੂੰ ਉਸ ਦੁਨੀਆਂ ਦੇ ਮਾਲਿਕ ਲਈ ਉਸ ਦੇ ਮਾਣ ਸਤਿਕ-ਾਰ ਲਈ ਸਭ ਕੁਝ ਕਰਨਾ ਬਣਦਾ ਹੈ। ਪਰ ਸਵਾਲ ਇਹ ਪੈਦਾ ਹੁੰਦਾ ਹੈ ਕਿ ਕੀ ਅਸੀਂ 550 ਸਾਲਾਂ ਦੇ ਲੰਮੇ ਪੈਂਡੇ ਨੂੰ ਤਹਿ ਕਰਦੇ ਹੋਏ ਗੁਰੂ ਸਾਹਿਬ ਦੇ ਉਪਦੇਸ਼ ਚੋਹ ਵਰਨਾਂ ਕੋ ਸਾਂਝਾ , ਪਿਆਰ ਮੁਹੱਬਤ, ਏਕੇ ਵਾਲਾਂ ਦਿਲ ਦੀਆਂ ਦਵੇਸ਼ਾ ਨੂੰ ਮਿਟਾ ਕੇ ਆਪਣੇ ਮਨਾ ਦੀ ਵੈਰ ਵਿਰੋਧ ਦੀ ਚੌਧਰ ਦੀ, ਧੁੰਧੁ ਜਿਸ ਨੂੰ ਬਾਣੀ ਪੜ੍ਹ ਪੜ੍ਹ ਕੇ ਉਸ ਤੇ ਅਮਲ ਕਰਕੇ ਆਪਣੇ ਮਨ੍ਹਾ ਵਿਚ ਚਾਨਣ ਕਰਨਾ ਸੀ ਉਹ ਤਾਂ ਅੱਜ ਤੱਕ ਵੀ ਨਹੀਂ ਕਰ ਪਾਏ।

ਇਹ ਲੋਕ ਦਿਖਾਵੇ, ਚੋਧਰ, ਲੀਡਰਸ਼ਿਪ, ਮੈਂ -ਮੇਰੀ ਨੂੰ ਪਹਿਲਾਂ ਖ਼ਤਮ ਕਰਨਾ ਹੋਵੇਗਾ, ਅਸੀਂ ਤਾਂ ਹੀ ਉਸ ਦੇ ਸੱਚੇ ਸੁੱਚੇ ਸਿੱਖ ਬਣ ਸਕਦੇ ਹਾਂ । ਗੁਰੂ ਨਾਨਕ ਜੀ ਦੇ ਉਪਦੇਸ਼ ਵਾਰੇ ਗੱਲ ਕਰਦੇ ਹਾਂ ਤੇ ਬਹੁਤ ਸਾਰਾ ਇਤਿਹਾਸ ਅੱਗੇ ਪਿਛੇ ਹੋਇਆਂ ਪਿਆ ਹੈ। ਪਰ ਅਸੀਂ ਜੋ ਸਹੀ ਸਮਝਦੇ ਹਾਂ ਉਸ ਹਿਸਾਬ ਨਾਲ ਅੱਗੇ ਵਧ ਰਹੇ ਹਾਂ । ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਸਿੱਖਾ ਦੇ ਮੋਢੀ ਗੁਰੂ ਸਨ। ਇਨ੍ਹਾਂ ਦਾ ਜਨਮ ੧੫ ਅਪ੍ਰੈਲ ੧੪੬੯ ਨੂੰ ਪਾਕਿਸਤਾਨ ਵਿਖੇ ਰਾਇ-ਭੋਇ ਦੀ ਤਲਵੰਡੀ ਵਿੱਚ ਹੋਇਆ।

ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਨਾਲ ਦੁਨੀਆਂ ਦੇ ਅੰਧਕਾਰ ਵਿਚ ਪ੍ਰਕਾਸ਼ ਹੋਇਆ। ਕਲਯੁੱਗ ਵਿਚ ਨਾਮ ਧਰਮ ਦੀ ਚਰਚਾ ਚੱਲੀ। ਸਾਰੇ ਭਵਨਾਂ ਵਿਚ ਪਾਰਬ੍ਰਹਮ ਦਾ ਰੂਪ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਰੁਸ਼ਨਾਈ ਫੈਲ ਗਈ:

ਬਲਿਓ ਚਰਾਗੁ ਅੰਧ੍ਹਾਰ ਮਹਿ ਸਭ ਕਲਿ ਉਧਰੀ ਇਕ ਨਾਮ ਧਰਮ॥
ਪ੍ਰਗਟੁ ਸਗਲ ਹਰਿ ਭਵਨ ਮਹਿ ਜਨੁ ਨਾਨਕੁ ਗੁਰੁ ਪਾਰਬ੍ਰਹਮ॥ (ਪੰਨਾ 1387)

ਜਿਸ ਨੂੰ ਭਾਈ ਗੁਰਦਾਸ ਜੀ ਆਪਣਿਆਂ ਵਾਰਾਂ ਵਿਚ ਇਸ ਤਰ੍ਹਾਂ ਲਿਖਦੇ ਹਨ

ਸਤਿਗੁਰੁ ਨਾਨਕੁ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ।
ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪਿ ਅੰਧੇਰੁ ਪਲੋਆ। (ਵਾਰ 1;27)

ਭਾਈ ਗੁਰਦਾਸ ਜੀ ਨੇ ਇਸ ਪ੍ਰਕਾਸ਼ ਦੀ ਸੂਰਜ ਨਾਲ ਤੁਲਨਾ ਕੀਤੀ ਹੈ ਕਿਉਂਕਿ ਸੂਰਜ ਦਾ ਪ੍ਰਕਾਸ਼ ਇੰਨਾ ਤੇਜ਼ ਹੁੰਦਾ ਹੈ ਜਿਸ ਨਾਲ ਹਰ ਇਕ ਕੋਨੇ ਵਿਚ ਪਸਰਿਆ ਹੋਇਆ ਹਨੇਰਾ ਖੰਭ ਲਗਾ ਕੇ ਉਡ ਜਾਂਦਾ ਹੈ। ਸੂਰਜ ਦੇ ਤੇਜ਼ ਪ੍ਰਕਾਸ਼ ਨਾਲ ਹਰ ਤਰਫ਼ ਫੈਲੀ ਹੋਈ ਧੁੰਧ, ਹਨੇਰਾ ਮਿਟ ਜਾਂਦਾ ਹੈ।

ਕਹਿੰਦੇ ਹਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਸਮੇਂ ਸੰਸਾਰ ਅੰਦਰ ਵਿਸ਼ੇਸ ਕਰਕੇ ਭਾਰਤ ਵਰਸ਼ ਦੀ ਅੰਦਰੂਨੀ ਹਾਲਤ ਮੰਦਭਾਗੀ ਸੀ। ਕਿਸੇ ਵੀ ਦੇਸ਼ ਦੀ ਖੁਸ਼ਹਾਲੀ ਦਾ ਅੰਦਾਜ਼ਾ ਉਥੋਂ ਦੀ ਰਾਜਨੀਤਿਕ, ਆਰਥਿਕ, ਸਮਾਜਿਕ ਅਤੇ ਧਾਰਮਿਕ ਹਾਲਤ ਤੋਂ ਲਾਇਆ ਜਾਂਦਾ ਹੈ। ਭਾਰਤ ਇਨ੍ਹਾਂ ਚਾਰੇ ਪ੍ਰਸਥਿਤੀਆਂ ਵਿਚ ਆਪਣੇ ਅਸਲੀ ਵਜੂਦ ਨੂੰ ਖੋਹ ਚੁੱਕਾ ਸੀ। ਧਰਮ ਦੇ ਆਗੂ ਆਪਣਾ ਧੀਰਜ ਖੋਹ ਚੁੱਕੇ ਸਨ। ਕਾਜ਼ੀ, ਬ੍ਰਾਹਮਣ ਅਤੇ ਜੋਗੀ ਤਿੰਨੇ ਹੀ ਲੋਕਾਈ ਨੂੰ ਕੁਰਾਹੇ ਪਾ ਰਹੇ ਸਨ। ਇਸ ਲਈ ਇਨ੍ਹਾਂ ਤਿੰਨਾਂ ਨੂੰ ਗੁਰੂ ਜੀ ਨੇ ਕਰੜੇ ਸ਼ਬਦਾਂ ਰਾਹੀਂ ਨਿੰਦਿਆ ਕਰਕੇ ਹੋਏ ਲਿਖਿਆਂ ਹੈ:

ਕਾਦੀ ਕੂੜੁ ਬੋਲਿ ਮਲੁ ਖਾਇ॥
ਬ੍ਰਾਹਮਣੁ ਨਾਵੈ ਜੀਆ ਘਾਇ॥ ਜੋਗੀ ਜੁਗਤਿ ਨ ਜਾਣੈ ਅੰਧੁ॥ ਤੀਨੇ ਓਜਾੜੇ ਕਾ ਬੰਧੁ॥ (ਪੰਨਾ 662)

ਧਰਮ ਦਾ ਵਿਵਹਾਰ ਵਰਣ-ਵਿਵਸਥਾ ਵਿਚ ਵੰਡਿਆ ਗਿਆ। ਵਰਣ-ਆਸ਼ਰਮ ਵਿਵਸਥਾ ਜਿਸ ਮਨੋਰਥ ਜਾਂ ਆਦਰਸ਼ ਲਈ ਆਰੰਭ ਕੀਤਾ ਗਿਆ ਸੀ ਉਹ ਵਿਲੀਨ ਹੋ ਗਈ ਸੀ। ਸਮਾਜ ਵਿਚ ਬ੍ਰਾਹਮਣਾਂ ਦਾ ਰੁਤਬਾ ਵਧਦਾ ਗਿਆ ਜਿਸ ਨਾਲ ਨੀਵੀਆਂ ਜਾਤਾਂ ਦਾ ਜੀਵਨ ਨਰਕ ਬਣ ਗਿਆ। ਉਨ੍ਹਾਂ ਦੀ ਹਾਲਤ ਦਿਨ-ਪ੍ਰਤੀਦਿਨ ਨਿਘਰਦੀ ਗਈ। ਉਨ੍ਹਾਂ ਦੇ ਵਿਕਾਸ ਦੇ ਦਰਵਾਜ਼ੇ ਬੰਦ ਹੋ ਗਏ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਰਾਹੀਂ ਜ਼ੋਰਦਾਰ ਸ਼ਬਦਾਂ ਵਿਚ ਬ੍ਰਾਹਮਣਵਾਦ ਨੂੰ ਨਕਾਰ ਕੇ ਨੀਚ ਕਹੇ ਜਾਂਦੇ ਲੋਕਾਂ ਦੀ ਬਾਂਹ ਫੜਦੇ ਹੋਏ ਲਿਖਦੇ ਹਨ:

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥ (ਅੰਗ 15)

ਗੁਰੂ ਜੀ ਨੇ ਊਚ-ਨੀਚ ਦਾ ਭੇਦ ਮਿਟਾ ਕੇ ਸਮਾਨਤਾ ਤੇ ਇਕ ਹੋਣ ਦਾ ਪ੍ਰਚਾਰ ਕੀਤਾ। ਇਸ ਤਰ੍ਹਾਂ ਰਸਮਾਂ-ਰਿਵਾਜਾਂ, ਮੂਰਤੀ-ਪੂਜਾ, ਯੱਗਾਂ, ਊਚ-ਨੀਚ ਅਤੇ ਜਾਤ-ਪਾਤ ਦੇ ਵਿਤਕਰੇ, ਕਰਮਕਾਂਡ, ਪੂਜਾ, ਅਨੇਕਾਂ ਵਹਿਮਾਂ-ਭਰਮਾਂ, ਸ਼ੰਕਿਆਂ, ਅੰਧ-ਵਿਸ਼ਵਾਸਾਂ ਅਤੇ ਬਾਹਰੀ ਆਚਾਰਾਂ-ਵਿਹਾਰਾਂ ਨੇ ਇਥੋਂ ਦੇ ਪ੍ਰਚੱਲਤ ਧਰਮ ਨੂੰ ਵਿਕਰਤ ਕਰ ਦਿੱਤਾ ਸੀ।

ਉਸ ਸਮੇਂ ਦੀ ਰਾਜਨੀਤੀ ਧਾਰਮਿਕ ਅੰਨ੍ਹੇਪਣ ਦੀ ਦਾਸੀ ਬਣੀ ਹੋਈ ਸੀ। ਮੁਸਲਮਾਨਾਂ ਦਾ ਅਸਲ ਮਨੋਰਥ ਹਿੰ-ਦੁਸਤਾਨ ਵਿਚ ਮੁਸਲਮਾਨੀ ਰਾਜ ਸਥਾਪਿਤ ਕਰਨ ਦੇ ਨਾਲ-ਨਾਲ ਆਪਣੇ ਧਰਮ ਨੂੰ ਵੀ ਸਥਾਪਿਤ ਕਰਨਾ ਸੀ। ਉਹ 'ਅੱਲ੍ਹਾ ਹੂ' ਦੀ ਗੂੰਜ ਧਾਰਮਿਕ ਸਥਾਨਾਂ ਵਿਚ ਸੁਣਨਾ ਚਾਹੁੰਦੇ ਸਨ। ਭਾਰਤੀ ਲੋਕਾਂ ਨੂੰ ਜ਼ਬਰਦਸਤੀ ਮੁਸਲਮਾਨ ਬਣਾਇਆ ਜਾਂਦਾ ਸੀ। ਇਕ ਦਿਨ ਵਿਚ ਹੀ ਲੱਖਾਂ ਬੰਦਿਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਜਾਂਦਾ ਸੀ। ਲੋਕਾਂ ਦੀ ਨਾ ਤਾਂ ਜਾਨ ਸੁਰੱਖਿਅਤ ਸੀ ਅਤੇ ਨਾ ਹੀ ਸੰਪਤੀ। ਭਾਰਤੀਆਂ ਨੂੰ ਉੱਚ ਅਹੁਦਿਆਂ ਤੋਂ ਵਾਂਝੇ ਰੱਖਿਆ ਜਾਂਦਾ ਸੀ। ਬਹੁਤ ਭੇਦ-ਭਾਵ ਕੀਤਾ ਜਾਂਦਾ ਸੀ। ਲੱਖਾਂ ਦੀ ਗਿਣਤੀ ਵਿਚ ਲੋਕਾਂ ਨੂੰ ਮੁਸਲਮਾਨ ਬਣਾਇਆ ਜਾਂਦਾ ਸੀ। ਜਨਤਾ ਬੇਚੈਨ ਹਿਰਦੇ ਨਾਲ ਅਸਲੀ ਸ਼ਾਂਤੀ ਨੂੰ ਲੱਭਣ ਦੀ ਤਲਾਸ਼ ਵਿਚ ਸੀ।

ਗਰੀਬਾਂ ਨੂੰ ਮੁਸਲਮਾਨਾਂ ਅਤੇ ਹਿੰਦੂਆਂ ਦੋਵਾਂ ਦੇ ਅਤਿਆਚਾਰਾਂ ਦੀ ਚੋਟ ਸਹਿਣੀ ਪੈ ਰਹੀ ਸੀ। ਮੁਸਲਮਾਨ ਹਾਕਮ ਗੈਰ-ਮੁਸਲਿਮਾਂ ਉੱਪਰ ਜ਼ੁਲਮ ਕਰਨਾ ਇਕ ਸਵਾਬ ਸਮਝਦੇ ਸਨ। ਉਸ ਵਕਤ ਭਾਰਤ ਵਿਚ ਸਾਰੇ ਪਾਸੇ ਪਸਰੀ ਧਾਰਮਿਕ ਖਿਚੋਤਾਣ ਦਾ ਵਰਣਨ ਭਾਈ ਗੁਰਦਾਸ ਜੀ ਨੇ ਵੀ ਆਪਣੀਆਂ ਵਾਰਾਂ ਵਿਚ ਕੀਤਾ ਹੈ:

ਚਾਰਿ ਵਰਨ ਚਾਰਿ ਮਜਹਬਾਂ ਜਗ ਵਿਚਿ ਹਿੰਦੂ ਮੁਸਲਮਾਣੇ॥
ਖੁਦੀ ਬਖੀਲਿ ਤਕਬਰੀ ਖਿੰਚੋਤਾਣ ਕਰੇਨਿ ਧਿਙਾਣੇ॥
ਗੰਗ ਬਨਾਰਸਿ ਹਿੰਦੂਆਂ ਮਕਾ ਕਾਬਾ ਮੁਸਲਮਾਣੇ॥
ਸੁੰਨਤਿ ਮੁਸਲਮਾਣ ਦੀ ਤਿਲਕ ਜੰਞੂ ਹਿੰਦੂ ਲੋਭਾਣੇ॥
ਰਾਮ ਰਹੀਮ ਕਹਾਇਦੇ ਇਕੁ ਨਾਮੁ ਦੁਇ ਰਾਹ ਭੁਲਾਣੇ॥
ਬੇਦ ਕਤੇਬ ਭੁਲਾਇਕੈ ਮੋਹੇ ਲਾਲਚ ਦੁਨੀ ਸੈਤਾਣੇ॥
ਸਚੁ ਕਿਨਾਰੇ ਰਹਿ ਗਿਆ ਖਹਿ ਮਰਦੇ ਬਾਹਮਣ ਮਉਲਾਣੇ॥
ਸਿਰੋ ਨ ਮਿਟੇ ਆਵਣ ਜਾਣੇ॥
(ਵਾਰ ੧, ਪਉੜੀ ੨੧)

ਉਸ ਸਮੇਂ ਦੇ ਸ਼ਾਸਕਾਂ ਨਾਲ ਗੁਰੂ ਜੀ ਦਾ ਮਿਲਾਪ ਹੋਇਆ, ਉਨ੍ਹਾਂ ਨੇ ਗੁਰੂ ਜੀ ਦੇ ਸੁਤੰਤਰ ਵਿਚਾਰਾਂ ਕਾਰਨ ਕੈਦ ਕਰ ਲਿਆ ਸੀ। ਉਸ ਸਮੇਂ ਸਜਾ ਦੇ ਨਿਯਮ ਬਹੁਤ ਸਖ਼ਤ ਸਨ। ਦੋਸ਼ੀਆਂ ਨੂੰ ਆਮ ਤੌਰ ਤੇ ਅੰਗ ਭੰਗ ਕਰਨ ਅਤੇ ਮੌਤ ਦੀ ਸਜਾ ਦਿੱਤੀ ਜਾਂਦੀ ਸੀ। ਦੋਸ਼ੀਆਂ ਕੋਲੋਂ ਦੋਸ਼ ਦਾ ਇਕਬਾਲ ਕਰਵਾਉਣ ਲਈ ਸਖ਼ਤੀ ਤੇ ਜ਼ੁਲਮ ਦਾ ਪ੍ਰਯੋਗ ਕੀਤਾ ਜਾਂਦਾ ਸੀ। ਸਮੇਂ ਦੇ ਅਫਸਰਾਂ ਵਿਚ ਰਿਸ਼ਵਤ ਦਾ ਬੋਲਬਾਲਾ ਸੀ। ਇਤਿਹਾਸ ਦੇ ਅਨੁਸਾਰ ਇਹ ਸਮਾਂ ਰਾਜਨੀਤਿਕ ਹਲਚਲ ਤੇ ਅਰਾਜਕਤਾ ਦਾ ਜ਼ਮਾਨਾ ਸੀ। ਆਪਣੇ ਸਮੇਂ ਦਾ ਹਾਲ ਗੁਰੂ ਜੀ ਨੇ ਬਾਣੀ ਵਿਚ ਬਿਆਨ ਕੀਤਾ ਹੈ:-

-ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥
ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥
(ਅੰਗ ੧੪੫)

ਗਰੀਬਾਂ ਨੂੰ ਮੁਸਲਮਾਨਾਂ ਅਤੇ ਹਿੰਦੂਆਂ ਦੋਵਾਂ ਦੇ ਅਤਿਆਚਾਰਾਂ ਦੀ ਚੋਟ ਸਹਿਣੀ ਪੈ ਰਹੀ ਸੀ। ਮੁਸਲਮਾਨ ਹਾਕਮ ਗੁਰੂ ਸਾਹਿਬ ਜੀ ਨੇ ਚੰਗੇ ਸਮਾਜ ਦੇ ਨਿਰਮਾਣ ਲਈ ਦੁਨੀਆਂ ਸਾਹਮਣੇ ਤਿੰਨ ਸਿਧਾਂਤ ਰੱਖੇ ਕਿਰਤ ਕਰੋ, ਨਾਮ ਜਪੋ, ਵੰਡ ਛਕੋ। ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਗੁਰੂ ਨਾਨਕ ਸਾਹਿਬ ਜੀ ਨੇ ਸਾਂਝੀਵਾਲਤਾ, ਭਾਈਚਾਰੇ, ਅਤੇ ਰਾਸ਼ਟਰੀ ਏਕਤਾ ਦਾ ਉਪਦੇਸ਼ ਦਿੱਤਾ। ਉਨ੍ਹਾਂ ਦਾ ਫ਼ਲਸਫ਼ਾ, ਉਨ੍ਹਾਂ ਦਾ ਮਾਰਗ ਹਰ ਦੇਸ਼ ਤੇ ਹਰ ਕੌਮ ਦੇ ਉਸ ਪ੍ਰਾਣੀ ਲਈ ਹੈ ਜੋ ਸਚ ਦਾ ਪਾਂਧੀ ਹੋਵੇ, ਸ਼ਾਂਤੀ ਤੇ ਮਾਨਵ ਏਕਤਾ ਦਾ ਚਾਹਵਾਨ ਹੋਵੇ।

ਗੁਰੂ ਸਾਹਿਬ ਜੀ ਦੇ ਮਨ ਵਿਚ ਕੇਵਲ ਆਪਣੇ ਦੇਸ਼ ਲਈ ਹੀ ਪਿਆਰ ਨਹੀਂ ਸੀ ਉਹ ਤਾਂ ਸਾਰੀ ਸ੍ਰਿਸ਼ਟੀ ਦੇ ਕਲਿਆਣ ਲਈ ਪਰਮਾਤਮਾ ਅੱਗੇ ਬੇਨਤੀ ਕਰਦੇ ਹਨ:

ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ॥
ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ॥ (ਅੰਗ ੮੫੩)

ਸਮੂਹ ਸੰਸਾਰ 'ਚ ਗੁਰੂ ਨਾਨਕ ਨਾਮ-ਲੇਵਾ ਸੰਗਤਾਂ ਨੂੰ ਆਪਣੇ ਅੰਦਰ ਝਾਤ ਮਾਰ ਕੇ ਦੇਖਣਾ ਹੋਵੇਗਾ ਕਿ ਕੀ ਅਸੀਂ ਗੁਰੂ ਸਾਹਿਬ ਜੀ ਦੀਆਂ ਸਿੱਖਿਆਵਾਂ 'ਤੇ ਅਮਲ ਕਰ ਰਹੇ ਹਾਂ। ਤੇ ਸਾਡਾ ਫਰਜ਼ ਬਣਦਾ ਹੈ ਕਿ ਗੁਰੂ ਡੰਮ ਤੇ ਹੋਰ ਸਮਾਜਿਕ ਕੁਰੀਤੀਆਂ ਤੋਂ ਦੂਰ ਹੁੰਦੇ ਹੋਏ ਕੁਦਰਤੀ ਖਜ਼ਾਨਿਆਂ ਨੂੰ ਸਾਂਭਣ ਲਈ ਕਾਰਜਸ਼ੀਲ ਹੋਈਏ, ਗੁਰੂ ਉਪਦੇਸ਼ ਨੂੰ ਆਪਣੇ ਹਿਰਦੇ ਵਿਚ ਵਸਾਈਏ ਅਤੇ ਨਵੀਂ ਪੀੜ੍ਹੀ ਨੂੰ ਗੁਰ-ਮਤਿ ਮਾਰਗ 'ਤੇ ਪ੍ਰਪੱਕ ਰੂਪ ਵਿਚ ਤੋਰਨ ਲਈ ਹੰਭਲਾ ਮਾਰੀਏ। ਸੋ, ਅੱਜ ਗੁਰੂ ਜੀ ਦੀ ਸੰਦੇਸ਼ ਅਤੇ ਵਿਚਾਰਧਾਰਾ ਨੂੰ ਸੰਸਾਰ ਵਿਚ ਅਪਣਾਉਣ ਦੀ ਸਖ਼ਤ ਜ਼ਰੂਰਤ ਹੈ।


## ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।




- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ

ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਨਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com
647-739-4641
346-714-0224


# ਹਾਫਿਜ਼ ਸਈਦ ਦੀ ਸਜ਼ਾ 'ਤੇ ਜਸ਼ਨ ਨਾ ਮਨਾਏ ਭਾਰਤ

-ਅਵਿਨਾਸ਼ ਮੋਹਨਨਯ-

ਮੁੰਬਈ ਦੇ ਲੜੀਵਾਰ ਬੰਬ ਧਮਾਕਿਆਂ ਦੇ ਮਾਸਟਰ ਮਾਈਂਡ ਅਤੇ ਲਸ਼ਕਰ-ਏ-ਤੋਇਬਾ (ਐਲ ਈ ਟੀ) ਅਤੇ ਜਮਾਤ-ਉਦ-ਦਾਵਾ (ਜੇ ਯੂ ਡੀ) ਅੱਤਵਾਦੀ ਸੰਗਠਨਾਂ ਦੇ ਮੁੱਖੀ ਨੂੰ ਦੋ ਕੇਸਾਂ 'ਚ 10 ਸਾਲ ਦੀ ਸਜ਼ਾ ਲਾਹੌਰ ਦੀ ਅੱਤਵਾਦ ਰੋਕੂ ਅਦਾਲਤ ਨੇ ਸੁਣਾਈ ਸੀ। ਭਾਰਤ ਸੁਰੱਖਿਆ ਏਜੰਸੀਆਂ ਅਤੇ ਇਨ੍ਹਾਂ ਸੰਗਠਨਾਂ ਵੱਲੋਂ ਕਰਵਾਏ ਅੱਤਵਾਦੀ ਹਮਲਿਆਂ ਦੇ ਪੀੜਤ ਪਰਵਾਰਾਂ ਲਈ ਇਹ ਜਸ਼ਨ ਮਨਾਉਣ ਦਾ ਮੌਕਾ ਨਹੀਂ। ਉਸ ਨੂੰ ਭਾਰਤ 'ਚ ਅੱਤਵਾਦ ਫੈਲਾਉਣ ਲਈ ਸਜ਼ਾ ਨਹੀਂ ਹੋਈ, ਸਗੋਂ ਉਸ ਨੂੰ ਟੈਰਰ ਫੰਡਿੰਗ ਲਈ ਸਜ਼ਾ ਸੁਣਾਈ ਗਈ ਹੈ। ਪਾਕਿਸਤਾਨ 'ਚ ਇਹ ਸਜ਼ਾ ਜੇਬ ਕਤਰਿਆਂ ਨੂੰ ਦਿੱਤੀ ਜਾਣ ਵਾਲੀ ਸਜ਼ਾ ਬਰਾਬਰ ਹੈ। ਮੁੰਬਈ ਸੀਰੀਅਲ ਬੰਬ ਧਮਾਕੇ 26 ਨਵੰਬਰ 2008 ਅਤੇ 10 ਦਸੰਬਰ 2008 ਨੂੰ ਹੋਏ ਸਨ। ਯੂ ਐੱਨ ਸਕਿਓਰਟੀ ਕੌਂਸਲ ਦੀ ਸੂਚੀ ਵਿੱਚ ਹਾਫਿਜ਼ ਸਈਦ ਅਤੇ ਉਸ ਦੇ ਕੁਝ ਸਹਿਯੋਗੀਆਂ ਦਾ ਨਾਂ ਰੱਖਿਆ ਗਿਆ ਹੈ। ਇਸ 'ਚ ਸਿਰਫ ਭਾਰਤ ਦੇ ਗੁੱਸੇ ਨੂੰ ਸ਼ਾਂਤ ਕਰਨ ਦਾ ਮਕਸਦ ਹੈ। ਦੋਹਾਂ ਦੇਸ਼ਾਂ ਦਰਮਿਆਨ ਕੋਈ ਵੀ ਟਕਰਾਅ ਅਮਰੀਕਾ ਅਤੇ ਉਸ ਦੇ ਸਹਿਯੋਗੀਆਂ 'ਤੇ ਅਫਗਾਨਿਸਤਾਨ 'ਚ ਅਸਰ ਪਾਏਗਾ।

ਇਹ ਕੇਸ ਅਫਗਾਨਿਸਤਾਨ 'ਚ ਉਦੋਂ ਤੱਕ ਸੀ, ਜਦੋਂ ਤੱਕ ਡੋਨਾਲਡ ਟਰੰਪ ਨੇ ਉਥੋਂ ਆਪਣੀਆਂ ਫੌਜਾਂ ਨੂੰ ਬਾਹਰ ਕੱਢਣ ਦਾ ਫੈਸਲਾ ਨਹੀਂ ਕੀਤਾ। ਤਾਲਿਬਾਨ ਤੱਕ ਪਾਕਿਸਤਾਨ ਦੀ ਪਹੁੰਚ ਅਮਰੀਕਾ ਲਈ ਅਫਗਾਸਿਤਾਨ ਤੋਂ ਸਨਮਾਨ ਜਨਕ ਢੰਗ ਨਾਲ ਬਾਹਰ ਨਿਕਲਣ ਲਈ ਬੜੀ ਅਹਿਮ ਹੈ। ਅਮਰੀਕਾ ਨੂੰ ਲੰਬਾ ਸਮਾਂ ਪਾਕਿਸਤਾਨ ਦਾ ਸਹਿਯੋਗ ਯਕੀਨੀ ਬਣਾਉਣ ਹੋਵੇਗਾ। ਇਹ ਜਾਣਦੇ ਹੋਏ ਕਿ ਆਰਥਿਕ ਮੋਰਚੇ 'ਤੇ ਪਾਕਿਸਤਾਨ ਮੁਸ਼ਕਲਾਂ ਝੱਲ ਰਿਹਾ ਹੈ ਅਤੇ ਕੌਮਾਂਤਰੀ ਫੰਡਿੰਗ ਏਜੰਸੀਆਂ ਤੋਂ ਆਰਥਿਕ ਖੈਰ ਦੀ ਭਾਰੀ ਮੰਗ ਦੇਖਦੇ ਹੋਏ ਪਾਕਿ-ਸਤਾਨ ਨੂੰ ਅਮਰੀਕਾ ਨੇ ਫਾਈਨਾਂਸ਼ੀਅਲ ਐਕਸ਼ਨ ਟਾਸਕ ਫੋਰਸ (ਐਫ ਏ ਟੀ ਐਫ) ਦੀ ਗ੍ਰੇਅ ਸੂਚੀ ਵਿੱਚ ਪਾ ਦਿੱਤਾ ਹੈ। ਐਫ ਏ ਟੀ ਐਫ ਮਨੀ ਲਾਂਡਰਿੰਗ ਅਤੇ ਟੈਰਰ ਫੰਡਿੰਗ ਵਿਰੁੱਧ ਇੱਕ ਕੌਮਾਂਤਰੀ ਪਹਿਰੇਦਾਰ ਹੈ। ਅਫਗਾਨਿਸਤਾਨ ਲਈ ਅਮਰੀਕਾ ਦੇ ਵਿਸ਼ੇਸ਼ ਸਲਾਹਕਾਰ ਜ਼ਾਲਮੇ ਖਲੀਲਜਾਦ ਦੀ ਨਿਯੁਕਤੀ ਤੋਂ ਪਹਿਲਾਂ ਇਸ 'ਤੇ ਅਮਲ ਕੀਤਾ ਗਿਆ। ਓਦੋਂ ਤੱਕ ਹਾਫਿਜ਼ ਸਈਦ ਅਤੇ ਉਸ ਦਾ ਗੈਂਗ ਭਾਰਤ 'ਚ ਆਪਣੀਆਂ ਸਫਲਤਾਵਾਂ ਦੀਆਂ ਮੁਹਿੰਮਾ ਦਾ ਮਜ਼ਾ ਲੈ ਰਿਹਾ ਸੀ। ਮੁੰਬਈ ਧਮਾਕਿਆਂ 'ਤੇ ਕੋਈ ਪ੍ਰਗਤੀ ਨਹੀਂ ਹੋ ਰਹੀ ਸੀ। ਪਾਕਿਸਤਾਨੀ ਫੌਜ ਨੇ ਕੌਮਾਂਤਰੀ ਦਬਾਅ ਹੇਠ ਗ੍ਰਿਫ਼ਤਾਰ ਕੀਤੇ ਲੋਕਾਂ ਲਈ ਜ਼ਮਾਨਤ ਯਕੀਨੀ ਬਣਾ ਦਿੱਤੀ ਸੀ।


2018 ਦੀਆਂ ਚੋਣਾਂ 'ਚ ਜੇ ਯੂ ਡੀ ਅਤੇ ਐਲ ਈ ਟੀ ਨੂੰ ਕੌਮੀ ਮੁੱਖ ਧਾਰਾ 'ਚ ਲਿਆਉਣ ਲਈ ਪਾਕਿਸਤਾਨ ਦੀ ਫੌਜ ਦੇ ਯਤਨ ਨਾਕਾਮ ਹੋ ਗਏ, ਕਿਉਂਕਿ ਚੋਣ ਪ੍ਰਦਰਸ਼ਨ ਨਿਰਾਸ਼ਾ ਜਨਕ ਸੀ। ਇਸ ਕਾਰਨ ਜਦੋਂ ਐਫ ਏ ਟੀ ਐਫ ਦਾ ਦਬਾਅ ਵਧ ਗਿਆ ਤਾਂ ਪਾਕਿਸਤਾਨ ਨੇ ਦੋ ਪੱਖਾਂ ਨੂੰ ਲਾਂਚ ਕੀਤਾ ਸੀ। ਉਦੋਂ ਪਾਕਿਸਤਾਨ ਨੇ ਅੱਤਵਾਦ ਨਾਲ ਪ੍ਰਤੀਬੱਧਤਾ ਕਾਰਨ ਇਸ ਦੇ ਮੁਖੀ ਹਾਫਿਜ਼ ਸਈਦ ਨੂੰ ਪਿਛਲੇ ਸਾਲ ਜੁਲਾਈ 'ਚ ਗ੍ਰਿਫ਼ਤਾਰ ਕਰ ਲਿਆ। ਇਸੇ ਸਮੇਂ ਭਾਰਤੀ ਦੋਸ਼ਾਂ ਨੂੰ ਰੱਦ ਕਰਨ ਲਈ ਪਾਕਿਸਤਾਨ ਨੇ ਆਪਣੇ ਦੇਸ਼ ਵਿੱਚ ਅੱਤਵਾਦ ਲਈ ਭਾਰਤ ਉੱਤੇ ਗੰਭੀਰ ਦੋਸ਼ ਲਾਏ। ਪਾਕਿਸਤਾਨ ਨੇ ਆਪਣੀ ਧਰਤੀ 'ਤੇ ਹੋਏ ਹਮਲਿਆਂ ਲਈ ਭਾਰਤ ਨੂੰ ਜ਼ਿੰਮੇਵਾਰ ਕਰਾਰ ਦਿੱਤਾ। ਇਸ ਹੇਠ ਕਈ ਅੱਤਵਾਦੀਆਂ ਨੂੰ ਫੜਿਆ ਗਿਆ ਅਤੇ ਉਨ੍ਹਾਂ ਨੂੰ ਪਾਕਿਸਤਾਨ ਦੀਆਂ ਅਦਾਲਤਾਂ ਨੇ ਇਸ ਲਈ ਜੇਲ 'ਚ ਭੇਜ ਦਿੱਤਾ, ਕਿਉਂਕਿ ਉਨ੍ਹਾਂ 'ਤੇ ਇਹ ਦੋਸ਼ ਲਾਇਆ ਗਿਆ ਕਿ ਉਹ ਭਾਰਤ ਦੀ ਆਗਿਆ ਮੁਤਾਬਕ ਕਾਰਵਾਈ ਕਰ ਰਹੇ ਹਨ।

ਇਸ ਦੀ ਇੱਕ ਮਿਸਾਲ ਆਰਮੀ ਪਬਲਿਕ ਸਕੂਲ ਦੇ ਬੱਚਿਆਂ ਦੀ ਤਹਿਰੀਕ-ਏ-ਤਾਲਿਬਾਨ ਪਾਕਿਸਤਾਨ ਵੱਲੋਂ ਕੀਤੀ ਗਈ ਹੱਤਿਆ ਸੀ, ਜਿਸ ਨੂੰ ਪੇਸ਼ਾਵਰ 'ਚ ਦਸੰਬਰ 2014 'ਚ ਅੰਜਾਮ ਦਿੱਤਾ ਗਿਆ ਸੀ। ਇਸ ਘਟਨਾ ਦੇ ਆਕਵਾਂ ਨੂੰ ਸਜ਼ਾ ਦਿੱਤੀ ਗਈ ਅਤੇ ਉਨ੍ਹਾਂ ਨੂੰ ਫਾਂਸੀ 'ਤੇ ਲਟਕਾ ਦਿੱਤਾ ਗਿਆ।

ਇਸੇ ਅਦਾਲਤ ਨੇ ਹਾਫਿਜ਼ ਸਈਦ ਨੂੰ ਦੂਜੀ ਵਾਰ ਸਜ਼ਾ ਸੁਣਾਈ ਹੈ। ਇਸ ਤੋਂ ਪਹਿਲਾਂ ਉਸ ਨੂੰ 12 ਫਰਵਰੀ 2020 ਨੂੰ 11 ਸਾਲ ਦੀ ਸਜ਼ਾ ਸੁਣਾਈ ਸੀ। ਇਹ ਸਜ਼ਾ ਪੈਰਿਸ ਵਿੱਚ ਐਫ ਏ ਟੀ ਐਫ ਦੀ ਬੈਠਕ ਤੋਂ ਪਹਿਲਾਂ ਸੁਣਾਈ ਗਈ ਸੀ। ਉਸ ਬੈਠਕ ਪਾਕਿਸਤਾਨ ਦੀਆਂ ਉਨ੍ਹਾਂ ਕਾਰਵਾਈਆਂ ਨੂੰ ਰਫਤਾਰ ਦੇਣ ਦੀ ਯੋਜਨਾ ਬਾਰੇ ਸੀ, ਜੋ ਉਸ ਨੂੰ ਐਂਟੀ ਮਨੀ ਲਾਂਡਰਿੰਗ ਤੇ ਅੱਤਵਾਦ ਨੂੰ ਵਿੱਤੀ ਮਦਦ ਦੇਣ ਨੂੰ ਕੰਟਰੋਲ 'ਚ ਕਰਨ ਲਈ ਕੌਮਾਂਤਰੀ ਪ੍ਰਤਿੱਗਿਆ ਮੰਨਣੀ ਸੀ।

ਐਫ ਏ ਟੀ ਐਫ ਦੀ ਗ੍ਰੇਅ ਲਿਸਟ 'ਚੋਂ ਪਾਕਿ-ਸਤਾਨ ਦਾ ਬਾਹਰ ਆਉਣ ਦਾ ਕੇਸ ਦੋਹਾ 'ਚ ਤਾਲਿਬਾਨ ਨਾਲ ਚੱਲੀ ਸਫਲਤਾ ਪੂਰਵਕ ਗੱਲਬਾਤ ਨਾਲ ਜੁੜਿਆ ਹੈ। ਇਸ ਦੇ ਨਾਲ ਇਹ ਮੁੱਦਾ ਅਫਗਾਨਿਸਤਾਨ ਵਿੱਚ ਅਮਰੀਕੀ ਹਮਾਇਤ ਵਾਲੀ ਅਸ਼ਰਫ ਗਨੀ ਸਰਕਾਰ ਦੀ ਸਥਿਰਤਾ ਨਾਲ ਵੀ ਜੁੜਿਆ ਹੈ। ਅਮਰੀਕਾ ਇਸ ਕਾਰਨ ਜਾਗਰੂਕ ਹੈ ਕਿ ਅਸ਼ਰਫ ਗਨੀ ਦੀ ਸਰਕਾਰ ਬਿਨਾਂ ਕਿਸੇ ਅਮਰੀਕੀ ਮਦਦ ਦੇ ਤਾਲਿਬਾਨ ਨਾਲ ਲੋਹਾ ਨਹੀਂ ਲੈ ਸਕਦੀ। ਇਸ ਕਾਰਨ ਪਾਕਿਸਤਾਨ ਨੂੰ ਬੰਨ੍ਹ ਕੇ ਰੱਖਣਾ ਲਾਜ਼ਮੀ ਹੈ। ਅਮਰੀਕਾ ਦੀ ਨਵੀਂ ਬਾਈਡੇਨ ਸਰਕਾਰ ਦੇ ਅਹੁਦਾ ਸੰਭਾਲਣ ਪਿੱਛੋਂ ਪਾਕਿਸਤਾਨ ਨਾਲ ਅਮਰੀਕੀ ਮੰਗ ਦੀ ਤਬਦੀਲੀ ਸੰਭਵ ਨਹੀਂ ਹੈ। ਇਸ ਲਈ ਹਾਫਿਜ਼ ਸਈਦ ਨੂੰ ਉਸ ਦੇ ਸਰਪ੍ਰਸਤਾਂ ਵੱਲੋਂ ਬਾਹਰ ਨਿਕਲ ਜਾਣ ਤੱਕ ਕੁਝ ਸਮੇਂ ਲਈ ਲਾਹੌਰ ਦੀ ਕੋਟ ਲਖਪਤ ਜੇਲ 'ਚ ਸ਼ਾਂਤੀ ਨਾਲ ਬੈਠਣਾ ਹੋਵੇਗਾ।

ਐਲ ਈ ਟੀ ਅਤੇ ਜੇ ਯੂ ਡੀ ਦੇ ਆਗੂਆਂ ਦੀ ਹਿਰਾਸਤ ਕਾਰਨ ਭਾਰਤੀ ਸੁਰੱਖਿਆ ਏਜੰਸੀਆਂ ਨੂੰ ਇਨ੍ਹਾਂ ਸੰਗਠਨਾਂ ਦੇ ਹਮਲਿਆਂ ਸਬੰਧੀ ਪ੍ਰਭਾਵ ਬਦਲਣਾ ਨਹੀਂ ਚਾਹੀਦਾ। ਬੀਤੇ ਸਮੇਂ ਵਾਂਗ ਇਨ੍ਹਾਂ ਸੰਗਠਨਾਂ ਦੇ ਨੇਤਾ ਲਗਾਤਾਰ ਅਜਨਬੀਆਂ ਰਾਹੀਂ ਆਪਣੇ ਅੱਤਵਾਦ ਦੇ ਮੂਲ ਢਾਂਚੇ ਨੂੰ ਹਾਸਲ ਕਰਨਾ ਜਾਰੀ ਰੱਖਣਗੇ। ਇਹ ਗੱਲ ਵੀ ਦਿਮਾਗ 'ਚ ਰੱਖਣੀ ਹੋਵੇਗੀ ਕਿ ਪਾਕਿਸਤਾਨ ਮਸੂਦ ਅਜ਼ਹਰ ਤੇ ਉਸ ਦੇ ਗਰੁੱਪ ਜੈਸ਼-ਏ-ਮੁਹੰਮਦ ਵਿਰੁੱਧ ਕੋਈ ਕਾਰਵਾਈ ਨਹੀਂ ਕਰ ਰਿਹਾ। ਪ੍ਰਤੀਤ ਹੁੰਦਾ ਹੈ ਕਿ ਭਾਰਤ ਵਿਰੁੱਧ ਜੈਸ਼-ਏ-ਮੁਹੰਮਦ ਪਾਕਿਸਤਾਨੀ ਫੌਜ ਲਈ ਇੱਕ ਨਵਾਂ ਪਸੰਦ ਵਾਲਾ ਗਰੁੱਪ ਹੋ ਸਕਦਾ ਹੈ।



# ਖ਼ਬਰਾਂ ਪੰਜਾਬ ਦੀਆਂ



### ਮਾਮਲਾ ਵਿਧਾਇਕ ਬੈਂਸ ’ਤੇ ਦੋਸ਼ਾਂ ਦਾ :

## ਪੁਲਸ ਨੇ ਸ਼ਿਕਾਇਤ ਕਰਤਾ ਔਰਤ ਤੇ ਵਿਧਾਇਕ ਬੈਂਸ ਦੇ ਬਿਆਨ ਦਰਜ ਕੀਤੇ

ਲੁਧਿਆਣਾ, 26 ਨਵੰਬਰ (ਪੋਸਟ ਬਿਊਰੋ)- ਲੋਕ ਇਨਸਾਫ ਪਾਰਟੀ ਦੇ ਪ੍ਰਧਾਨ ਅਤੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਉੱਤੇ ਇੱਕ ਔਰਤ ਵੱਲੋਂਲਾਏ ਸੈਕਸ ਸੋਸ਼ਣ ਦੇ ਦੋਸ਼ਾਂ ਦੀ ਜਾਂਚ ਸ਼ੁਰੂ ਹੋ ਗਈ ਹੈ। ਇਸ ਪ੍ਰਕਿਰਿਆ ਹੇਠ ਦੋਵਾਂ ਧਿਰਾਂ ਨੇ ਏ ਡੀ ਸੀ ਪੀ ਹੈਡਕੁਆਰਟਰ ਅਸ਼ਵਨੀ ਗੋਤਿਆਲ ਕੋਲ ਆਪਣੇ ਬਿਆਨ ਦਰਜ ਕਰਵਾਏ ਹਨ।



ਵਰਨਣ ਯੋਗ ਹੈ ਕਿ ਵਿਧਾਇਕ ਬੈਂਸ ਉਤੇ ਬਲਾਤਕਾਰ ਦੇ ਦੋਸ਼ ਲਾਉਣ ਵਾਲੀ ਔਰਤ ਆਏ ਦਿਨ ਸੋਸ਼ਲ ਮੀਡੀਆ ’ਤੇ ਬਿਆਨ ਦੇ ਰਹੀ ਹੈ ਅਤੇ ਸਿਮਰਜੀਤ ਸਿੰਘ ਬੈਂਸ ਹਰ ਦੋਸ਼ ਦਾ ਸਾਹਮਣੇ ਆ ਕੇ ਜਵਾਬ ਦੇ ਰਹੇ ਹਨ, ਜਿਸ ਨਾਲ ਸਥਿਤੀ ਪੇਚੀਦਾ ਬਣੀ ਹੋਈ ਹੈ। ਬੈਂਸ ’ਤੇ ਪੁਲਸ ਵੱਲੋਂਹਾਲੇ ਤੱਕ ਕੋਈ ਕਾਨੂੰਨੀ ਕਾਰਵਾਈ ਨਹੀਂ ਕੀਤੀ ਗਈ, ਜਦਕਿ ਵਿਰੋਧੀ ਪਾਰਟੀਆਂ ਲਗਾਤਾਰ ਧਰਨੇ ਪ੍ਰਦਰਸ਼ਨਾਂ ਰਾਹੀਂ ਵਿਧਾਇਕ ਬੈਂਸ ’ਤੇ ਜਲਦੀ ਕੇਸ ਦਰਜ ਕਰਨ ਦੀ ਮੰਗ ਕਰੀਆਂ ਹਨ ਅਤੇ ਕੇਸ ਦੀ ਸ਼ਿਕਾਇਤ ਕਰਤਾ ਨੇ ਵੀ ਮੁੱਖ ਮੰਤਰੀ ਤੋਂ ਇਨਸਾਫ਼ ਦੀ ਮੰਗ ਕੀਤੀ ਹੈ।

ਇਸ ਕੇਸ ਦੇ ਬਿਆਨ ਦਰਜ ਕਰਵਾਉਣ ਤੋਂ ਬਾਅਦ ਕਿਸੇ ਵੀ ਪੱਖ ਨੇ ਥਾਣੇ ਦੇ ਬਾਹਰ ਮੀਡੀਆ ਨਾਲ ਬਾਹਰ ਆ ਕੇ ਗੱਲ ਨਹੀਂ ਕੀਤੀ, ਪਰ ਦੱਸਿਆ ਜਾਂਦਾ ਹੈ ਕਿ ਬਿਆਨ ਲਿਖਾਉਣ ਸਮੇਂ ਦੋਵੇਂ ਧਿਰਾਂ ਨੇ ਗੰਭੀਰ ਦੋਸ਼ ਲਾਏ ਹਨ ਤੇ ਦੋਵਾਂ ਧਿਰਾਂ ਵੱਲੋਂ ਆਪੋ-ਆਪਣੀਆਂ ਦਲੀਲਾਂ ਨੂੰ ਬੜੇ ਸੰਜੀਦਾ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਸਿਆਸੀ ਗਲਿਆਰਿਆਂ ’ਚ ਪੁਲਸ ਦੇ ਅਗਲੇ ਕਦਮ ਦੀ ਉਡੀਕ ਹੈ। ਵਿਰੋਧੀ ਪਾਰਟੀਆਂ ਨੇ ਲੋਕ ਇਨਸਾਫ ਪਾਰਟੀ ਨੂੰ ਘੇਰਨ ਦਾ ਮੌਕਾ ਮਿਲਿਆ ਹੋਇਆ ਹੈ ਕਿਉਂਕਿ ਇਸੇ ਵਿਅਕਤੀ ਕਾਰਨ ਪੰਜਾਬ ਦੇ ਦੋ ਵੱਡੇ ਦਲਾਂ ਕਾਂਗਰਸ ਅਤੇ ਅਕਾਲੀ ਦਲ ਨੂੰ ਲੁਧਿਆਣਾ ਦੇ ਦੱਖਣੀ ਅਤੇ ਆਤਮ ਨਗਰ ਇਲਾਕਿਆਂ ਤੋਂ ਪਿਛਲੀਆਂ ਦੋ ਵਿਧਾਨ ਸਭਾ ਚੋਣਾਂ ਵਿੱਚ ਜਿੱਤ ਨਸੀਬ ਨਹੀਂ ਹੋਈ, ਜਿਸ ਦੇ ਕਾਰਨ ਵਿਰੋਧੀ ਪਾਰਟੀਆਂ ਇਸ ਮੁੱਦੇ ਨੂੰ ਕੈਸ਼ ਕਰਨ ਦੀ ਕੋਈ ਕਸਰ ਨਹੀਂ ਛੱਡਣਾ ਚਾਹੁੰਦੀਆਂ।

# ਕੇਂਦਰ ਸਰਕਾਰ ਦਾ ਐਫੀਡੇਵਿਟ, ਫਸਲਾਂ ਦੀ ਘੱਟੋ-ਘੱਟ ਖਰੀਦ ਕੀਮਤ ਅਤੇ ਏ ਪੀ ਐਮ ਸੀ ਖਤਮ ਨਹੀਂ ਹੋਵੇਗੀ

ਚੰਡੀਗੜ੍ਹ, 26 ਨਵੰਬਰ (ਪੋਸਟ ਬਿਊਰੋ)- ਭਾਰਤ ਸਰਕਾਰ ਦੇ ਤਿੰਨ ਖੇਤੀ ਕਾਨੂੰਨਾਂ ਦੇ ਵਿਰੁੱਧ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਦਾਖਲ ਅਰਜ਼ੀ ’ਤੇ ਹਾਈਕੋਰਟ ਨੇ ਕੇਂਦਰ ਸਰਕਾਰ, ਪੰਜਾਬ ਸਰਕਾਰ ਅਤੇ ਕਿਸਾਨਾਂ ਦੇ ਵਕੀਲਾਂ ਨੂੰ ਜੰਡਿਆਲਾ ਗੁਰੂ ਦਾ ਰੇਲਵੇ ਟ੍ਰੈਕ ਖਾਲੀ ਕਰਾਉਣ ਦੇ ਹੁਕਮ ਦਿੱਤੇ ਹਨ।

ਵਰਨਣ ਯੋਗ ਹੈ ਕਿ ਖੇਤੀ ਕਾਨੂੰਨਾਂ ਦੇ ਖ਼ਿਲਾਫ਼ ਪੰਜਾਬ ਵਿੱਚ ਕਿਸਾਨ ਲਗਾਤਾਰ ਧਰਨਾ-ਪ੍ਰਦਰਸ਼ਨ ਕਰ ਰਹੇ ਹਨ ਅਤੇ ਅੱਜ ਤੋਂ ਦਿੱਲੀ ਕੂਚ ਵੀ ਸ਼ੁਰੂ ਹੋ ਗਿਆ ਹੈ, ਪਰ ਕੇਂਦਰ ਸਰਕਾਰ ਦਾ ਸਪੱਸ਼ਟ ਕਹਿਣਾ ਹੈ ਕਿ ਜੋ ਨਵੇਂ ਖੇਤੀ ਕਾਨੂੰਨ ਬਣਾਏ ਹਨ, ਉਸ ਨਾਲ ਨਾ ਫਸਲਾਂ ਦੀ ਘੱਟੋ-ਘੱਟ ਖਰੀਦ ਕੀਮਤ (ਐਮ ਐਸ ਪੀ) ਖ਼ਤਮ ਹੋਵੇਗੀ ਅਤੇ ਨਾ ਹੀ ਖੇਤੀ ਉਪਜ ਮੰਡੀ ਸਿਸਟਮ (ਏ ਪੀ ਐਮ ਸੀ) ਨੂੰ ਖਤਮ ਕੀਤਾ ਜਾਣਾ ਹੈ।ਕੇਂਦਰ ਸਰਕਾਰ ਦੇ ਵਕੀਲ ਧੀਰਜ ਜੈਨ ਨੇ ਦੱਸਿਆ ਕਿ ਸਰਕਾਰ ਨੇ ਦੋ ਐਫੀਡੇਵਿਟ ਪੇਸ਼ ਕੀਤੇ ਹਨ। ਇੱਕ ਖੇਤੀਬਾੜੀ ਮੰਤਰਾਲੇ ਵੱਲੋਂ, ਜਿਸ ਵਿੱਚ ਦੱਸਿਆ ਹੈ ਕਿ ਐਮ ਐਸ ਪੀ ਅਤੇ ਏ ਪੀ ਐਮ ਸੀ ਜਾਰੀ ਰਹੇਗੀ ਅਤੇ ਦੂਸਰਾ ਰੇਲ ਮੰਤਰਾਲੇ ਨੇ ਸਟੇਟਸ ਰਿਪੋਰਟ ਦਾਖਲ ਕੀਤੀ ਹੈ। ਕੋਰਟ ਨੂੰ ਦੱਸਿਆ ਗਿਆ ਹੈ ਕਿ ਕੇਂਦਰ ਸਰਕਾਰ ਲਗਾਤਾਰ ਕਿਸਾਨਾਂ ਦੇ ਨਾਲ ਗੱਲਬਾਤ ਕਰ ਰਹੀ ਹੈ। ਇਸ ਮਾਮਲੇ ਵਿੱਚ ਇਸ ਤੋਂ ਪਹਿਲਾਂ ਕਿਸਾਨਾਂ ਨਾਲ 13



ਅਕਤੂਬਰ ਨੂੰ ਕੇਂਦਰੀ ਖੇਤੀ ਅਤੇ ਰੇਲ ਮੰਤਰੀ ਨੇ ਕਿਸਾਨਾਂ ਨਾਲ 8 ਘੰਟੇ ਮੀਟਿੰਗ ਕੀਤੀ ਸੀ ਅਤੇ ਅੱਗੋਂ ਕਿਸਾਨਾਂ ਨੂੰ 3 ਦਸੰਬਰ ਨੂੰ ਸੱਦਾ ਭੇਜਿਆ ਹੈ। ਰੇਲ ਮੰਤਰਾਲੇ ਨੇ ਸਟੇਟਸ ਰਿਪੋਰਟ ਵਿੱਚ ਦੱਸਿਆ ਹੈ ਕਿ ਪੰਜਾਬ ਵਿੱਚ ਮਾਲਗੱਡੀਆਂ ਅਤੇ ਪੈਸੇਂਜਰ ਟ੍ਰੇਨਾਂ ਸ਼ੁਰੂ ਕਰ ਦਿੱਤੀਆਂ ਹਨ, ਪਰ ਜੰਡਿਆਲਾ ਗੁਰੂ ਵਿੱਚ ਅਜੇ ਵੀ ਕਿਸਾਨ ਧਰਨੇ ’ਤੇ ਬੈਠੇ ਹੋਏ ਹੋਣ ਕਾਰਨ ਨਾਲ ਉਥੋਂ ਟ੍ਰੇਨਾਂ ਨੂੰ ਡਾਈਵਰਟ ਕਰਨਾ ਪੈ ਰਿਹਾ ਹੈ।

ਹਾਈਕੋਰਟ ਨੇ ਕੇਂਦਰ ਸਰਕਾਰ ਦੇ ਵਕੀਲ, ਪੰਜਾਬ ਦੇ ਐਡਵੋਕੇਟ ਜਨਰਲ ਅਤੁਲ ਨੰਦਾ ਅਤੇ ਕਿਸਾਨ ਧਿਰਾਂ ਦੇ ਵਕੀਲ ਬਲਤੇਜ ਸਿੱਧੂ ਨੂੰ ਹੁਕਮ ਦਿੱਤੇ ਹਨ ਕਿ ਆਪਸੀ ਸਮਝੌਤੇ ਰਾਹੀਂ ਰੇਲਵੇ ਟ੍ਰੈਕ ਤੋਂ ਧਰਨੇ ਨੂੰ ਖ਼ਤਮ ਕਰਵਾਉਣਤੇ ਸਟੇਟਸ ਰਿਪੋਰਟ ਪੇਸ਼ ਕਰਨ। ਪੰਜਾਬ ਸਰਕਾਰ ਨੇ ਐਫੀਡੇਵਿਟ ਵਿੱਚ ਦੱਸਿਆ ਹੈ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਸਾਨਾਂ ਨਾਲ ਮੁਲਾਕਾਤ ਕਰਕੇ ਟ੍ਰੈਕ ਖਾਲੀ ਕਰਨ ਦੀ ਅਪੀਲ ਕੀਤੀ ਹੈ। ਪੂਰੇ ਪੰਜਾਬ ਵਿੱਚ ਟ੍ਰੈਕ ਅਤੇ ਰੇਲਵੇ ਸਟੇਸ਼ਨਾਂਤੋਂ ਕਿਸਾਨਾਂ ਦਾ ਧਰਨਾ ਉਠ ਚੁੱਕਾ ਹੈ, ਸਿਰਫ ਜੰਡਿਆਲਾ ਗੁਰੂ ਦੇ ਕਿਸਾਨਾਂ ਨਾਲ ਗੱਲਬਾਤ ਬਾਕੀ ਹੈ। ਉਨ੍ਹਾਂ ਨੂੰ ਵੀ ਮੁਲਾਕਾਤ ਲਈ ਬੁਲ-ਾਇਆ ਹੈ। ਕੇਂਦਰ ਸਰਕਾਰ ਦੇ ਖੇਤੀਬਾੜੀ ਮੰਤਰਾਲੇ ਵੱਲੋਂ ਦਾਖਲ ਐਫੀਡੇਵਿਟ ਉਤੇ ਕਿਸਾਨਾਂ ਵੱਲੋਂ ਕੋਰਟ ਵਿੱਚ ਪੇਸ਼ ਵਕੀਲ ਬਲਤੇਜ ਸਿੱਧੂ ਨੇ ਸਵਾਲ ਉਠਾਏ ਤੇ ਕਿਹਾ ਕਿ ਅਗਲੀ ਸੁਣਵਾਈ ਵਿੱਚ ਕੋਰਟ ਨੂੰ ਕੇਂਦਰ ਸਰਕਾਰ ਦੇ ਐਕਟ ਬਾਰੇ ਪੂਰੀ ਜਾਣਕਾਰੀ ਦੇ ਕੇ ਦੱਸਣਗੇ ਕਿ ਕਿਵੇਂ ਕਾਨੂੰਨ ਦੇ ਕਾਰਨ ਫਸਲਾਂ ਦੀ ਐਮ ਐਸ ਪੀ ਖ਼ਤਮ ਹੋ ਸਕਦੀ ਹੈ। ਸਾਰੇ ਪੱਖਾਂ ਦੇ ਇਸ ਮਸਲੇ ਦਾ ਹੱਲ ਕੱਢਣ ਲਈ ਗੱਲਬਾਤ ਕਰਕੇ 1 ਦਸੰਬਰ ਤੱਕ ਸਟੇਟਸ ਰਿਪੋਰਟ ਪੇਸ਼ ਕਰਨ ਨੂੰ ਕਿਹਾ ਗਿਆ ਹੈ। ਗੱਲਬਾਤ ਦੇ ਲਈ ਅਡੀਸ਼ਨਲ ਸੌਲਿਸਿਟਰ ਜਨਰਲ, ਪੰਜਾਬ ਦੇ ਐਡਵੋਕੇਟ ਜਨਰਲ ਅਤੇ ਕਿਸਾਨਾਂ ਦੇ ਵਕੀਲਾਂ ਨੂੰ ਬੈਠਕ ਕਰਨ ਨੂੰ ਕਿਹਾ ਗਿਆ ਹੈ।

## ਨਕਾਬਪੋਸ਼ਾਂ ਵੱਲੋਂ ਗੋਲੀ ਮਾਰ ਕੇ ਨੌਜਵਾਨ ਦੀ ਹੱਤਿਆ

ਆਦਮਪੁਰ, 26 ਨਵੰਬਰ (ਪੋਸਟ ਬਿਊਰੋ)- ਆਦਮਪੁਰ ਟਰੱਕ ਯੂਨੀਅਨ ਨੇੜੇ ਚੱਠਾ ਕੰਪਲੈਕਸ ’ਚ ਇੱਕ ‘ਡੀਜਾਈਅਰ ਲੁੱਕ ਸਲੂਨ’ ਵਿੱਚ ਨਕਾਬ ਪੋਸ਼ ਵਿਅਕਤੀਆਂ ਨੇ ਇੱਕ ਨੌਜਵਾਨ ਦੀ ਗੋਲੀਆਂ ਮਾਰ ਕੇ ਹੱਤਿਆ ਕੀਤੀ ਤੇ ਇੱਕ ਨੌਜਵਾਨ ਨੂੰ ਜ਼ਖ਼ਮੀ ਕਰ ਦਿੱਤਾ, ਜਿਸ ਬਾਰੇ ਪੁਲਸ ਜਾਂਚ ਕਰ ਰਹੀ ਹੈ। ਸਲੂਨ ਦੇ ਮਾਲਕ ਰਮਨਦੀਪ ਸਿੰਘ ਪੁੱਤਰ ਬਲਬੀਰ ਸਿੰਘ ਵਾਸੀ ਰਾਮਾ ਮੰਡੀ ਨੇ ਦੱਸਿਆ ਕਿ ਉਨ੍ਹਾਂ ਕੋਲ ਸਾਗਰ (22) ਪੁੱਤਰ ਜੋਗਿੰਦਰ ਪਾਲ ਸਿੰਘ ਵਾਸੀ ਰੇਰੂ ਜਲੰਧਰ ਵਾਲ ਕਟਵਾਉਣ ਆਇਆ ਸੀ ਅਤੇ ਤਕਰੀਬਨ 2.40 ਵਜੇ ਦੋ ਵਿਅਕਤੀਆਂ, ਜਿਨ੍ਹਾਂ ਨੇ ਆਪਣੇ ਮੂੰਹ ਸਿਰ ਢੱਕੇ ਹੋਏ ਸਨ, ਨੇ ਸਲੂਨ ’ਚ ਵੜਦੇ ਹੀ ਪੁੱਛਿਆ ਕਿ ਸਾਗਰ ਕੌਣ ਹੈ। ਜਦੋਂ ਸਾਗਰ ਨੇ ਕਿਹਾ ਕਿ ਮੈਂ ਸਾਗਰ ਹਾਂ ਤਾਂ ਉਨ੍ਹਾਂ ਨੇ ਉਸ ਉਤੇ ਪਿਸਤੌਲ ਨਾਲ ਗੋਲੀਆਂ ਚਲਾ ਦਿੱਤੀਆਂ, ਜਿਸ ਕਾਰਨ ਸਾਗਰ ਦੀ ਮੌਕੇ ’ਤੇ ਮੌਤ ਹੋ ਗਈ, ਜਦੋਂ ਕਿ ਉਸ ਨਾਲ ਆਇਆ ਹਰੀਪੁਰ ਦਾ ਨੌਜਵਾਨ ਸੁਨੀਲ ਵਾਸੀ ਹਰੀਪੁਰ ਵੀ ਜ਼ਖ਼ਮੀ ਹੋ ਗਿਆ, ਜਿਸ ਨੂੰ ਜਲੰਧਰ ਦੇ ਹਸਪਤਾਲ ਦਾਖਲ ਕਰਵਾਇਆ ਗਿਆ। ਇਸ ਮੌਕੇ ਵਾਲ ਕਟਵਾ ਰਹੇ ਇੱਕ ਹੋਰ ਨੌਜਵਾਨ ਅਕਰੀਤ ਦੇ ਵੀ ਜ਼ਖ਼ਮੀ ਹੋਣ ਦੀ ਖ਼ਬਰ ਹੈ।

## ਕਤਲ ਕੀਤੇ ਗਏ ਡੇਰਾ ਪ੍ਰੇਮੀ ਦਾ ਅੰਤਮ ਸਸਕਾਰ ਪੰਜਵੇਂ ਦਿਨ ਹੋ ਸਕਿਆ

ਬਠਿੰਡਾ, 26 ਨਵੰਬਰ (ਪੋਸਟ ਬਿਊਰੋ)- ਇਸ ਜ਼ਿਲ੍ਹੇ ਦੇ ਕਸਬਾ ਭਗਤਾ ਭਾਈਕਾ ਵਿਖੇ ਪੰਜ ਦਿਨ ਪਹਿਲਾਂ ਡੇਰਾ ਸੱਚਾ ਸੌਦਾ ਦੇ ਪ੍ਰੇਮੀ ਮਨੋਹਰ ਲਾਲ ਦੀ ਕੁਝ ਅਣਪਛਾਤੇ ਵਿਅਕਤੀਆਂ ਵੱਲੋਂ ਗੋਲੀਆਂ ਮਾਰ ਕੇ ਕੀਤੀ ਹੱਤਿਆ ਤੋਂ ਬਾਅਦ ਡੇਰਾ ਪ੍ਰੇਮੀਆਂ ਵੱਲੋਂ ਲਗਾਤਾਰ ਚਾਰ ਦਿਨ ਮ੍ਰਿਤਕ ਦੀ ਲਾਸ਼ ਨੂੰ ਸਲਾ-ਬਤਪੁਰਾ ਵਿਖੇ ਰੱਖ ਕੇ ਕੀਤੇ ਰੋਸ ਪ੍ਰਦਰਸ਼ਨ ਨੇ ਸਰਕਾਰ ਅਤੇ ਪ੍ਰਸ਼ਾਸਨ ਨੂੰ ਇੱਕ ਵਾਰ ਧੁਰ ਅੰਦਰ ਹਿਲਾ ਕੇ ਰੱਖ ਦਿੱਤਾ ਸੀ। ਮਨੋਹਰ ਲਾਲ ਦੇ ਕਾਤਲਾਂ ਨੂੰ ਫੜਨ ਲਈ ਚਲੇ ਰੋਸ ਪ੍ਰਦਰਸ਼ਨ ਦੌਰਾਨ ਇੱਕ ਗੈਂਗਸਟਰ ਧੜੇ ਨੇ ਇਸ ਕਤਲ ਦੀ ਜ਼ਿੰਮੇਵਾਰੀ ਲੈਂਦਿਆਂ ਇਸ ਨੂੰ ਉਸ ਦੇ ਬੰਦਿਆਂ ਵੱਲੋਂ ਕੀਤਾ ਹੋਇਆ ਕਤਲ ਕਿਹਾ ਸੀ, ਪਰ ਕੱਲ੍ਹ ਪੰਜਵੇਂ ਦਿਨ ਧਰਨਾਕਾਰੀਆਂ ਕੋਲ ਆਈ ਜੀ ਜਸਕਰਨ ਸਿੰਘ ਬਠਿੰਡਾ ਨੇ ਖੁਦ ਜਾ ਕੇ ਕਾਤਲਾਂ ਨੂੰ ਜਲਦ ਫੜਨ ਅਤੇ ਮਾਮਲੇ ਦਾ ਪਰਦਾਫ਼ਾਸ਼ ਕਰਨ ਦਾ ਭਰੋਸਾ ਦਿਵ-ਾਇਆ ਤਾਂ ਡੇਰਾ ਪ੍ਰੇਮੀ ਇਸ ਮ੍ਰਿਤਕ ਦਾ ਅੰਤਮ ਸਸਕਾਰ ਕਰਨ ਲਈ ਰਾਜੀ ਹੋ ਗਏ। ਇਸ ਦੇ ਬਾਅਦ ਡੇਰਾ ਸੱਚਾ ਸੌਦਾ ਦੇ ਪ੍ਰੇਮੀ ਇੱਕ ਕਾਫ਼ਲੇ ਦੇ ਰੂਪ ਵਿੱਚ ਰੋਸ ਧਰਨੇ ਤੋਂ ਮ੍ਰਿਤਕ ਦੀ ਲਾਸ਼ ਨੂੰ ਇੱਕ ਗੱਡੀ ਵਿੱਚ ਪਾ ਕੇ ਭਗਤਾ ਭਾਈਕਾ ਵਿਖੇ ਲੈ ਕੇ ਗਏ ਜਿੱਥੇ ਭਾਰੀ ਪੁਲਸ ਫ਼ੋਰਸ ਦੀ ਹਾਜ਼ਰੀ ਵਿੱਚ ਮ੍ਰਿਤਕ ਮਨੋਹਰ ਲਾਲ ਦਾ ਅੰਤਮ ਸਸਕਾਰ ਕਰ ਦਿੱਤਾ ਗਿਆ।

# ਡਿਲਿਵਰੀ ਵੇਲੇ ਵੀਡੀਉ ਬਣਾਉਣ ਵਾਲੇ ਸਰਜਨ ਨੂੰ ਔਰਤਾਂ ਬਾਰੇ ਕਮਿਸ਼ਨ ਵੱਲੋਂ ਤਕੜੀ ਝਾੜ

ਅੰਮ੍ਰਿਤਸਰ, 26 ਨਵੰਬਰ (ਪੋਸਟ ਬਿਊਰੋ)- ਅੰਮ੍ਰਿਤਸਰ ਦੇ ਸਾਬਕਾ ਸਿਵਲ ਸਰਜਨ ਡਾ. ਨਵਦੀਪ ਸਿੰਘ ਨੂੰ ਪੰਜਾਬ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਮਨੀਸ਼ਾ ਗੁਲਾਟੀ ਨੇ ਸਖ਼ਤ ਝਾੜ ਪਾਈ ਹੈ।

ਮਹਿਲਾ ਕਮਿਸ਼ਨ ਸਾਹਮਣੇ ਡਾ. ਨਵਦੀਪ ਸਿੰਘ ਨੇ ਕਿਹਾ ਕਿ 17 ਨਵੰਬਰ ਨੂੰ ਉਨ੍ਹਾਂ ਨੇ ਸਿਵਲ ਹਸਪਤਾਲ ਵਿੱਚ ਚਾਰ ਜਣੇਪੇ ਕੀਤੇ ਸਨ, ਪਰ ਵੀਡੀਓ ਨਹੀਂ ਬਣਵਾਈ। ਡਾ. ਨਵਦੀਪ ਦਾ ਜਵਾਬ ਸੁਣ ਕੇ ਮਨੀਸ਼ਾ ਗੁਲਾਟੀ ਨੇ ਉਸ ਦਿਨ ਦਾ ਵੀਡੀਓ ਕੱਢ ਕੇ ਦਿਖਾਇਆ ਅਤੇ ਡਾ. ਨਵਦੀਪ ਨੂੰ ਕਿਹਾ ਕਿ ਇਸ ਵੀਡੀਓ ਵਿੱਚ ਤੁਹਾਡਾ ਧਿਆਨ ਜਣੇਪੇ ਵੱਲ ਘੱਟ ਅਤੇ ਕੈਮਰੇ ਵੱਲ ਵੱਧ ਹੈ, ਤੁਸੀਂ ਕਮਿਸ਼ਨ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕਰ ਰਹੇ ਹੋ, ਤੁਸੀਂ ਤਾਂ ਫੋਟੋ ਪੋਜ਼ ਦੇ ਰਹੇ ਹੋ ਅਤੇ ਝੂਠ ਵੀ ਬੋਲ ਰਹੇ ਹੋ। ਕੱਲ੍ਹ ਚੰਡੀਗੜ੍ਹ ਦੇ ਸੈਕਟਰ 17 ਵਿੱਚ ਪੰਜਾਬ ਮਹਿਲਾ ਕਮਿਸ਼ਨ ਦੇ ਮੁੱਖ ਦਫਤਰ ਵਿੱਚ ਡਾ. ਨਵਦੀਪ ਸਿੰਘ ਤੇ ਸਿਹਤ ਵਿਭਾਗ ਦੀ ਡਾਇਰੈਕਟਰ ਡਾ. ਪ੍ਰਭਦੀਪ ਕੌਰ ਜੌਹਲ ਪਹੁੰਚੇ ਤਾਂ ਮਨੀਸ਼ਾ ਗੁਲਾਟੀ ਨੇ ਕਿਹਾ ਕਿ 17 ਨਵੰਬਰ ਨੂੰ ਡਾ. ਨਵਦੀਪ ਨੇ ਡਿਲੀਵਰੀ ਦਾ ਵੀਡੀਓ ਸ਼ੂਟ ਕਰਵਾ ਕੇ ਇੱਕ-ਦੋ ਮੀਡੀਆ ਮੁਲਾਜ਼ਮਾਂ ਨਾਲ ਗੱਲਬਾਤ ਕਰ ਕੇ ਦੱਸਿਆ ਸੀ ਕਿ ਸਿਵਲ ਸਰਜਨ




ਹੋਣ ਦੇ ਬਾਵਜੂਦ ਉਹ ਜਣੇਪਾ ਕਰਦੇ ਹਨ। ਇਸ ਪਿੱਛੋਂ ਮੀਡੀਆ ਵਿੱਚ ਪ੍ਰੈਸ ਨੋਟ, ਵੀਡੀਓ ਅਤੇ ਫੋਟੋਗਰਾਫ ਜਾਰੀ ਕਰ ਦਿੱਤੇ। ਡਾ. ਨਵਦੀਪ ਨੇ ਇਸ ਨੂੰ ਪ੍ਰਸਾਰਿਤ ਵੀ ਕਰਵਾ ਦਿਤਾ ਹੈ। ਇਸ ਕੇਸ ਵਿੱਚ ਕਮਿਸ਼ਨ ਸਖਤ ਕਾਰਵਾਈ ਕਰੇਗਾ। ਡਾ. ਨਵਦੀਪ ਨੂੰ 25 ਨਵੰਬਰ ਨੂੰ ਫਿਰ ਕਮਿਸ਼ਨ ਦੇ ਅੱਗੇ ਪੇਸ਼ ਹੋਣ ਨੂੰ ਕਿਹਾ ਗਿਆ ਹੈ। ਵਿਭਾਗ ਦੀ ਡਾਇਰੈਕਟਰ ਡਾ. ਪ੍ਰਭਦੀਪ ਕੌਰ ਜੌਹਲ ਨੇ ਕਿਹਾ ਕਿ ਲੇਬਰ ਰੂਮ ਵਿੱਚ ਵੀਡੀਓਗਰਾਫੀ ਨਹੀਂ ਕੀਤੀ ਜਾ ਸਕਦੀ, ਡਾ. ਨਵਦੀਪ ਨੇ ਏਦਾਂ ਕਰ ਕੇ ਗਲਤ ਕੀਤਾ ਹੈ। ਸਿਹਤ ਵਿਭਾਗ ਦੇ ਸਕੱਤਰ ਹੁਸਨ ਲਾਲ ਨੇ ਮਾਮਲੇ ਦੀ ਜਾਂਚ ਲਈ ਤਿੰਨ ਮੈਂਬਰੀ ਸੂਬਾਈ ਕਮੇਟੀ ਦਾ ਗਠਨ ਕੀਤਾ ਹੈ।

ਇਸ ਦੌਰਾਨ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਮਨੀਸ਼ਾ ਗੁਲਾਟੀ ਨੇ ਡਾ. ਨਵਦੀਪ ਸਿੰਘ ਤੋਂ ਪੁੱਛਿਆ ਕਿ ਉਸ ਦਿਨ ਤੁਹਾਡੇ ਨਾਲ ਜੋ ਗਾਇਨੀ ਡਾਕਟਰ ਲੇਬਰ ਰੂਮ ਵਿੱਚ ਸਨ, ਉਹ ਕਿਉਂਨਹੀਂ ਆਈਆਂ, ਉਨ੍ਹਾਂ ਦੇ ਨਾਂ ਵੀ ਦੱਸੋ। ਡਾ. ਨਵਦੀਪ ਨੇ ਕਿਹਾ ਕਿ ਉਹ ਗਾਇਨੀ ਡਾਕਟਰ ਨੂੰ ਨਹੀਂ ਜਾਣਦੇ। ਚੇਅਰਪਰਸਨ ਨੇ ਉਨ੍ਹਾਂ ਨੂੰ ਸਖਤ ਝਾੜ ਪਾਈ ਅਤੇ ਕਿਹਾ ਕਿ ਤੁਸੀਂ ਜ਼ਿਲ੍ਹੇ ਦੇ ਸਿਵਲ ਸਰਜਨ ਰਹਿ ਚੁੱਕੇ ਹੋ, ਗਾਇਨ-ਾਲਾਜਿਸਟ ਵੀ ਹੋ, ਤੁਹਾਨੂੰ ਇਹ ਨਹੀਂ ਪਤਾ ਕਿ ਉਸ ਦਿਨ ਤੁਹਾਡੇ ਨਾਲ ਕਿਹੜੀ ਗਾਇਨੀ ਡਾਕਟਰ ਸੀ। 25 ਨਵੰਬਰ ਨੂੰ ਇਨ੍ਹਾਂ ਨੂੰ ਨਾਲ ਲੈ ਕੇ ਕਮਿਸ਼ਨ ਅੱਗੇ ਪੇਸ਼ ਹੋਣਾ।

# ਦੋਸਤਾਂ ਨੇ ਕਤਲ ਕਰ ਕੇ ਲਾਸ਼ ਸੀਵਰੇਜ ਵਿੱਚ ਪੁੱਠੀ ਟੰਗ ਦਿੱਤੀ

ਜਗਰਾਉਂ, 26 ਨਵੰਬਰ (ਪੋਸਟ ਬਿਊਰੋ)- ਏਥੋਂ ਦੀ ਬੱਦੋਵਾਲ ਦੀ ਕਾਲੋਨੀ ਵਿੱਚ ਬਾਰ੍ਹਵੀਂ ਜਮਾਤ ਦੇ ਵਿਦਿਆਰਥੀ ਦੇ ਸਿਰ ਵਿੱਚ ਇੱਟਾਂ ਮਾਰ-ਮਾਰ ਕੇ ਕਤਲ ਕਰਨ ਤੋਂ ਬਾਅਦ ਸੀਵਰੇਜ ’ਚ ਪੁੱਠਾ ਟੰਗਣ ਵਾਲੇ ਉਸ ਦੇ ਹੀ ਦੋਸਤ ਨਿਕਲੇ ਹਨ। ਮੁੱਲਾਂਪੁਰ ਦਾਖਾ ਦੀ ਪੁਲਸ ਨੇ ਇਸ ਕਤਲ ਦੀ ਗੁੱਥੀ ਨੂੰ 12 ਘੰਟਿਆਂ ਵਿੱਚ ਸੁਲਝਾ ਕੇ ਮ੍ਰਿਤਕ ਦੇ ਦੋਵਾਂ ਦੋਸਤਾਂ ਨੂੰ ਗ੍ਰਿਫਤਾਰ ਕਰ ਲਿਆ ਹੈ, ਜਿਨ੍ਹਾਂ ਵਿੱਚੋਂ ਇੱਕ ਜਣਾ ਅਜੇ ਨਾਬਾਲਗ ਹੈ।




ਪਤਾ ਲੱਗਾ ਹੈ ਕਿ ਜਸ਼ਨਪ੍ਰੀਤ ਸਿੰਘ ਵਾਸੀ ਬੱਦੋਵਾਲ 21 ਨਵੰਬਰ ਤੋਂ ਲਾਪਤਾ ਸੀ, ਜਿਸ ਦੀ ਲਾਸ਼ ਵਿਕਟੋਰੀਆ ਗਾਰਡਨ ਕਾਲੋਨੀ ਦੇ ਗਟਰ ਵਿੱਚ ਪੁੱਠੀ ਲਟਕੀ ਮਿਲੀ ਸੀ। ਇਸ ਬਾਰੇ ਜਗਰਾਉਂ ਵਿੱਚ ਪ੍ਰੈਸ ਕਾਨਫਰੰਸ ਦੌਰਾਨ ਐਸ ਐਸ ਪੀ ਚਰਨਜੀਤ ਸਿੰਘ ਸੋਹਲ ਨੇ ਦੱਸਿਆ ਕਿ ਵਿਦਿਆਰਥੀ ਦੇ ਕਤਲ ਸਬੰਧੀ ਡੀ ਐਸ ਪੀ ਮੁੱਲਾਂਪੁਰ ਦਾਖਾ ਗੁਰਬੰਸ ਸਿੰਘ ਬੈਂਸ ਅਤੇ ਥਾਣਾ ਮੁਖੀ ਇੰਸਪੈਕਟਰ ਪ੍ਰੇਮ ਸਿੰਘ ਦੀ ਅਗਵਾਈ ਵਿੱਚ ਟੀਮ ਨੇ ਜਾਂਚ ਕੀਤੀ ਤਾਂ ਵਿਦਿਆਰਥੀ ਦੇ ਮੋਬਾਈਲ ਦੀ ਕਾਲ ਡੀਟੇਲ ਅਤੇ ਹੋਰ ਪਹਿਲੂਆਂ ਤੋਂਪਤਾ ਲੱਗਾ ਕਿ ਉਸ ਦਾ ਕਤਲ ਕਿਸੇ ਹੋਰ ਨੇ ਨਹੀਂ, ਸਗੋਂ ਉਸ ਦੇ ਹੀ ਪਿੰਡ ਦੇ ਦੋਸਤਾਂ ਸੰਦੀਪ ਸਿੰਘ ਅਤੇ ਇੱਕ ਹੋਰ ਨਾਬਾਲਗ ਦੋਸਤ ਨੇ ਕੀਤਾ ਹੈ।ਐਸ ਐਸ ਪੀ ਚਰਨਜੀਤ ਸਿੰਘ ਸੋਹਲ ਅਨੁਸਾਰ ਜਸ਼ਨਪ੍ਰੀਤ ਸਿੰਘ ਦੇ ਦੋਸਤਾਂ ਨੇ 21 ਨਵੰਬਰ ਦੀ ਰਾਤ ਅੱਠ ਵਜੇ ਮੋਬਾਈਲ ’ਤੇ ਫੋਨ ਕਰ ਕੇ ਉਸ ਨੂੰ ਕਾਲੋਨੀ ਬੁਲ-ਾਇਆ, ਉਥੇ ਉਸ ਨੂੰ ਸ਼ਰਾਬ ਪਿਆਈ ਅਤੇ ਫਿਰ ਸੰਦੀਪ ਨੇ ਉਸ ਦੀ ਰਿਸ਼ਤੇਦਾਰੀ ’ਚੋਂ ਭੈਣ ਲੱਗਦੀ ਕੁੜੀ ਨਾਲ ਸੰਬੰਧਾਂ ਬਾਰੇ ਗੱਲ ਛੇੜੀ ਤਾਂ ਦੋਵਾਂ ਦੀ ਬਹਿਸ ਹੋ ਗਈ। ਇਸ ’ਤੇ ਸੰਦੀਪ ਅਤੇ ਉਸ ਦੇ ਨਾਬਾਲਗ ਦੋਸਤ ਨੇ ਜਸ਼ਨਪ੍ਰੀਤ ਦੇ ਸਿਰ ਵਿੱਚ ਇੱਟਾਂ ਮਾਰ ਕੇ ਕਤਲ ਕਰਨ ਤੋਂ ਬਾਅਦ ਉਸ ਦੀ ਲਾਸ਼ ਨੂੰ ਖਪਾਉਣ ਲਈ ਸੀਵਰੇਜ ਵਿੱਚ ਸੁੱਟ ਦਿੱਤਾ,ਪਰ ਸੀਵਰੇਜ ਬੰਦ ਹੋਣ ਕਾਰਨ ਲਾਸ਼ ਲਟਕਦੀ ਰਹੀ।

## ਕਲੋਨਾਈਜ਼ਰ ਨੇ 8.80 ਲੱਖ ਰੁਪਏ ਦੇ ਕੇ 105 ਏਕੜ ਜਗ੍ਹਾ ’ਚ 18 ਕਾਲੋਨੀਆਂ ਕੱਟ ਦਿੱਤੀਆਂ

ਜਲੰਧਰ, 26 ਨਵੰਬਰ (ਪੋਸਟ ਬਿਊਰੋ)- ਜਦੋਂ ਇਸ ਮਹਾਨਗਰ ਦੀ ਨਗਰ ਨਿਗਮ ਵੱਲੋਂ ਆਪਣੇ ਖ਼ਰਚੇ ਚਲਾਉਣ ਲਈ ਪੰਜਾਬ ਸਰਕਾਰ ਤੋਂ ਫ਼ੰਡ ਮੰਗੇ ਜਾ ਰਹੇ ਹਨ, ਓਦੋਂ ਸ਼ਹਿਰ ਵਿੱਚ ਨਾਜਾਇਜ਼ ਕਾਲੋਨੀਆਂ ਦੇ ਕੱਟੀਆਂ ਜਾ ਰਹੀਆਂ ਹਨ ਤੇ ਨਾਜਾਇਜ਼ ਕਾਲੋਨੀਆਂ ਵਾਲਿਆਂ ਤੋਂ ਬਣਦੀ ਪੂਰੀ ਫ਼ੀਸ ਨਾ ਲੈਣ ਕਰ ਕੇ ਨਿਗਮ ਦੀ ਕਾਰਜ ਪ੍ਰਣਾਲੀ ਉੱਤੇ ਸਵਾਲੀਆ ਨਿਸ਼ਾਨ ਲੱਗ ਰਹੇ ਹਨ ਕਿ ਉਹ ਵਸੂਲੀ ਕਰਨ ਵਿੱਚ ਕੋਈ ਦਿਲਚਸਪੀ ਨਹੀਂਲੈ ਰਿਹਾ।

ਇਸ ਸੰਬੰਧ ਵਿੱਚ ਬਿਲਡਿੰਗ ਐਡਹਾਕ ਕਮੇਟੀ ਨੇ ਜਿੱਥੇ ਪਹਿਲਾਂ ਨਾਜਾਇਜ਼ ਬਣੀਆਂ 108 ਉਨ੍ਹਾਂ ਕਾਲੋਨੀਆਂ ਦਾ ਖ਼ੁਲਾਸਾ ਕੀਤਾ ਸੀ,ਜਿਨ੍ਹਾਂਤੋਂ 25 ਕਰੋੜ ਰੁਪਏ ਵਸੂਲੇ ਜਾਣੇ ਬਾਕੀ ਹਨ, ਓਥੇ ਇੱਕ ਨਵੇਂ ਮਾਮਲੇ ਦਾ ਖ਼ੁਲਾਸਾ ਕੀਤਾ ਹੈ, ਜਿਸ ਵਿੱਚ ਇੱਕ ਕਲੋਨਾਈਜਰ ਨੇ 105 ਏਕੜ ਵਿੱਚ 18 ਨਾਜਾਇਜ਼ ਕਾਲੋਨੀਆਂ ਕੱਟ ਦਿੱਤੀਆਂ, ਪਰ ਨਿਗਮ ਨੂੰ ਸਿਰਫ਼ 8.80 ਲੱਖ ਰੁਪਏ ਦੀ ਫ਼ੀਸ ਜਮ੍ਹਾਂ ਕਰਵਾਈ ਹੈ।ਕਮੇਟੀ ਨੇ 18 ਕਾਲੋਨੀਆਂ ਦੇ ਕੱਟਣ ਨਾਲ 21 ਤੋਂ 22 ਕਰੋੜ ਰੁਪਏ ਦਾ ਨੁਕਸਾਨ ਹੋਣ ਦਾ ਖ਼ਦਸ਼ਾ ਜ਼ਾਹਰ ਕੀਤਾ ਹੈ। ਬਿਲਡਿੰਗ ਐਡਹਾਕ ਕਮੇਟੀ ਦੇ ਇਸ ਖ਼ੁਲਾਸੇ ਨੇ ਕਈ ਸਵਾਲ ਖੜੇ ਕਰ



ਦਿੱਤੇ ਹਨ, ਕਿਉਂਕਿ ਨਾਜਾਇਜ਼ ਕਾਲੋਨੀਆਂ ਦੇ ਕੱਟਣ ਨਾਲ ਐਨਾ ਵੱਡਾ ਫਰਾਡ ਕਦੇ ਵੀ ਨਹੀਂਹੋਇਆ ਸੀ। ਬਿਲਡਿੰਗ ਐਡਹਾਕ ਕਮੇਟੀ ਦੇ ਮੁਖੀ ਨਿਰਮਲ ਸਿੰਘ ਨਿੰਮਾ ਤੇ ਮੈਂਬਰ ਵਿਕੀ ਕਾਲੀਆ ਵੱਲੋਂ ਬਿਲਡਿੰਗ ਵਿਭਾਗ ਤੋਂ ਲਈ ਜਾਣਕਾਰੀ ਮੁਤਾਬਕ ਉਕਤ ਕਾਲੋਨੀਆਂ ਕੈਂਟ ਵਿੱਚ ਰਹਿਣ ਵਾਲੇ ਇੱਕੋ ਕਲੋਨਾਈਜ਼ਰ ਦੇ ਨਾਂਅ ’ਤੇ ਕੱਟਣ ਲਈ ਸਿਰਫ਼ 8.80 ਲੱਖ ਰੁਪਏ ਫ਼ੀਸ ਜਮ੍ਹਾਂ ਕਰਵਾਈ ਗਈ ਹੈ। ਕਮੇਟੀ ਦਾ ਕਹਿਣਾ ਹੈ ਕਿ 105 ਏਕੜ ਜ਼ਮੀਨ ਵਿੱਚ ਵੱਖ-ਵੱਖਜਗ੍ਹਾ ਦੇ ਪਲਾਟ ਕੱਟ ਕੇ ਮਾਮੂਲੀ ਰਕਮਾਂ ਨਿਗਮ ਕੋਲ ਜਮ੍ਹਾਂ ਕਰਵਾਈਆਂ ਗਈਆਂ ਹਨ, ਜਿਨ੍ਹਾਂ ਵਿੱਚ 21 ਕਾਲੋਨੀਆਂ ਦੇ ਲਈ 82000 ਰੁਪਏ ਦੀ ਫ਼ੀਸ, 9.50 ਏਕੜ ਲਈ 52 ਹਜ਼ਾਰ, 1.75 ਏਕੜ ਲਈ 1 ਲੱਖ, 59 ਏਕੜ ਦੇ ਲਈ 10 ਹਜ਼ਾਰ, 23 ਏਕੜ ਲਈ 90 ਹਜ਼ਾਰ ਦੀ ਕਰੀਬ ਫ਼ੀਸ ਜਮਾਂ ਕਰਵਾਈ ਗਈ ਹੈ।ਕਮੇਟੀ ਵੱਲੋਂ ਦਿੱਤੇ ਅੰਕੜਿਆਂ ਮੁਤਾਬਕ ਨਿਗਮ ਨੂੰ ਮਾਮੂਲੀ ਫ਼ੀਸ ਦੇ ਕੇ ਕਾਲੋਨੀਆਂ ਕੱਟ ਦਿੱਤੀਆਂ ਗਈਆਂ, ਜਦਕਿ ਨਿਗਮ ਨੂੰ 22 ਕਰੋੜ ਦੇ ਕਰੀਬ ਫ਼ੀਸ ਆ ਸਕਦੀ ਸੀ ਜਿਹੜੀ ਵਸੂਲੀ ਨਹੀਂ ਗਈ।ਕਮੇਟੀ ਦਾ ਕਹਿਣਾ ਸੀ ਕਿ ਇਹ ਕਾਲੋਨੀਆਂ ਬੜਿੰਗ, ਦਕੋਹਾ, ਪਰਾਗਪੁਰ ਵਿਖੇ ਨਿਗਮ ਦੀ ਹੱਦ ’ਚ ਕੱਟੀਆਂ ਗਈਆਂ ਅਤੇ 20 ਹੋਰ ਕਾਲੋਨੀਆਂ ਕੱਟੀਆਂ ਜਾ ਰਹੀਆਂ ਹਨ ਜਿਨ੍ਹਾਂ ਦੀ ਬਿਲਡਿੰਗ ਰਿਕਾਰਡ ’ਚ ਕੋਈ ਜਾਣਕਾਰੀ ਨਹੀਂ ਹੈ। ਕਮੇਟੀ ਨੇ ਕਿਹਾ ਹੈ ਕਿ ਜਿਹੜੀਆਂ ਕਾਲੋਨੀਆਂ ਕੱਟੀਆਂ ਗਈਆਂ, ਉਨ੍ਹਾਂ ਦੀ ਪੂਰੀ ਨਿਸ਼ਾਨਦੇਹੀ ਕਰਕੇ ਪੂਰੀ ਫ਼ੀਸ ਬਣਾਈ ਅਤੇ ਰਿਕਵਰੀ ਕੀਤੀ ਜਾਵੇਗੀ।

## ਦੇਹ ਵਪਾਰ ਤੇ ਕੁੱਟ-ਮਾਰ ਵਿਰੁੱਧ ਹੋਟਲ ਦੇ ਖ਼ਿਲਾਫ਼ ਧਰਨਾ

ਜਲੰਧਰ, 26 ਨਵੰਬਰ (ਪੋਸਟ ਬਿਊਰੋ)- ਨਿਊ ਰੇਲਵੇ ਰੋਡ ਦੀ ਵਸਨੀਕ ਨਿਸ਼ਚਿੰਤ ਕੌਰ ਤੇ ਉਸ ਦੇ ਲੜਕੇ ਗਗਨਦੀਪ ਸਿੰਘ ਨੇ ਗੁਆਂਢ ’ਚ ਚੱਲਦੇ ਹੋਟਲ ਬਲੈਸਿੰਗ ਇਨ ’ਚ ਦੇਹ ਵਪਾਰ ਦਾ ਧੰਦਾ ਚੱਲਣ ਦੇ ਦੋਸ਼ ਲਾਏ ਹਨ। ਉਨ੍ਹਾਂ ਇਹ ਵੀ ਦੋਸ਼ ਲਾਇਆ ਕਿ ਜਦੋਂ ਇਸ ਬਾਰੇ ਉਹ ਪੁਲਸ ਨੂੰ ਸ਼ਿਕਾਇਤ ਦਿੰਦੇ ਹਨ ਤਾਂ ਪੁਲਸ ਹੋਟਲ ਮਾਲਕਾਂ ਦੇ ਖ਼ਿਲਾਫ਼ ਕੋਈ ਕਾਰਵਾਈਨਹੀਂ ਕਰਦੀ। ਕੱਲ੍ਹ ਇਸ ਬਾਰੇ ਖ਼ੂਬ ਹੰਗਾਮਾ ਵੀ ਹੋਇਆ ਹੈ।

ਨਿਸ਼ਚਿੰਤ ਕੌਰ ਨੇ ਦੋਸ਼ ਲਾਇਆ ਕਿ ਇਸ ਗੱਲ ਦੀ ਰੰਜਸ਼ ਕਾਰਨਕੱਲ੍ਹ ਹੋਟਲ ਮਾਲਕ ਰਾਜੇਸ਼ ਖੰਨਾ ਅਤੇ ਉਸ ਦੇ ਸਮਰਥੱਕਾਂ ਨੇ ਮਿਲ ਕੇ ਉਸ ਦੀ ਤੇ ਉਸ ਦੇ ਲੜਕੇ ਦੀ ਕੁੱਟਮਾਰ ਕੀਤੀ ਹੈ। ਔਰਤ ਨਾਲ ਕੁੱਟਮਾਰ ਹੁੰਦੀ ਦੇਖ ਕੇ ਇਲਾਕੇ ਦੇ ਲੋਕਾਂ ਨੇ ਹੋਟਲ ਮਾਲਕ ਦਾ ਵਿਰੋਧ ਕੀਤਾ ਅਤੇ ਪੁਲਸ ਵੱਲੋਂ ਕੋਈ ਕਾਰਵਾਈ ਨਾ ਕੀਤੇ ਜਾਣ ਕਰਕੇ ਪ੍ਰਸ਼ਾਸਨ ਖ਼ਿਲਾਫ਼ ਪ੍ਰਦਰਸ਼ਨ ਵੀ ਕੀਤਾ ਗਿਆ। ਇਸ ਮੌਕੇ ਓਥੇ ਪਹੁੰਚੇ ਏ ਸੀ ਪੀ (ਨਾਰਥ) ਸੁਖਜਿੰਦਰ ਸਿੰਘ ਨੂੰ ਪੀੜਤ ਔਰਤ ਨੇ ਦੱਸਿਆ ਕਿ ਕੱਲ੍ਹ ਉਸ ਨੇ ਹੋਟਲ ’ਚ ਆਏ ਕੁਝ ਸ਼ੱਕੀ ਜੋੜਿਆਂ ਦੀਆਂ ਤਸਵੀਰਾਂ ਖਿੱਚੀਆਂ ਸਨ, ਜਿਸ ਤੋਂ ਬਾਅਦ ਹੋਟਲ ਮਾਲਕ ਰਾਜੇਸ਼ ਖੰਨਾ ਨੇ ਉਨ੍ਹਾਂ ਨੂੰ ਗੱਲਬਾਤ



ਲਈ ਹੋਟਲ ’ਚ ਬੁਲਾਇਆ, ਜਿਥੇ ਰਾਜੇਸ਼ ਖੰਨਾ ਨੇ ਆਪਣੇ ਸਮਰੱਥਕਾਂ ਨਾਲ ਮਿਲ ਕੇ ਉਨ੍ਹਾਂ ਦੀ ਕੁੱਟ-ਮਾਰ ਕੀਤੀ। ਇਸ ਦੌਰਾਨ ਇਲਾਕੇ ਦੇ ਲੋਕਾਂ ਨੇ ਉਨ੍ਹਾਂ ਨੂੰ ਆ ਕੇ ਹਮਲਾਵਰਾਂ ਤੋਂ ਬਚਾਇਆ।

ਦੂਸਰੇ ਪਾਸੇ ਹੋਟਲ ਮਾਲਕ ਰਾਜੇਸ਼ ਖੰਨਾ ਵੱਲੋਂ ਆਪਣੇ ’ਤੇ ਲੱਗੇ ਦੋਸ਼ਾਂ ਦਾ ਖੰਡਨ ਕੀਤਾ ਅਤੇ ਕਿਹਾ ਕਿ ਉਕਤ ਮਾਂ-ਪੁੱਤਰ ਵੱਲੋਂ ਰੋਜ਼ ਹੋਟਲ ਦੇ ਬਾਹਰ ਖੜੇ ਵਾਹਨਾਂ ਦੀ ਸ਼ਿਕਾਇਤ ਉਨ੍ਹਾਂ ਨੂੰ ਕੀਤੀ ਜਾਂਦੀ ਸੀ। ਉਨ੍ਹਾਂ ਨੇ ਭਰੋਸਾ ਦਿੱਤਾ ਸੀ ਕਿ ਅੱਗੇ ਤੋਂ ਉਹ ਆਪ ਵਾਹਨਾਂ ਦੀ ਪਾਰਕਿੰਗ ਦਾ ਧਿਆਨ ਰੱਖਣਗੇ। ਰਾਜੇਸ਼ ਖੰਨਾ ਨੇ ਦੱਸਿਆ ਕਿ ਕੱਲ੍ਹ ਉਹ ਹੋਟਲ ਦੇ ਨਾਲ ਲਗਦੀ ਆਪਣੀ ਦੁਕਾਨ ’ਤੇ ਬੈਠਾ ਸੀ ਤਾਂ ਮਾਂ-ਪੁੱਤਰ ਨੇ ਆ ਕੇ ਉਸ ਨਾਲ ਕੁੱਟਮਾਰ ਕਰਨੀ ਸ਼ੁਰੂ ਕਰ ਦਿੱਤੀ। ਉਸ ਨੇ ਵੀ ਪੁਲਸ ਨੂੰ ਇਸ ਸਬੰਧੀ ਸ਼ਿਕਾਇਤ ਦੇ ਦਿੱਤੀ ਹੈ।

# ਪ੍ਰਾਪਰਟੀ ਕਾਰੋਬਾਰੀ ਵੱਲੋਂ ਪਤਨੀ, ਪੁੱਤਰ, ਨੂੰਹ ਤੇ ਪੋਤੇ ਦਾ ਕਤਲ

ਲੁਧਿਆਣਾ, 26 ਨਵੰਬਰ (ਪੋਸਟ ਬਿਊਰੋ)- ਥਾਣਾ ਪੀ ਏ ਯੂ ਦੇ ਹੇਠਲੇ ਇਲਾਕੇ ਮਯੂਰ ਵਿਹਾਰ ’ਚ ਇੱਕ ਪ੍ਰਾਪਰਟੀ ਕਾਰੋਬਾਰੀ ਵੱਲੋਂ ਆਪਣੀ ਪਤਨੀ, ਪੁੱਤਰ, ਨੂੰਹ ਅਤੇ ਪੋਤੇ ਦਾ ਕਤਲ ਕਰ ਦੇਣ ਦਾ ਮਾਮਲਾ ਪਤਾ ਲੱਗਾ ਹੈ।

ਮਿਲੀ ਜਾਣਕਾਰੀ ਅਨੁਸਾਰ ਘਟਨਾ ਸਵੇਰੇ ਓਦੋਂ ਵਾਪਰੀ,ਜਦੋਂ ਮਯੂਰ ਵਿਹਾਰ ਦਾ ਪ੍ਰਾਪਰਟੀ ਕਾਰੋਬਾਰੀ ਰਾਜੀਵ ਸੂਦ ਨੇ ਤੇਜ਼ਧਾਰ ਹਥਿਆਰਾਂ ਨਾਲ ਪਹਿਲਾਂ ਆਪਣੀ ਪਤਨੀ ਸੁਨੀਤਾ (55) ਨੂੰ ਮਾ-ਰਿਆ। ਫਿਰ ਉਹ ਆਪਣੇ ਇਕਲੌਤੇ ਲੜਕੇ ਅਸ਼ੀਸ਼ (35) ਦੇ ਕਮਰੇ ’ਚ ਗਿਆ, ਜਿੱਥੇ ਉਸ ਨੇ ਕੁਹਾੜੀ ਅਤੇ ਚਾਕੂਆਂ ਨਾਲ ਅਸ਼ੀਸ਼ ਉਤੇ ਕਈ ਵਾਰ ਕੀਤੇ, ਸਿੱਟੇ ਵਜੋਂ ਉਹ ਵੀ ਮੌਕੇ ’ਤੇ ਦਮ ਤੋੜ ਗਿਆ। ਉਸ ਤੋਂ ਬਾਅਦ ਉਸ ਨੇ ਆਪਣੀ ਨੂੰਹ ਗਰਿਮਾ (30) ਅਤੇ ਆਪਣੇ ਪੋਤੇ ਸਾਕੇਤ (13) ਉੱਤੇ ਵੀ ਹਮਲਾ ਕਰਕੇ ਉਨ੍ਹਾਂ ਨੂੰ ਮਾਰ ਦਿੱਤਾ।ਦੋਸ਼ੀ ਨੇਇਨ੍ਹਾਂ ਸਾਰਿਆਂ ਦੇ ਗਲੇ ਉਤੇ ਕੁਹਾੜੀ ਤੇ ਚਾਕੂਆਂ ਨਾਲ ਵਾਰ ਕੀਤੇ ਸਨ। ਘਟਨਾ ਦੌਰਾਨ ਪੋਤੇ ਸਾਕੇਤ ਨੇ ਆਪਣੇ ਮਾਮੇ ਗੌਰਵ ਅਤੇ ਨਾਨਾ ਅਸ਼ੋਕ ਨੂੰ ਸਵੇਰੇ ਸਵਾ 6 ਵਜੇ ਦੇ ਕਰੀਬ ਘਰ ’ਚ ਲੜਾਈ ਹੋਣ ਬਾਰੇ ਦੱਸਿਆ ਤਾਂ ਦੋਵੇਂ ਉਥੇ ਆ ਗਏ। ਜਿਸ ਵੇਲੇ ਉਹ ਘਰ ਪਹੁੰਚੇ ਤਾਂ ਰਾਜੀਵ ਉਥੋਂ ਕਾਰ ’ਚ ਨਿਕਲ ਰਿਹਾ ਸੀ। ਪੁਲਸ ਕਮਿਸ਼ਨਰ ਰਾਕੇਸ਼ ਅਗਰਵਾਲ ਨੇ ਦੱਸਿਆ ਕਿ ਰਾਜੀਵ ਦੀ ਸਵਿਫ਼ਟ ਕਾਰ ਹੰਬੜਾਂ ਸੜਕ ਨੇੜੇ ਜਾ ਕੇ ਹਾਦਸਾ ਗ੍ਰਸਤ ਹੋ ਗਈ ਅਤੇ ਉਸ ਨੂੰ ਸ਼ੱਕੀ ਹਾਲਤਾਂ ’ਚ ਅੱਗ ਲਾ ਕੇ ਫ਼ਰਾਰ ਹੋ ਗਿਆ। ਕਤਲ ਕਰਨ ਤੋਂ ਪਹਿਲਾਂ ਰਾਜੀਵ ਨੇ ਇੱਕ ਚਿੱਠੀ ਲਿਖੀ, ਜਿਸ ਵਿੱਚ ਕਤਲ ਕਰਨ ਉਪਰੰਤ ਉਸ ਵੱਲੋਂ ਖ਼ੁਦਕੁਸ਼ੀ ਕਰਨ ਬਾਰੇ ਲਿਖਿਆ ਹੈ, ਪਰ ਮੌਕੇ ’ਤੇ ਉਸ ਨੇ ਅਜਿਹਾ ਨਹੀਂ ਕੀਤਾ ਅਤੇ ਫ਼ਰਾਰ ਹੋ ਗਿਆ।

ਇਸ ਚਿੱਠੀ ’ਚ ਰਾਜੀਵ ਨੇ ਦੱਸਿਆ ਕਿ ਉਸ ਨੇ ਆਪਣੇ ਲੜਕੇ ਦਾ ਵਿਆਹ ਕੁਝ ਸਾਲ ਪਹਿਲਾਂ ਗਰਿਮਾ ਨਾਲ ਕੀਤਾ ਸੀ, ਜੋ ਗ਼ਰੀਬ ਪਰਵਾਰ ਨਾਲ ਸਬੰਧਤ ਸੀ। ਇਸ ਲਈ ਉਨ੍ਹਾਂ ਨੇ ਸ਼ਾਦੀ ਸਮੇਂ ਕੋਈ ਦਾਜ ਨਹੀਂ ਲਿਆ ਸੀ। ਵਿਆਹ ਤੋਂ ਬਾਅਦ ਗਰਿਮਾ ਦੇ ਪਰਵਾਰਕ ਮੈਂਬਰ ਉਨ੍ਹਾਂ ਤੋਂ ਪੈਸੇ ਦੀ ਮੰਗ ਕਰਨ ਲੱਗ ਪਏ ਅਤੇ ਗਰਿਮਾ ਵੀ ਪ੍ਰੇਸ਼ਾਨ ਕਰਨ ਲੱਗ ਪਈ। ਦੁਖੀ ਹੋ ਕੇ ਉਨ੍ਹਾਂ ਨੇ 4 ਲੱਖ ਰੁਪਏ ਅਤੇ 3 ਲੱਖ ਰੁਪਏ ਵੱਖ-ਵੱਖ ਸਮੇਂ ਉਨ੍ਹਾਂ ਨੂੰ ਦਿੱਤੇ। ਗਰਿਮਾ ਦੇ ਪਰਵਾਰਕ ਮੈਂਬਰ ਆਪਣੇ ਲੜਕੇ ਗੌਰਵ ਨੂੰ ਵਿਦੇਸ਼ ਭੇਜਣ ਲਈ 10 ਲੱਖ ਰੁਪਏ ਮੰਗਦੇ ਸਨ। ਪੈਸੇ ਨਾ ਦੇਣ ਉੱਤੇ ਗਰਿਮਾ ਉਸ ਨੂੰ ਦਾਜ ਦੇ ਕੇਸ ’ਚ ਫਸਾਉਣ ਦੀ ਧਮਕੀ ਦਿੰਦੀ ਸੀ, ਜਿਸ ਕਾਰਨ ਉਹ ਪ੍ਰੇਸ਼ਾਨ ਸੀ। ਪੁਲਸ ਨੇ ਰਾਜੀਵ ਦੇ ਖ਼ਿਲਾਫ਼ ਕਤਲ ਦਾ ਕੇਸ ਦਰਜ ਕਰ ਲਿਆ ਅਤੇ ਦੋਸ਼ੀ ਰਾਜੀਵ ਦੀ ਭਾਲ ਕੀਤੀ ਜਾ ਰਹੀ ਹੈ।



# ਪੰਜਾਬ ਵਿੱਚ ਪਰਾਲੀ ਸਾੜਨ ਦੀਆਂ ਘਟਨਾਵਾਂ ਵਿੱਚ 46.5 ਫੀਸਦੀ ਦਾ ਵਾਧਾ

ਨਵੀਂ ਦਿੱਲੀ, 26 ਨਵੰਬਰ (ਪੋਸਟ ਬਿਊਰੋ)- ਪੰਜਾਬ ਵਿੱਚ ਇਸ ਸਾਲ ਪਰਾਲੀ ਸਾੜਨ ਦੀਆਂ ਸਭ ਤੋਂ ਵੱਧ ਘਟਨਾਵਾਂ ਦਰਜ ਹੋਈਆਂ ਹਨ ਅਤੇ ਪਿਛਲੇ ਸਾਲ ਦੇ ਮੁਕਾਬਲੇ ਇਨ੍ਹਾਂ ਵਿੱਚ 46.5 ਪ੍ਰਤੀਸ਼ਤ ਵਾਧਾ ਹੋਇਆ। ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ (ਸੀ ਪੀ ਸੀ ਬੀ) ਨੇ ਦੱਸਿਆ ਕਿ ਹਰਿਆਣੇ ਵਿੱਚ ਪਿਛਲੇ ਸਾਲ ਦੇ ਮੁਕਾਬਲੇ ਇਸ ਸਾਲ ਪਰਾਲੀ ਸਾੜਨ ਦੀਆਂ ਘਟਨਾਵਾਂ ਵਿੱਚ 28.6 ਫੀਸਦੀ ਕਮੀ ਦੇਖੀ ਗਈ। ਹਰ ਸਾਲ ਸਰਦੀਆਂ ਦੀ ਸ਼ੁਰੂਆਤ ਵਿੱਚ ਪੰਜਾਬ ਅਤੇ ਹਰਿਆਣੇ ਦੇ ਖੇਤਾਂ ਵਿੱਚ ਪਰਾਲੀ ਸਾੜੀ ਜਾਂਦੀ ਹੈ, ਜਿਸ ਦੇ ਕਾਰਨ ਦਿੱਲੀ ਵਿੱਚ ਪ੍ਰਦੂਸ਼ਨ ਦਾ ਪੱਧਰ ਵੱਧ ਜਾਂਦਾ ਹੈ। ਸੀ ਪੀ ਸੀ ਬੀ ਦੇ ਅਨੁਸਾਰ 2020 ਵਿੱਚ 21 ਸਤੰਬਰ ਤੋਂ 22 ਨਵੰਬਰ ਦੇ ਵਿੱਚ ਪੰਜਾਬ ਵਿੱਚ ਪਰਾਲੀ ਸਾੜਨ ਦੀਆਂ ਕੁੱਲ 76,537 ਘਟਨਾਵਾਂ ਸਾਹਮਣੇ ਆਈਆਂ ਹਨ ਜਦਕਿ ਪਿਛਲੇ ਸਾਲ ਦੀ ਇਸੇ ਮਿਆਦ ਵਿੱਚ ਸੰਖਿਆ 52,225 ਸੀ। ਸੀ ਪੀ ਸੀ ਬੀ ਨੇ ਕਿਹਾ ਕਿ 2019 ਦੇ ਮੁਕਾਬਲੇ 2020 ਵਿੱਚ ਪਰਾਲੀ ਸਾੜਨ ਦੀਆਂ ਘਟਨਾਵਾਂ ਵਿੱਚ 46.5 ਫੀਸਦੀਵਾਧਾ ਹੋਇਆ ਹੈ। ਸਾਲ 2020 ਵਿੱਚ ਪੰਜਾਬ ਦੇ ਸੰਗਰੂਰ, ਬਠਿੰਡਾ ਅਤੇ ਫ਼ਿਰੋਜ਼ਪੁਰ ਵਿੱਚ ਸਭ ਤੋਂ ਜ਼ਿਆਦਾ ਪਰਾਲੀ ਸਾੜੀ ਗਈ ਹੈ। ਮੋਗਾ, ਅੰਮ੍ਰਿਤਸਰ, ਫਾਜਿਲਕਾ ਤੇ ਲੁਧਿਆਣਾ ਵਿੱਚ ਪਿਛਲੇ ਸਾਲ ਦੇ ਮੁਕਾਬਲੇ ਪਰਾਲੀ ਸਾੜਨ ਦੀਆਂ 75 ਫੀਸਦੀਵਧੇਰੇ ਘਟਨਾਵਾਂ ਵਾਪਰੀਆਂ ਹਨ। ਸੀ ਪੀ ਸੀ ਬੀ ਨੇ ਕਿਹਾ ਕਿ 2020 ਵਿੱਚ ਸ਼ਹੀਦ ਭਗਤ ਸਿੰਘ ਨਗਰ ਨੂੰ ਛੱਡ ਕੇ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿੱਚ ਪਰਾਲੀ ਸਾੜਨ ਦੀਆਂ ਘਟਨਾਵਾਂ ਵਿੱਚ ਵਾਧਾ ਦੇਖਿਆ ਗਿਆ ਹੈ। ਬੋਰਡ ਨੇ ਕਿਹਾ ਕਿ ਇਸ ਤੋਂ ਪਤਾ ਲੱਗਦਾ ਹੈ ਕਿ ਜ਼ਮੀਨੀ ਪੱਧਰ ’ਤੇ ਕੇਂਦਰ ਦੀਆਂ ਯੋਜਨਾਵਾਂ ’ਤੇ ਅਮਲ ਠੀਕ ਤਰੀਕੇ ਨਾਲ ਨਹੀਂ ਕੀਤਾ ਗਿਆ। ਹਰਿਆਣੇ ਵਿੱਚ 2020 ਵਿੱਚ 25 ਸਤੰਬਰ ਤੋਂ 22 ਨਵੰਬਰ ਦੇ ਵਿੱਚ ਪਰਾਲੀ ਸਾੜਨ ਦੀਆਂ 4,675 ਘਟਨਾਵਾਂ ਹੋਈਆਂ। ਪਿਛਲੇ ਸਾਲ ਇਸੇ ਸਮੇਂ ਦੌਰਾਨ 6,551 ਘਟਨਾਵਾਂ ਹੋਈਆਂ ਸਨ। ਸੀ ਪੀ ਸੀ ਬੀ ਨੇ ਕਿਹਾ ਕਿ ਸਾਲ 2020 ਵਿੱਚ ਵੀ ਫਤਿਹਾਬਾਦ, ਕੈਥਲ ਅਤੇ ਕਰਨਾਲ ਵਰਗੇ ਜ਼ਿਲਿਆਂ ਵਿੱਚ ਪਰਾਲੀ ਸਾੜਨ ਦੀ ਸਭ ਤੋਂ ਵੱਧ ਘਟਨਾਵਾਂ ਹੋਈਆਂ, ਹਾਲਾਂਕਿ 2019 ਦੇ ਮੁਕਾਬਲੇ ਇਨ੍ਹਾਂ ਵਿੱਚ 40 ਫੀਸਦੀ ਦੀ ਕਮੀਂ ਦਰਜ ਕੀਤੀ ਗਈ।

# ਮਮਤਾ ਬੈਨਰਜੀ ਨੇ ਭਾਜਪਾ ਨੂੰ ਦੇਸ਼ ਦੇ ਲਈ ਸਭ ਤੋਂ ਵੱਡਾ ਸਰਾਫ ਆਖਿਆ



ਬਾਂਕੁਰਾ, 26 ਨਵੰਬਰ (ਪੋਸਟ ਬਿਊਰੋ)-ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਕੱਲ੍ਹ ਭਾਜਪਾ ਨੂੰ ‘ਝੂਠ ਦਾ ਪੁਲੰਦਾ’ ਅਤੇ ‘ਦੇਸ਼ ਲਈ ਸਭ ਤੋਂ ਵੱਡਾ ਸਰਾਫ’ ਕਰਾਰ ਦਿੰਦੇ ਹੋਏ ਭਗਵਾ ਪਾਰਟੀ ਨੂੰ ਚੁਣੌਤੀ ਦਿੱਤੀ ਕਿ ਉਹ ਉਨ੍ਹਾਂ ਨੂੰ ਗ੍ਰਿਫਤਾਰ ਕਰ ਕੇ ਦਿਖਾਏ। ਉਨ੍ਹਾਂ ਕਿਹਾ ਕਿ ਉਹ ਜੇਲ੍ਹਤੋਂ ਵੀ ਆਉਂਦੀਆਂ ਵਿਧਾਨ ਸਭਾ ਚੋਣਾਂ ਵਿੱਚ ਤ੍ਰਿਣਮੂਲ ਕਾਂਗਰਸ ਦੀ ਜਿੱਤ ਯਕੀਨੀ ਕਰੇਗੀ ਅਤੇ ਭਾਜਪਾ ਨੂੰ ਹਰਾ ਕੇ ਦਮ ਲਵੇਗੀ।

ਤ੍ਰਿਣਮੂਲ ਕਾਂਗਰਸ ਦੀ ਮੁਖੀ ਮਮਤਾ ਬੈਨਰਜੀ ਨੇ ਭਰੋਸਾ ਪ੍ਰਗਟ ਕੀਤਾ ਕਿ ਪਾਰਟੀ ਸੂਬੇ ਵਿੱਚ ਮੌਜੂਦਾ ਕਾਰਜ ਕਾਲ ਦੀ ਤੁਲਨਾ ਵਿੱਚ ਵੱਡੇ ਬਹੁਮਤ ਨਾਲ ਲਗਾਤਾਰ ਤੀਸਰੀ ਵਾਰ ਸੱਤਾ ਵਿੱਚ ਵਾਪਸੀ ਕਰੇਗੀ। ਉਨ੍ਹਾ ਕਿਹਾ ਕਿ ਪੱਛਮੀ ਬੰਗਾਲ ਵਿੱਚ 2021 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਦੀ ਹਾਰ, ਕੇਂਦਰ ਵਿੱਚ ਭਾਜਪਾ ਦੀ ਹਾਰ, ਕੇਂਦਰ ਵਿੱਚ ਭਾਜਪਾ ਦੇ ਹੰਕਾਰ ਤੇ ਮਾੜੇ ਪ੍ਰਬੰਧਾਂ ਲਈ ਝਟਕਾ ਹੋਵੇਗੀ। ਬੀਤੇ ਕੁਝ ਸਾਲਾਂ ਵਿੱਚ ਭਾਜਪਾ ਬੰਗਾਲ ਵਿੱਚ ਮੁੱਖ ਵਿਰੋਧੀ ਧਿਰ ਦੇ ਰੂਪ ਵਿੱਚ ਉਭਰੀ ਹੈ। ਉਨ੍ਹਾਂ ਨੇ ਕਿਹਾ ਕਿ ਭਾਜਪਾ ਰਾਜਨੀਤਕ ਪਾਰਟੀ ਨਹੀਂ ਹੈ, ਬਲਕਿ ਝੂਠ ਦਾ ਪੁਲੰਦਾ ਹੈ।

# ਭਾਜਪਾ ਯੁਵਾ ਮੋਰਚਾ ਵੱਲੋਂ ਫਾਰੁਕ ਅਬਦੁੱਲਾ ਦੇ ਘਰ ਦੇ ਬਾਹਰ ਪ੍ਰਦਰਸ਼ਨ

ਜੰਮੂ, 26 ਨਵੰਬਰ (ਪੋਸਟ ਬਿਊਰੋ)- ਜੰਮੂ-ਕਸ਼ਮੀਰ ਭਾਰਤੀ ਜਨਤਾ ਯੁਵਾ ਮੋਰਚਾ ਦੇ ਪ੍ਰਧਾਨ ਅਰੁਣ ਦੇਵ ਸਿੰਘ ਅਤੇ ਵਰਕਰਾਂ ਨੇ ਭਠਿੰਡੀ ਇਲਾਕੇ ਵਿੱਚ ਰੌਸ਼ਨੀ ਐਕਟ ਘਪਲੇ ਦੇ ਸਬੰਧ ਵਿੱਚ ਸਾਬਕਾ ਮੁੱਖ ਮੰਤਰੀ ਫਾਰੁਕ ਅਬਦੁੱਲਾ ਦੇ ਘਰ ਦੇ ਬਾਹਰ ਨਾਅਰੇਬਾਜ਼ੀ ਕੀਤੀ। ਇਸ ਨਾਲ ਪੂਰੇ ਇਲਾਕੇ ਵਿੱਚ ਹਫੜਾ-ਤਫ਼ਰੀ ਮੱਚ ਗਈ।ਇਸ ਪਿੱਛੋਂ ਹਾਲਾਤ ’ਤੇ ਕਾਬੂ ਪਾਉਣ ਲਈ ਪੁਲਸ ਨੇ ਯੁਵਾ ਵਰਕਰਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ, ਪਰ ਹਾਲਾਤ ਵਿਗੜਦੇ ਵੇਖ ਕੇ ਅਰੁਣ ਦੇਵ ਸਿੰਘ ਅਤੇ ਹੋਰਨਾਂ ਨੂੰ ਗ੍ਰਿਫ਼ਤਾਰ ਕਰ ਲਿਆ। ਇਸ ’ਤੇ ਨੈਸ਼ਨਲ ਕਾਨਫਰੰਸ ਦੇ ਵਰਕਰਾਂ ਨੇ ਕਿਹਾ ਕਿ ਪੁਲਸ ਦੇ ਰੋਕੇ ਜਾਣ ਤੋਂ ਬਾਅਦ ਵੀ



ਇਹ ਲੋਕ ਸਾਬਕਾ ਮੁੱਖ ਮੰਤਰੀ ਫਾਰੁਕ ਅਬਦੁੱਲਾ ਦੀ ਕੋਠੀ ਅੰਦਰ ਕਿਵੇਂ ਦਾਖ਼ਲ ਹੋਏ।

ਇਸ ਮੌਕੇ ਗੁੱਸੇ ਵਿੱਚ ਆਏ ਨੈਸ਼ਨਲ ਕਾਨਫਰੰਸ ਦੇ ਵਰਕਰਾਂ ਨੇ ਭਾਜਪਾ ਦੇ ਖ਼ਿਲਾਫ਼ ਜਵਾਬੀ ਪ੍ਰਦਰਸ਼ਨ ਕਰਕੇ ਨਾਅਰੇਬਾਜ਼ੀ ਕੀਤੀ। ਉਨ੍ਹਾ ਨੇ ਕਿਹਾ ਕਿ ਇਹ ਸਿਰਫ ਭਾਜਪਾ ਦਾ ਸਿਆਸੀ ਸਟੰਟ ਹੈ। ਭਾਜਪਾ ਭਠਿੰਡੀ ਵਿੱਚ ਹਿੰਦੂਆਂ-ਮੁਸਲਮਾਨਾਂ ਨੂੰ ਆਪੋ ਵਿੱਚ ਲੜਾਉਣਾ ਚਾਹੁੰਦੀ ਅਤੇ ਇਲਾਕੇ ਦੀ ਸ਼ਾਂਤੀ ਭੰਗ ਕਰਨਾ ਚਾਹੁੰਦੀ ਹੈ। ਉਨ੍ਹਾਂ ਕਿਹਾ ਕਿ ਜੇਕਰ ਰੌਸ਼ਨੀ ਐਕਟ ਵਿੱਚ ਨਾਜਾਇਜ਼ ਜ਼ਮੀਨੀ ਕਬਜ਼ੇ ਮਾਮਲੇ ਵਿੱਚ ਸਾਬਕਾ ਮੁੱਖ ਮੰਤਰੀ ਫਾਰੁਕ ਅਬਦੁੱਲਾ ਦਾ ਨਾਂ ਹੈ ਤਾਂ ਇਸ ਵਿੱਚ ਭਾਜਪਾ ਦੇ ਕੁਝ ਸੀਨੀਅਰ ਨੇਤਾਵਾਂ ਦੇ ਨਾਂ ਵੀ ਸ਼ਾਮਲ ਹਨ।

# ਦਿੱਲੀ ਸਰਕਾਰ ਵੱਲੋਂ ਪੰਜਾਬ ਤੇ ਹੋਰ ਗੁਆਂਢੀ ਰਾਜਾਂ ਦੇ ਖਿਲਾਫ ਪਟੀਸ਼ਨ

ਨਵੀਂ ਦਿੱਲੀ, 26 ਨਵੰਬਰ (ਪੋਸਟ ਬਿਊਰੋ)- ਦਿੱਲੀ ਦੀ ਕੇਜਰੀਵਾਲ ਸਰਕਾਰ ਨੇ ਨੈਸ਼ਨਲ ਏਅਰ ਕੁਆਲਿਟੀ ਕਮਿਸ਼ਨ ਵਿੱਚ ਪੰਜਾਬ, ਹਰਿਆਣਾ, ਉੱਤਰ ਪ੍ਰਦੇਸ਼ ਤੇ ਰਾਜਸਥਾਨ ਵਿੱਚ ਪਰਾਲੀ ਸਾੜੇ ਜਾਣ ਦੇ ਦੋਸ਼ ਹੇਠ ਪਟੀਸ਼ਨ ਦਾਇਰ ਕਰ ਕੇ ਉਥੇ ਬਾਇਓ ਡੀ-ਕੰਪੋਜ਼ਰ ਦਾ ਛਿੜਕਾਅ ਲਾਜ਼ਮੀ ਕਰਨ ਦੀ ਮੰਗ ਕੀਤੀ ਗਈ ਹੈ।



ਇਸ ਬਾਰੇ ਦਿੱਲੀ ਦੇ ਵਾਤਾਵਰਣ ਮੰਤਰੀ ਗੋਪਾਲ ਰਾਏ ਨੇ ਦੱਸਿਆ ਕਿ ਇਸ ਪਟੀਸ਼ਨ ਵਿੱਚ ਪੂਸਾ ਇੰਸਟੀਚਿਊਟ ਵੱਲੋਂ ਤਿਆਰ ਬਾਇਓ ਡੀ-ਕੰਪੋਜ਼ਰ ਦੇ ਨਤੀਜਿਆਂ ਬਾਰੇ ਬਣੀ ਕਮੇਟੀ ਦੀ ਰਿਪੋਰਟ ਵੀ ਪੇਸ਼ ਕੀਤੀ ਗਈ ਹੈ।ਉਨ੍ਹਾਂਨੇ ਦੱਸਿਆ ਕਿ ਪਰਾਲੀ ਸਾੜਨ ਦੀ ਥਾਂ ਬਾਇਓ ਡੀ-ਕੰਪੋਜ਼ਰ ਨਾਲ ਪਰਾਲੀ ਨੂੰ ਖਾਦ ਵਿੱਚ ਬਦਲਿਆ ਜਾ ਸਕਦਾ ਹੈ। ਕੇਂਦਰ ਸਰਕਾਰ ਜਿੰਨਾ ਪੈਸਾ ਕਿਸਾਨਾਂ ਨੂੰ ਮਸ਼ੀਨਾਂ ਖਰੀਦਣ ਲਈ ਸਬਸਿਡੀ ਵਜੋਂ ਦਿੰਦੀ ਹੈ, ਉਸ ਤੋਂ ਅੱਧੀ ਕੀਮਤ ’ਤੇ ਪੰਜਾਬ, ਹਰਿਆਣਾ, ਉਤਰ ਪ੍ਰਦੇਸ਼ ਅਤੇ ਰਾਜਸਥਾਨ ਦੀਆਂ ਸਰਕਾਰਾਂ ਡੀ-ਕੰਪੋਜ਼ਰ ਛਿੜਕ ਸਕਦੀਆਂ ਹਨ।

ਡਿਜ਼ੀਟਲ ਪ੍ਰੈਸ ਕਾਨਫਰੰਸ ਦੌਰਾਨ ਗੋਪਾਲ ਰਾਏ ਨੇ ਕਿਹਾ ਕਿ ਦਿੱਲੀ ਦੇ ਲੋਕਾਂ ਨੂੰ ਸਾਹ ਲੈਣ ਵਿੱਚ ਤਕਲੀਫ ਹੋਣ ਦੀ ਬਿਮਾਰੀ ਵਧੀ ਹੈ। ਨਾਸਾ ਦੇ ਚਿੱਤਰਾਂ ਮੁਤਾਬਕ ਪਰਾਲੀ ਸਾੜਨ ਦੀਆਂ ਘਟਨਾਵਾਂ ਵਧੀਆਂ ਤਾਂ ਉਨ੍ਹਾਂਦੇ ਨਾਲ ਦਿੱਲੀ ਦੀ ਹਵਾ ਜ਼ਹਿਰੀਲੀ ਹੁੰਦੀ ਜਾਂਦੀ ਹੈ। ਪਰਾਲੀ ਕਾਰਨ ਪ੍ਰਦੂਸ਼ਣ ਵਧਿਆ ਅਤੇ ਕੋਰੋਨਾ ਦੇ ਕੇਸ ਵੀ ਵਧੇ ਹਨ। ਉਨ੍ਹਾਂ ਕਿਹਾ ਕਿ ਦਿੱਲੀ ਸਰਕਾਰ ਦੇ ਨਾਲ ਕੇਂਦਰ ਸਰਕਾਰ ਤੇ ਹੋਰਨਾਂ ਦੀ ਨੈਤਿਕ ਜ਼ਿੰਮੇਵਾਰੀ ਹੈ ਕਿ ਉਹ ਪਰਾਲੀ ਦੇ ਧੂੰਏਂ ਦਾ ਸਥਾਈ ਹੱਲ ਲੱਭਣ,ਕਿਉਂਕਿ ਸਾਲੋ-ਸਾਲ ਸਮੱਸਿਆ ਵਧੀ ਜਾਂਦੀ ਹੈ, ਪਰ ਸਭ ਇਸ ਨੂੰ ਟਾਲ ਰਹੇ ਹਨ। ਇਹ ਪਟੀਸ਼ਨ ਕੇਂਦਰ ਵੱਲੋਂ ਬਣਾਈ ਹਵਾ ਕੁਆਲਿਟੀ ਕਮਿਸ਼ਨ (ਏਅਰ ਕੁਆਲਿਟੀ ਕਮਿਸ਼ਨ) ਨੂੰਪੇਸ਼ ਕੀਤੀ ਗਈ ਹੈ। ਕੱਲ੍ਹ ਆਮ ਆਦਮੀ ਪਾਰਟੀ ਦੀ ਵਿਧਾਇਕ ਆਤਿਸ਼ੀ ਨੇ ਕਮਿਸ਼ਨ ਕੋਲ ਪੰਜਾਬ, ਹਰਿਆਣਾ ਦੀਆਂ ਸਰਕਾਰਾਂ ਖਿਲਾਫ ਕਾਰਵਾਈ ਦੀ ਮੰਗ ਕੀਤੀ ਸੀ।

## ਜੰਮੂ-ਕਸ਼ਮੀਰ ਜ਼ਮੀਨੀ ਘਪਲਾ:

# ਫਾਰੂਕ ਅਤੇ ਉਮਰ ਅਬਦੁੱਲਾ ਦੇ ਮਕਾਨ ਵੀ ਕਬਜ਼ੇ ਵਾਲੀ ਜ਼ਮੀਨ ਉਤੇ ਬਣਾਏ ਗਏ

ਜੰਮੂ, 26 ਨਵੰਬਰ (ਪੋਸਟ ਬਿਊਰੋ)- ਜੰਮੂ-ਕਸ਼ਮੀਰ ਸਰਕਾਰ ਨੇ ਸਾਬਕਾ ਮੁੱਖ ਮੰਤਰੀ ਫਾਰੂਕ ਅਬਦੁੱਲਾ ਅਤੇ ਉਮਰ ਅਬਦੁੱਲਾ ਦਾ ਨਾਂਅ ਇੱਕ ਸੂਚੀ ਵਿੱਚ ਸ਼ਾਮਲ ਕਰ ਕੇ ਦੋਸ਼ ਲਾਇਆ ਹੈ ਕਿ ਜੰਮੂ ਵਿੱਚ ਉਨ੍ਹਾਂਦੇ ਰਿਹਾਇਸ਼ੀ ਮਕਾਨ ਗੈਰ ਕਾਨੂੰਨੀ ਤਰੀਕੇ ਨਾਲ ਹਾਸਲ ਜ਼ਮੀਨ ’ਤੇ ਬਣਾਏ ਗਏ ਹਨ। ਫਾਰੂਕ ਅਤੇ ਉਮਰ ਦੋਵਾਂ ਨੇ ਇਨ੍ਹਾਂ ਦੋਸ਼ਾਂ ਤੋਂ ਇਨਕਾਰ ਕੀਤਾ ਹੈ। ਜੰਮੂ-ਕਸ਼ਮੀਰ ਹਾਈ ਕੋਰਟ ਦੇ ਹੁਕਮਾਂ ਪਿੱਛੋਂ ਕੇਂਦਰ ਸ਼ਾਸਤ ਪ੍ਰਦੇਸ਼ ਦੇ ਪ੍ਰਸ਼ਾਸਨ ਨੇ ਵਿਵਾਦ ਵਾਲੀ ‘ਰੋਸ਼ਨੀ ਭੂਮੀ ਯੋਜਨਾ’ ਦੇ ਤਹਿਤ ਜ਼ਮੀਨ ਲੈਣ ਵਾਲਿਆਂ ਦੀ ਸੂਚੀ ਜਾਰੀ ਕੀਤੀ ਹੈ।

ਇਸ ਸੰਬੰਧ ਵਿੱਚ ਪ੍ਰਸ਼ਾਸਨ ਨੇ ਪਰਸੋਂ ਅਜਿਹੇ ਲੋਕਾਂ ਦੀ ਸੂਚੀ ਜਾਰੀ ਕੀਤੀ ਸੀ, ਜਿਨ੍ਹਾਂ ਨੇ ਹੋਰਨਾਂ ਨੂੰ ਦਿੱਤੀ ਗਈ ਜ਼ਮੀਨ ’ਤੇ ਕਬਜ਼ਾ ਕੀਤਾ ਹੋਇਆ ਹੈ। ਆਪਣੀ ਵੈਬਸਾਈਟ ’ਤੇ ਇਨ੍ਹਾਂ ਸੂਚੀਆਂ ਨੂੰ ਜਾਰੀ ਕਰ ਕੇ ਜੰਮੂ ਡਿਵੀਜ਼ਨ ਦੇ ਪ੍ਰਸ਼ਾਸਨ ਨੇ ਦੱਸਿਆ ਹੈ ਕਿ ਸੁਜਵਾਂ ਵਿੱਚ ਕਰੀਬ ਇੱਕ ਏਕੜ ਖੇਤਰ ਵਿੱਚ ਬਣਿਆ ਫਾਰੂਕ ਅਤੇ ਉਮਰ ਅਬਦੁੱਲਾ ਦਾ ਮਕਾਨ ਵੀ ਨਾਜਾਇਜ਼ ਕਬਜ਼ੇ ਵਾਲੀ ਸਰਕਾਰੀ ਜ਼ਮੀਨ ਉਤੇ ਬਣਿਆ ਹੈ। ਮਾਲ ਵਿਭਾਗ ਦੇ ਰਿਕਾਰਡ ਵਿੱਚ ਇਸ ਨੂੰ ਨਹੀਂ ਦਿਖਾਇਆ ਗਿਆ, ਪਰ ਇਸ ’ਤੇ ਕਬਜ਼ਾ ਕੀਤਾ ਗਿਆ। ਇਸ ਨਵੀਂ ਸੂਚੀ ਬਾਰੇ ਨੈਸ਼ਨਲ ਕਾਨਫਰੰਸ ਦੇ ਉਪ ਪ੍ਰਧਾਨ ਉਮਰ ਅਬਦੁੱਲਾ ਨੇ ਕਿਹਾ ਕਿ‘ਸੂਤਰਾਂ ਦੇ ਆਧਾਰ ਉੱਤੇ ਆਈ ਇਹ ਖਬਰ ਝੂਠੀ ਹੈ ਕਿ ਡਾ. ਫਾਰੂਕ ਅਬਦੁੱਲਾ ਰੋਸ਼ਨੀ ਕਾਨੂੰਨ ਦੇ ਲਾਭ-ਪਾਤਰੀ ਹਨ ਅਤੇ ਗਲਤ ਢੰਗ ਨਾਲ ਇਹ ਖਬਰ ਪੇਸ਼ ਕੀਤੀ ਗਈ ਹੈ। ਜੰਮੂ ਅਤੇ ਸ੍ਰੀਨਗਰ ਵਿੱਚ ਬਣੇ ਉਨ੍ਹਾਂ ਦੇ ਮਕਾਨਾਂ ਦਾ ਇਸ ਕਾਨੂੰਨ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਅਧਿਕਾਰੀਆਂ ਨੇ ਦੱਸਿਆ ਕਿ ਫਾਰੂਕ ਅਬਦੁੱਲਾ ਦਾ ਮਕਾਨ 1990 ਦੇ ਦਹਾਕੇ ਵਿੱਚ ਬਣਿਆ ਸੀ ਜਿਸ ਦੇ ਲਈ ਲੱਕੜੀਆਂ ਵੀ ਸਰਕਾਰੀ ਗੋਦਾਮ ਤੋਂ ਆਈਆਂ ਸਨ। ਇਸ ਦੇ ਸੰਬੰਧ ਵਿੱਚ ਡਿਵੀਜ਼ਨਲ ਪ੍ਰਸ਼ਾਸਨ ਨੇ ਹਾਈ ਕੋਰਟ ਦੇ 9 ਅਕਤੂਬਰ ਦੇ ਹੁਕਮ ਹੇਠ ਸੂਚੀ ਜਾਰੀਕੀਤੀ। ਕੋਰਟ ਨੇ ਰੋਸ਼ਨੀ ਕਾਨੂੰਨ ਨੂੰ ‘ਗੈਰ ਕਾਨੂੰਨੀ ਅਤੇ ਸੰਵਿਧਾਨਕ’ ਦੱਸਿਆ ਸੀ ਤੇ ਇਸ ਕਾਨੂੰਨ ਹੇਠ ਜ਼ਮੀਨ ਦੀ ਅਲਾਟਮੈਂਟ ਦੀ ਸੀ ਬੀ ਆਈ ਜਾਂਚ ਦਾ ਹੁਕਮ ਦਿੱਤਾ ਸੀ। ਕਸ਼ਮੀਰ ਡਵੀਜ਼ਨ ਦੇ ਪ੍ਰਸ਼ਾਸਨ ਨੇ 35 ਲਾਭਪਾਤਰੀਆਂ ਦੀ ਸੂਚੀ ਜਾਰੀ ਕਰ ਕੇ ਦੱਸਿਆ ਹੈ ਕਿ ਨੈਸ਼ਨਲ ਕਾਨਫਰੰਸ ਦੇ ਦਫਤਰ, ਕਈ ਹੋਟਲ ਅਤੇ ਦਰਜਨਾਂ ਵਪਾਰਕ ਇਮ-ਾਰਤਾਂ ਨੂੰ ਕਾਨੂੰਨ ਦੇ ਤਹਿਤ ਨਿਯਮਤ ਐਲਾਨ ਕਰ ਦਿੱਤਾ ਗਿਆ, ਜਿਨ੍ਹਾਂ ਦੀ ਜਾਂਚ ਕਰਵਾਈ ਜਾ ਸਕਦੀ ਹੈ।

## ਸਸਪੈਂਡਿਡ ਆਈ ਏ ਐਸ ਅਧਿਕਾਰੀ ਸੋਨਾ ਸਮਗਲਿੰਗ ਕੇਸ ਵਿੱਚ ਗ੍ਰਿਫਤਾਰ

ਕੋਚੀ, 26 ਨਵੰਬਰ (ਪੋਸਟ ਬਿਊਰੋ)- ਭਾਰਤ ਦੇ ਕਸਟਮਜ਼ ਵਿਭਾਗ ਨੇ ਇੱਕ ਸਸਪੈਂਡਿਡ ਆਈ ਏ ਐਸ ਅਫਸਰ ਐਮ ਸ਼ਿਵਸ਼ੰਕਰ ਨੂੰ ਕੇਰਲਾ ਵਿੱਚ ਸੋਨਾ ਤਸਕਰੀ ਦੇ ਕੇਸ ਵਿੱਚ ਕੱਲ੍ਹ ਰਸਮੀ ਤੌਰ ’ਤੇ ਗ੍ਰਿਫਤਾਰ ਕਰ ਲਿਆ। ਪਤਾ ਲੱਗਾ ਹੈ ਕਿ ਕਸਟਮਜ਼ ਕਮਿਸ਼ਨਰੇਟ ਦੀ ਟੀਮ ਕੱਲ੍ਹ ਸਵੇਰੇ ਸਥਾਨਕ ਜੇਲ੍ਹ ਵਿੱਚ ਪੁੱਜੀ ਤੇ ਸ਼ਿਵਸ਼ੰਕਰ ਦੀ ਬਾਕਾਇਦਾ ਗ੍ਰਿਫਤਾਰੀ ਦਰਜ ਕੀਤੀ। ਇਸ ਤੋਂ ਪਹਿਲਾਂ ਇਨਫੋਰਸਮੈਂਟ ਡਾਇਰੈਕਟੋਰੇਟ ਨੇ ਸੋਨਾ ਸਮਗਲਿੰਗ ਕੇਸ ਵਿੱਚ ਪੈਸਿਆਂ ਦੇ ਲੈਣ-ਦੇਣ ਨਾਲ ਜੁੜੇ ਇੱਕ ਕੇਸ ਵਿੱਚ ਸਸਪੈਂਡਿਡ ਆਈ ਏ ਐਸ ਅਫਸਰ ਨੂੰ ਗ੍ਰਿਫਤਾਰ ਕੀਤਾ ਸੀ ਤੇ ਉਹ ਸਥਾਨਕ ਜੇਲ੍ਹ ਵਿੱਚ ਜੁਡੀਸ਼ਲ ਹਿਰਾਸਤ ਹੇਠ ਬੰਦ ਸੀ। ਮਨੀ ਲਾਂਡਰਿੰਗ ਬਾਰੇ ਕਾਨੂੰਨ(ਪੀ ਐਮ ਐਲ ਏ) ਦੇ ਕੇਸਾਂ ਬਾਰੇ ਵਿਸ਼ੇਸ਼ ਅਦਾਲਤ ਨੇ ਅਜੇ ਇੱਕ ਦਿਨ ਪਹਿਲਾਂ ਕਸਟਮਜ਼ ਨੂੰ ਸ਼ਿਵਸ਼ੰਕਰ ਨੂੰ ਗ੍ਰਿਫਤਾਰ ਕਰਨ ਦੀ ਖੁੱਲ੍ਹ ਦਿੱਤੀ ਸੀ। ਸ਼ਿਵ ਸ਼ੰਕਰ ਇਸ ਸਮੇਂ ਇਸ ਸਨਸਨੀਖੇਜ਼ ਕੇਸ ਵਿੱਚ ਜੁਡੀਸ਼ਲ ਹਿਰਾਸਤ ਤਹਿਤ ਜੇਲ੍ਹ ਵਿੱਚ ਬੰਦ ਹੈ।

ਮੁੱਖ ਮੰਤਰੀ ਪਿਨਾਰਾਈ ਵਿਜਯਨ ਦੇ ਸਾਬਕਾ ਪ੍ਰਿੰਸੀਪਲ ਸੈਕਟਰੀ ਸ਼ਿਵ ਸ਼ੰਕਰ ਉਤੇ ਡਿਪਲੋਮੈਟਿਕ ਚੈਨਲਾਂ ਦੇ ਰਾਹੀਂ ਸੋਨੇ ਦੀ ਸਮੱਗਲਿੰਗ ਵਿੱਚ ਸ਼ਮੂਲੀਅਤ ਦਾ ਦੋਸ਼ ਹੈ। ਕਸਟਮਜ਼ ਨੇ ਕੱਲ੍ਹ ਪੀ ਐਮ ਐਲ ਏ ਅਦਾਲਤ ਵਿੱਚ ਦਾਅਵਾ ਕੀਤਾ ਸੀ ਕਿ ਉਸ ਕੋਲ ਸ਼ਿਵ ਸ਼ੰਕਰ ਦੀ ਸਿੱਧੀ ਸ਼ਮੂਲੀਅਤ ਦੇ ਸਬੂਤ/ਦਸਤਾਵੇਜ਼ ਮੌਜੂਦ ਹਨ। ਕਸਟਮਜ਼ ਟੀਮ ਹਾਲੇ ਤੱਕ ਮੁੱਖ ਦੋਸ਼ੀਆਂ ਸਵਪਨਾ ਸੁਰੇਸ਼, ਸਰਿਥ ਪੀ ਐਸ ਤੇ ਸੰਦੀਪ ਨਾਇਰ ਸਮੇਤ 15 ਦੇ ਕਰੀਬ ਲੋਕਾਂ ਨੂੰ ਗ੍ਰਿਫਤਾਰ ਕਰ ਚੁੱਕੀ ਹੈ।

# ਸ਼ਿਵ ਸੈਨਾ ਵਿਧਾਇਕ ਦੇ ਟਿਕਾਣਿਆਂ ’ਤੇ ਇਨਫੋਰਸਮੈਂਟ ਦਾ ਛਾਪਾ

ਮੁੰਬਈ, 26 ਨਵੰਬਰ (ਪੋਸਟ ਬਿਊਰੋ)- ਸ਼ਿਵ ਸੈਨਾ ਵਿਧਾਇਕ ਪ੍ਰਤਾਪ ਸਰਨਾਈਕ ਦੇ ਘਰ ਅਤੇ ਕਾਰੋਬਾਰੀ ਟਿਕਾਣਿਆਂ ਉੱਤੇ ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੇ ਛਾਪਾ ਮਾਰ ਕੇ ਉਨ੍ਹਾਂ ਦੇ ਬੇਟੇ ਵਿਹੰਗ ਨੂੰ ਪੁੱਛ-ਗਿੱਛ ਲਈ ਹਿਰਾਸਤ ਵਿੱਚ ਲਿਆ ਹੈ। ਇਸ ਛਾਪੇ ਨੂੰ ਸ਼ਿਵ ਸੈਨਾ ਨੇ ਸਿਆਸੀ ਬਦਲਾਖੋਰੀ ਦੀ ਕਾਰਵਾਈ ਕਰਾਰ ਦਿੱਤਾ ਹੈ।<ਪ੍ਰਤਾਪ ਸਰਨਾਈਕ ਸ਼ਿਵ ਸੈਨਾ ਦੇ ਬੜਬੋਲੇ ਵਿਧਾਇਕਾਂ ਵਿੱਚ ਜਾਣੇ ਜਾਂਦੇ ਹਨ। ਉਹ ਮੁੰਬਈ ਨੇੜਲੇ ਠਾਣੇ ਜ਼ਿਲਾ ਦੀ ਓਵਲਾ-ਮਾਜੀਵਾੜੀ ਵਿਧਾਨ ਸਭਾ ਸੀਟ ਤੋਂ ਵਿਧਾਇਕ ਹਨ ਅਤੇ ਪਿੱਛੇ ਜਿਹੇ ਵਿਧਾਨ ਸਭਾ ਵਿੱਚ ਪੱਤਰਕਾਰ ਅਰਨਬ ਗੋਸਵਾਮੀ ਦੇ ਵਿਰੁੱਧ ਵਿਸ਼ੇਸ਼ ਅਧਿਕਾਰਾਂ ਦੀ ਉਲੰਘਣਾ ਕਰਨ ਦਾ ਮਤਾ ਵੀ ਉਨ੍ਹਾਂ ਹੀ ਪੇਸ਼ ਕੀਤਾ ਸੀ। ਕੱਲ੍ਹ ਸਵੇਰੇ ਉਨ੍ਹਾਂ ਦੇ ਘਰ ਅਤੇ ਕਾਰੋਬਾਰੀ ਟਿਕਾਣਿਆਂ ਸਮੇਤ ਮੁੰਬਈ ਅਤੇ ਠਾਣੇ ਵਿੱਚ ਈ ਡੀ ਨੇ 10 ਜਗ੍ਹਾ ਛਾਪੇ ਮਾਰੇ ਸਨ। ਇਸ ਮੌਕੇ ਠਾਣੇ ਦੇ ਹੀਰਾਨੰਦਾਨੀ ਕੰਪਲੈਕਸ ਵਿੱਚਉਨ੍ਹਾਂ ਦੀ ਰਿਹਾਇਸ਼ ’ਤੇ ਕਰੀਬ ਚਾਰ ਘੰਟੇ ਦੀ ਤਲਾਸ਼ੀ ਦੇ ਬਾਅਦ ਈ ਡੀ ਨੇ ਉਨ੍ਹਾਂ ਦੇ ਬੇਟੇ ਵਿਹੰਗ ਨੂੰ ਹਿਰਾਸਤ ਵਿੱਚ ਲੈ ਲਿਆ। ਵਿਹੰਗ ਦੇ ਨਾਂਅ ਉਤੇ ਹੀ ਵਿਹੰਗ ਗਰੁੱਪ ਆਫ ਕੰਪਨੀਜ਼ ਸ਼ੁਰੂ ਕੀਤਾ ਗਿਆ ਸੀ, ਜਿਸ ਦੇ ਮੁਖੀ ਖੁਦ ਪ੍ਰਤਾਪ ਸਰਨਾਈਕ ਹਨ। ਉਨ੍ਹਾਂ ਦੀ ਰਿਹਾਇਸ਼ ਦੀ ਤਲਾਸ਼ੀ ਦੇ ਬਾਅਦ ਈ ਡੀ ਦੀ ਟੀਮ ਪ੍ਰਤਾਪ ਸਰਨਾਈਕ ਦੇ ਦੂਸਰੇ ਪੁੱਤਰ ਪੁਰਵੇਸ਼ ਦੇ ਘਰ ਵੀ ਗਈ। ਪੁਰਵੇਸ਼ ਨੂੰ ਪ੍ਰਤਾਪ ਸਰਨਾਈਕ ਦਾ ਰਾਜਨੀਤਕ ਵਾਰਸ ਮੰਨਿਆ ਜਾਂਦਾ ਹੈ। ਉਨ੍ਹਾਂ ਦਾ ਹੋਟਲ ਕਾਰੋਬਾਰ ਵੀ ਪੁਰਵੇਸ਼ ਹੀ ਦੇਖਦਾ ਹੈ। ਉਸ ਨੂੰ ਉਧਵ ਠਾਕਰੇ ਦੇ ਪੁੱਤਰ ਆਦਿੱਤਯ ਦਾ ਕਰੀਬੀ ਮੰਨਿਆ ਜਾਂਦਾ ਹੈ। ਇਨਫੋਰਸਮੈਂਟ ਡਾਇਰੈਕਟੋਰੇਟ ਦੇ ਅਨੁਸਾਰ ਇਹ ਛਾਪੇ ਸੁਰੱਖਿਆ ਪ੍ਰੋਵਾਈਡਰ ਕੰਪਨੀ ਟਾਪਸ ਗਰੁੱਪ ਦੇ ਪ੍ਰਮੋਟਰ ਅਤੇ ਉਸ ਨਾਲ ਸਬੰਧਤ ਲੋਕਾਂ ਉਤੇ ਕੀਤੀ ਜਾ ਰਹੀ ਹੈ।

# ਕਈ ਡੇਟਿੰਗ ਐਪਸ ਸਣੇ 43 ਮੋਬਾਈਲ ਐਪਸ ਉੱਤੇ ਭਾਰਤ ਵੱਲੋਂ ਪਾਬੰਦੀ

ਨਵੀਂ ਦਿੱਲੀ, 26 ਨਵੰਬਰ (ਪੋਸਟ ਬਿਊਰੋ)- ਭਾਰਤ ਦੀ ਅਖੰਡਤਾ ਤੇ ਸੁਰੱਖਿਆ ਦਾ ਧਿਆਨ ਰੱਖਦੇ ਹੋਏ ਸਰਕਾਰ ਨੇ 43 ਹੋਰ ਮੋਬਾਈਲ ਐਪਸ ਦੀ ਵਰਤੋਂ ’ਤੇ ਰੋਕ ਲਾ ਦਿੱਤੀ ਹੈ। ਇਨ੍ਹਾਂ ’ਚ ਜ਼ਿਆਦਾਤਰ ਐਪਸ ਚੀਨੀ ਕੰਪਨੀਆਂ ਵੱਲੋਂਬਣਾਈਆਂ ਗਈਆਂ ਹਨ। ਇਸ ਤੋਂ ਪਹਿਲਾਂ ਦੋ ਵਾਰੀ ਮੋਬਾਈਲ ਐਪਸ ਦੀ ਵਰਤੋਂ ’ਤੇ ਰੋਕ ਲਾਈ ਜਾ ਚੁੱਕੀ ਹੈ।

ਇਲੈਕਟ੍ਰਾਨਿਕਸ ਅਤੇ ਆਈ ਟੀ ਮੰਤਰਾਲੇ ਨੇ ਇਸ ਸਾਲ ਜੂਨ ਵਿੱਚ 59 ਚੀਨੀ ਮੋਬਾਈਲ ਐਪਸ ਦੀ ਵਰਤੋਂ ’ਤੇ ਰੋਕ ਲਾਉਣ ਦਾ ਐਲਾਨ ਕੀਤਾ ਸੀ। ਉਸ ਤੋਂ ਬਾਅਦ ਸਤੰਬਰ ਵਿੱਚ 118 ਐਪਸ ਦੀ ਵਰਤੋਂ ’ਤੇ ਪਾਬੰਦੀ ਲਾਈ ਗਈ ਸੀ। ਇਲੈਕਟ੍ਰੋਕਿਸ ਅਤੇ ਆਈ ਟੀ ਮੰਤਰਾਲੇ ਮੁਤਾਬਕ ਆਈ ਟੀ ਕਾਨੂੰਨ ਦੇ




ਸੈਕਸ਼ਨ 69 ਏ ਹੇਠਇਨ੍ਹਾਂ 43 ਐਪਸ ’ਤੇ ਪਾਬੰਦੀ ਲਾਈ ਗਈ ਹੈ।ਗ੍ਰਹਿ ਮੰਤਰਾਲੇ ਦੇ ਇੰਡੀਅਨ ਸਾਈਬਰ ਕ੍ਰਾਈਮ ਕੋਆਰਡੀਨੇਸ਼ਨ ਸੈਂਟਰ ਤੋਂਮਿਲੀ ਰਿਪੋਰਟ ਦੇ ਆਧਾਰ ਉਤੇ ਇਨ੍ਹਾਂ 43 ਮੋਬਾਈਲ ਐਪਸ ਦੇ ਭਾਰਤ ’ਚ ਇਸਤੇਮਾਲ ’ਤੇ ਰੋਕ ਲਾਈ ਗਈ ਹੈ। ਅਜਿਹੀ ਸੂਚਨਾ ਸੀ ਕਿ ਇਹ ਐਪਸ ਭਾਰਤ ਦੀ ਪ੍ਰਭੂਸੱਤਾ ਅਤੇ ਏਕਤਾ ਦੇ ਨਾਲ ਦੇਸ਼ ਦੀ ਸੁਰੱਖਿਆ ਲਈ ਖਤਰਨਾਕ ਸਾਬਤ ਹੋ ਸਕਦੀਆਂ ਹਨ। ਇਸ ਦਾ ਧਿਆਨ ਰੱਖ ਕੇ ਇਨ੍ਹਾਂ ਦੇ ਇਸਤੇਮ-ਾਲ ’ਤੇ ਰੋਕ ਲਾਈ ਗਈ ਹੈ। 43 ਐਪਸ ਵਿੱਚ 10 ਤੋਂਜ਼ਿਆਦਾ ਡੇਟਿੰਗ ਐਪਸ ਹਨ। ਇਨ੍ਹਾਂ ਵਿੱਚ ਮੁੱਖ ਤੌਰ ’ਤੇ ਚਾਈਨੀਜ਼ ਸੋਸ਼ਲ ਫ੍ਰੀ ਆਨਲਾਈਨ ਡੇਟਿੰਗ ਐਪ, ਡੇਟ ਇਨ ਏਸ਼ੀਆ, ਵੀ ਡੇਟ, ਫ੍ਰੀ ਡੇਟਿੰਗ ਐਪ, ਏਡੋਰ ਐਪ, ਟ੍ਰੂਲੀ ਚਾਈਨੀਜ਼, ਅਲੀਸਪਲਾਇਰਸ, ਅਲੀ ਬਾਬਾ ਵਰਕਬੈਂਚ, ਅਲੀਪੇ ਕੈਸ਼ੀਅਰ, ਗਾਈਜ਼ਵਲੀ ਡੇਟਿੰਗ, ਡੇਟ ਮਾਈ ਏਜ਼ ਸ਼ਾਮਲ ਹਨ ਤੇਇਨ੍ਹਾਂ ਦੇ ਇਲਾਵਾ ਵੀ ਟੀ ਵੀ, ਮੈਂਗੋਟੀਵ, ਡੀਗਟਾਕ, ਹੈਪੀ ਫੀਸ਼ ਵਰਗੀਆਂ ਐਪਸ ਦੇ ਇਸਤੇਮਾਲ ’ਤੇ ਵੀ ਰੋਕ ਲਗਾਈ ਗਈ ਹੈ।

jobs! jobs! jobs! jobs! jobs!

DUNDAS·JAFINE

HELP WANTED

ਕਾਮਿਆਂ ਦੀ ਲੋੜ

ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜ਼ਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton

ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

Canada Consumer Credit Assistance ਕਰਜ਼ਾ ਰਹਿਤ ਜਿੰਦਗੀ ਜੀਓ

• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?

ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ

ਹੁਣੇ ਹੀ ਕਾਲ ਕਰੋ

75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ

ਕਰਜ਼ੇ ਦੀ ਸਿਰਦਰਦੀ ?

ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ

Late Evening and Weekends Appointments Available 1888 864 3131

Jasbir Singh Hundal
Qualified Credit Counsellor

www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

REXDALE BODY SHOP USED CAR SALE

Specialization In:
★ All Kinds of Body Work
★ Auto Glass Windshield
★ Denting, Painting & Welding

SPECIAL PAINT JOB $779

RENTAL CAR PROVIDED

ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ

25 years of Canadian Experience
OPEN MON - SAT 9AM TO 7PM

CHEEMA
LOWEST PRICE IN TOWN

Call Rick or Manminder Cheema: 416.749.9596 /416.951.6431

Towing Service Car Paint Starts $799* upto 100% Deductible Paid*

30 Racine Rd. Toronto, ON, M9W 2Z3, FAX: 416.749.9597

www.AAABODYSHOP.ca
mcheemaaaa@hotmail.com



## ਭਾਰਤ ਨੇ ਪਾਕਿਸਤਾਨ ਨੂੰ ਐਬਟਾਬਾਦ ਯਾਦ ਦਿਵਾਇਆ

ਨਵੀਂ ਦਿੱਲੀ, 26 ਨਵੰਬਰ (ਪੋਸਟ ਬਿਊਰੋ)- ਜੰਮੂ-ਕਸ਼ਮੀਰ ਦੇ ਨਗਰੋਟਾ ’ਚ ਪਿਛਲੇ ਪਾਕਿਸਤਾਨ ਹਮਾਇਤੀ ਸੰਗਠਨ ਜੈਸ਼ ਏ ਮੁਹੰਮਦ ਦੇ ਅੱਤਵਾਦੀਆਂ ਦੇ ਹਮਲੇ ਦੀ ਕੋਸ਼ਿਸ਼ ਨਾਕਾਮ ਕਰਾਉਣ ਦੇ ਬਾਅਦ ਭਾਰਤ ਜਿਸ ਤਰ੍ਹਾਂ ਕੌਮਾਂਤਰੀ ਮੰਚ ’ਤੇ ਪਾਕਿਸਤਾਨ ਨੂੰ ਬੇਨਕਾਬ ਕਰ ਰਿਹਾ ਹੈ, ਉਸ ਤੋਂ ਉਥੋਂ ਦੇ ਹੁਕਮਰਾਨ ਪ੍ਰੇਸ਼ਾਨ ਹਨ। ਇਹ ਕਾਰਨ ਹੈ ਕਿ ਪਾਕਿਸਤਾਨ ਨੇ ਇੱਕ ਪੁਰਾਣਾ ਰਾਗ ਅਲਾਪਣਾ ਸ਼ੁਰੂ ਕਰ ਦਿੱਤਾ ਹੈ।

ਕੱਲ੍ਹ ਪਾਕਿਸਤਾਨ ਨੇ ਯੂ ਐੱਨ ਓ ਵਿੱਚ ਇੱਕ ਡੋਜ਼ੀਆਰ ਪੇਸ਼ ਕਰ ਕੇ ਭਾਰਤ ਉਤੇ ਅੱਤਵਾਦੀਆਂ ਦੀ ਮਦਦ ਕਰਨ ਦਾ ਦੋਸ਼ ਲਾਇਆ ਹੈ। ਭਾਰਤ ਨੇ ਇਸ ਕਦਮ ਨੂੰ ਹਾਸੋਹੀਣਾ ਕਰਾਰ ਦਿੰਦੇ ਹੋਏ ਕਿਹਾ ਹੈ ਕਿ ਪਾਕਿਸਤਾਨ ਦੀ ਕੋਈ ਸਾਖ਼ ਨਹੀਂ ਹੈ। ਉਹ ਪਹਿਲਾਂ ਵੀ ਅਜਿਹੇ ਡੋਜ਼ੀਅਰ ਦੇ ਚੁੱਕਾ ਹੈ, ਜਿਸ ਨੂੰ ਕੋਈ ਗੰਭੀਰਤਾ ਨਾਲ ਨਹੀਂ ਲੈਂਦਾ। ਪਾਕਿਸਤਾਨ ਦੀ ਅਸਲੀਅਤ ਸਾਹਮਣੇ ਲਿਆਉਂਦੇ ਹੋਏ ਭਾਰਤ ਨੇ ਉਸ ਨੂੰ ਐਬਟਾਬਾਦ ਦੀ ਯਾਦ ਦਿਵਾਈ, ਜਿੱਥੇ ਖਤਰਨਾਕ ਅੱਤਵਾਦੀ ਓਸਾਮਾ ਬਿਨ ਲਾਦੇਨ ਨੂੰ ਅਮਰੀਕੀ ਸਮੁੰਦਰੀ ਫੌਜ ਨੇ ਮਾਰ ਸੁੱਟਿਆ ਸੀ। ਯੂ ਐੱਨ ਵਿੱਚ ਭਾਰਤ ਦੇ ਸਥਾਈ ਦੂਤ ਟੀ ਐਸ ਤ੍ਰਿਮੂਰਤੀ ਨੇ ਕਿਹਾ ਕਿ ਪਾਕਿਸਤਾਨ ਨੇ ਝੂਠ ਦਾ ਪੁਲੰਦਾ ਪੇਸ਼ ਕੀਤਾ ਹੈ, ਜਿਸ ਦੀ ਕੋਈ ਸਾਖ਼ ਨਹੀਂ। ਕਾਗਜ਼ਾਤ ਵਿੱਚ ਮਨਘੜਤ ਬਦਲਾਅ ਕਰਕੇ ਉਸ ਨੂੰ ਪੇਸ਼ ਕਰਨਾ ਤੇ ਗਲਤ ਕਹਾਣੀ ਬਣਾਉਣਾ ਪਾਕਿਸਤਾਨ ਦੀ ਪੁਰਾਣੀ ਆਦਤ ਹੈ। ਯੂ ਐੱਨ ਵੱਲੋਂ ਨਾਮਜ਼ਦ ਸਭ ਤੋਂ ਵੱਧ ਅੱਤਵਾਦੀ ਤੇ ਅੱਤਵਾਦੀ ਸੰਗਠਨ ਪਾਕਿਸਤਾਨ ਵਿੱਚ ਹਨ। ਇਸ ਮੌਕੇ ਤ੍ਰਿਮੂਰਤੀ ਨੇ ਪਾਕਿਸਤਾਨ ਨੂੰ ਐਬਟਾਬਾਦ ਦੀ ਵੀ ਯਾਦ ਦਿਵਾਈ। ਐਬਟਾਬਾਦ ’ਚ ਦੁਨੀਆ ਦੇ ਸਭ ਤੋਂ ਖਤਰਨਾਕ ਅੱਤਵਾਦੀ ਓਸਾਮਾ ਬਿਨ ਲਾਦੇਨ ਨੂੰ ਅਮਰੀਕੀ ਸਮੁੰਦਰੀ ਫੌਜ ਨੇ ਮਾਰ ਸੁੱਟਿਆ ਸੀ। ਲਾਦੇਨ ਉਥੇ ਕਈ ਸਾਲਾਂ ਤੋਂ ਪਾਕਿਸਤਾਨੀ ਫੌਜ ਦੇ ਸਿਖਲਾਈ ਸੈਂਟਰ ਤੋਂ ਕੁਝ ਸੌ ਮੀਟਰ ਦੂਰ ਇੱਕ ਸੁਰੱਖਿਅਤ ਟਿਕਾਣੇ ’ਤੇ ਰਹਿੰਦਾ ਆ ਰਿਹਾ ਸੀ।

# 70 ਫੀਸਦੀ ਲੋਕਾਂ ਨੇ ਵੀ ਜੇ ਮਾਸਕ ਪਾਇਆ ਹੁੰਦਾ ਤਾਂ ਮਹਾਂਮਾਰੀ ਕੰਟਰੋਲ ’ਚ ਹੁੰਦੀ

ਸਿੰਗਾਪੁਰ, 26 ਨਵੰਬਰ (ਪੋਸਟ ਬਿਊਰੋ)- ਕੋਵਿਡ-19 ਕੌਮਾਂਤਰੀ ਮਹਾਂਮਾਰੀ ਇੰਨਾ ਭਿਆਨਕ ਰੂਪ ਲੈਣ ਤੋਂ ਰੋਕੀ ਜਾ ਸਕਦਾ ਸੀ, ਜੇ 70 ਫੀਸਦੀ ਲੋਕਾਂ ਨੇ ਵੀ ਲਗਾਤਾਰ ਮਾਸਕ ਪਹਿਨਿਆ ਹੁੰਦਾ।



ਇੱਕ ਅਧਿਐਨ ’ਚ ਇਸ ਬਾਰੇ ਕਿਹਾ ਗਿਆ ਹੈ ਕਿ ਕਿਸੇ ਆਮ ਕੱਪੜੇ ਨਾਲ ਵੀ ਲਗਾਤਾਰ ਮੂੰਹ ਢਕਣ ਨਾਲ ਇਨਫੈਕਸ਼ਨ ਫੈਲਣ ਦੀ ਦਰ ਘੱਟ ਹੋ ਸਕਦੀ ਹੈ। ਮਾਸਕ ਬਣਾਉਣ ਲਈ ਵਰਤੀ ਜਾਣ ਵਾਲੀ ਸਮੱਗਰੀ ਅਤੇ ਉਸ ਦੇ ਪਹਿਨਣ ਦੀ ਮਿਆਦ ਦੇ ਉਸ ਦੇ ਅਸਰ ’ਚ ਅਹਿਮ ਭੂਮਿਕਾ ਨਿਭਾਉਣ ਦੇ ਸਬੰਧ ’ਚ ਕੀਤੇ ਅਧਿਐਨ ਦੀ ਸਮੀਖਿਆ ’ਚ ਇਹ ਗੱਲ ਸਾਹਮਣੇ ਆਈ ਹੈ। ਮੈਗਜ਼ੀਨ ‘ਫਿਜ਼ਿਕਸ ਆਫ ਫਲੁਇਡਸ’ ਵਿੱਚ ਛਪੇ ਇਸ ਅਧਿਐਨ ’ਚ ਫੇਸ ਮਾਸਕ ’ਤੇ ਅਧਿਐਨ ਕੀਤਾ ਗਿਆ ਅਤੇ ਇਸ ’ਤੇ ਮਹਾਂਮਾਰੀ ਵਿਗਿਆਨ ਦੀਆਂ ਰਿਪੋਰਟਾਂ ਦੀ ਸਮੀਖਿਆ ਕੀਤੀ। ਪਤਾ ਲੱਗਾ ਕਿ ਇਹ ਇਨਫੈਕਟਡ ਵਿਅਕਤੀ ਦੇ ਦੂਜੇ ਲੋਕਾਂ ਨੂੰ ਇਨਫੈਕਟਡ ਕਰਨ ਦੀ ਗਿਣਤੀ ਨੂੰ ਘੱਟ ਕਰਦੇ ਹਨ। ਅਧਿਐਨ ’ਚ ਕਿਹਾ ਗਿਆ ਕਿ ਵੱਧ ਪ੍ਰਭਾਵਸ਼ਾਲੀ ਫੇਸ ਮਾਸਕ, ਜਿਵੇਂ ਕਿ ਲੱਗਭਗ 70 ਫੀਸਦੀ ਅਨੁਮਾਨਤ ਪ੍ਰਭਾਵ ਵਾਲੇ ਸਰਜੀਕਲ ਮਾਸਕ ਨੂੰ ਜੇ 70 ਫੀਸਦੀ ਲੋਕਾਂ ਨੇ ਵੀ ਜਨਤਕ ਸਥਾਨਾਂ ’ਤੇ ਪਹਿਨਿਆ ਹੁੰਦਾ ਤਾਂ ਕੌਮਾਂਤਰੀ ਮਹਾਂਮਾਰੀ ਦੇ ਪ੍ਰਕੋਪ ਨੂੰ ਘੱਟ ਕੀਤਾ ਜਾ ਸਕਦਾ ਸੀ।

## ਪਾਕਿਸਤਾਨ ’ਚ ਟ੍ਰਾਂਸਜੈਂਡਰਾਂ ਨੂੰ ਆਪਣਾ ਚਰਚ ਮਿਲ ਗਿਆ

ਕਰਾਚੀ, 26 ਨਵੰਬਰ (ਪੋਸਟ ਬਿਊਰੋ)- ਪਾਕਿਸਤਾਨ ’ਚ ਇਸਾਈ ਟ੍ਰਾਂਸਜੈਂਡਰ ਲੋਕਾਂ ਨੂੰ ਅਕਸਰ ਸਮਾਜਿਕ ਬਾਈਕਾਟ, ਨਿਰਮਾਣ ਅਤੇ ਅਪਮਾਨ ਦਾ ਸਾਹਮਣਾ ਕਰਨਾ ਪੈਂਦਾ ਹੈ, ਪਰ ਭਾਈਚਾਰੇ ਦੇ ਲੋਕਾਂ ਦਾ ਮੰਨਣਾ ਹੈ ਕਿ ਉਨ੍ਹਾਂ ਲਈ ਬਣਾਏ ਗਏ ਚਰਚ ’ਚ ਉਨ੍ਹਾਂ ਨੂੰ ਸ਼ਾਂਤੀ ਤੇ ਦਿਲਾਸਾ ਮਿਲੇਗਾ। ਉਨ੍ਹਾਂ ਦਾ ਕਹਿਣਾ ਹੈ ਕਿ ਦੂਜੇ ਗਿਰਜਾ ਘਰਾਂ ’ਚ ਸੁਣਵਾਈ ਨਾ ਹੋਣ ’ਤੇ ਉਹ ਆਪਣੀਆਂ ਸਮੱਸਿਆਵਾਂ ਇੱਥੇ ਸਾਂਝਾ ਕਰ ਸਕਦੇ ਹਨ।



ਇਸ ਬਾਰੇ ਪਾਕਿਸਤਾਨ ਵਿੱਚ ‘ਫਸਟ ਚਰਚ ਆਫ ਯੂਨਕ (ਕਿੰਨਰ)’ ਨਾਂ ਦਾ ਇਹ ਚਰਚ ਸਿਰਫ ਟ੍ਰਾਂਸਜੈਂਡਰ ਇਸਾਈਆਂ ਲਈ ਹੈ। ਕਿੰਨਰ ਸ਼ਬਦ ਦੱਖਣੀ ਏਸ਼ੀਆ ’ਚ ਅਕਸਰ ਮਹਿਲਾ ਟ੍ਰਾਂਸਜੈਂਡਰਾਂ ਲਈ ਵਰਤਿਆ ਜਾਂਦਾ ਹੈ ਅਤੇ ਕੁਝ ਲੋਕ ਇਸ ਨੂੰ ਅਪਮਾਨਜਨਕ ਮੰਨਦੇ ਹਨ। ਚਰਚ ਦੀ ਪਾਦਰੀ ਅਤੇ ਸਹਿ ਸੰਸਥਾਪਕ ਗਜ਼ਾਲਾ ਸ਼ਫੀਕ ਨੇ ਕਿਹਾ ਕਿ ਉਨ੍ਹਾਂ ਨੇ ਆਪਣੀ ਗੱਲ ਰੱਖਣ ਲਈ ਇਹ ਨਾਂ ਚੁਣਿਆ ਹੈ।ਬਾਈਬਲ ਦੇ ਅੰਸ਼ਾਂ ਦਾ ਹਵਾਲਾ ਦੇ ਕੇ ਉਨ੍ਹਾਂ ਨੇ ਕਿਹਾ ਕਿੰਨਰਾਂ ’ਤੇ ਈਸ਼ਵਰ ਦੀ ਕ੍ਰਿਪਾ ਹੁੰਦੀ ਹੈ। ਸਾਰੇ ਧਰਮਾਂ ਦੀਆਂ ਟ੍ਰਾਂਸਜੈਂਡਰ ਔਰਤਾਂ ਅਤੇ ਮਰਦਾਂ ਨੂੰ ਰੂੜੀਵਾਦੀ ਪਾਕਿਸਤਾਨ ’ਚ ਅਕਸਰ ਜਨਤਕ ਰੂਪ ਵਿੱਚ ਅਪਮਾਨ ਤੇ ਇਥੋਂ ਤੱਕ ਕਿ ਹਿੰਸਾ ਦਾ ਸਾਹਮਣਾ ਵੀ ਕਰਨਾ ਪੈਂਦਾ ਹੈ। ਸਰਕਾਰ ਨੇ ਉਨ੍ਹਾਂ ਨੂੰ ਅਧਿਕਾਰਤ ਤੌਰ ’ਤੇ ‘ਥਰਡ ਜੈਂਡਰ’ ਦੇ ਰੂਪ ’ਚ ਮਾਨਤਾ ਦੇ ਦਿੱਤੀ ਹੈ ਪਰ ਅਕਸਰ ਉਨ੍ਹਾਂ ਦੇ ਪਰਵਾਰ ਵਾਲੇ ਉਨ੍ਹਾਂ ਨੂੰ ਤਿਆਗ ਦਿੰਦੇ ਹਨ, ਜਿਸ ਤੋਂ ਬਾਅਦ ਉਨ੍ਹਾਂ ਨੂੰ ਭੀਖ ਮੰਗ ਕੇ, ਵਿਆਹਾਂ ’ਚ ਨੱਚ ਕੇ ਆਪਣਾ ਗੁਜ਼ਾਰਾ ਕਰਨਾ ਪੈਂਦਾ ਹੈ। ਉਨ੍ਹਾਂ ਨੂੰ ਅਕਸਰ ਸੈਕਸ ਸੋਸ਼ਣ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਅਖੀਰ ਉਹ ਸੈਕਸ ਵਰਕਰ ਬਣ ਜਾਂਦੇ ਹਨ।

## ਵਾਇਰਸ ਵਧਣ ਨਾਲ ਜਹਾਜ਼ਰਾਨੀ ਕੰਪਨੀਆਂ ਦੀ ਚੁਣੌਤੀ ਵਧੀ

ਵਾਸ਼ਿੰਗਟਨ, 26 ਨਵੰਬਰ (ਪੋਸਟ ਬਿਊਰੋ)- ਯੂਰਪ ਅਤੇ ਅਮਰੀਕਾ ’ਚ ਕੋਰੋਨਾ ਵਾਇਰਸ ਦੇ ਮਾਮਲਿਆਂ ’ਚ ਵਾਧੇ ਦੇ ਨਾਲ ਦੁਨੀਆ ਭਰ ਦੀਆਂ ਜਹਾਜ਼ਰਾਨੀ ਕੰਪਨੀਆਂ ਦਾ ਵਿੱਤੀ ਦ੍ਰਿਸ਼ ਖਰਾਬ ਹੋ ਰਿਹਾ ਹੈ। ਜਹਾਜ਼ਰਾਨੀ ਕੰਪਨੀਆਂ ਦੇ ਇੱਕ ਸੰਗਠਨ ਨੇ ਕਿਹਾ ਕਿ ਉਦਯੋਗ ਨੂੰ ਮਹਾਂਮਾਰੀ ਕਾਰਨ ਇਸ ਸਾਲ ਅਤੇ ਅਗਲੇ ਸਾਲ 157 ਅਰਬ ਅਮਰੀਕੀ ਡਾਲਰ ਤੋਂ ਵੱਧ ਦਾ ਨੁਕਸਾਨ ਹੋਵੇਗਾ। ਇੰਟਰਨੈਸ਼ਨਲ ਏਅਰ ਟ੍ਰਾਂਸਪੋਰਟ ਐਸੋਸੀਏਸ਼ਨ ਦਾ ਇਹ ਅਨੁਮਾਨ ਉਸ ਵੱਲੋਂ ਜੂਨ ’ਚ ਦੱਸੇ ਗਏ 100 ਅਰਬ ਡਾਲਰ ਦੇ ਨੁਕਸਾਨ ਦੇ ਅਨੁਮਾਨ ਤੋਂ ਵੱਧ ਹੈ।

ਤਾਜ਼ਾ ਅਨੁਮਾਨਾਂ ਮੁਤਾਬਕ ਜਹਾਜ਼ਰਾਨੀ ਕੰਪਨੀਆਂ ਨੂੰ ਇਸ ਸਾਲ ਪ੍ਰਤੀ ਯਾਤਰੀ 66 ਡਾਲਰ ਤੋਂ ਵੱਧ ਦਾ ਘਾਟਾ ਹੋਵੇਗਾ। ਵਪਾਰ ਗਰੁੱਪ ਨੂੰ ਅੱਗੇ ਤੇਜ਼ੀ ਨਾਲ ਸੁਧਾਰ ਦੀ ਉਮੀਦ ਹੈ। ਉਸ ਨੇ ਕਿਹਾ ਕਿ ਕੋਵਿਡ-19 ਦਾ ਟੀਕਾ ਆਉਣ ਤੋਂ ਬਾਅਦ ਯਾਤਰਾ ਵਧੇਗੀ, ਜਿਸ ਕਾਰਨ ਜਹਾਜ਼ਰਾਨੀ ਕੰਪਨੀਆਂ 2021 ਦੀ ਚੌਥੀ ਤਿਮਾਹੀ ਤੋਂ ਮੁਨਾਫੇ ਵਿੱਚ ਆਉਣ ਲੱਗਣਗੀਆਂ। ਸੰਗਠਨ ਨੇ ਦੁਨੀਆ ਭਰ ਦੀਆਂ ਸਰਕਾਰਾਂ ਨੂੰ ਕਿਹਾ ਕਿ ਟੀਕਾ ਆਉਣ ਦਾ ਇੰਤਜ਼ਾਰ ਕਰਨ ਦੀ ਥਾਂ ਜੋ ਲੋਕ ਵਾਇਰਸ ਤੋਂ ਇਨਫੈਕਟਡ ਨਹੀਂ ਹਨ, ਉਨ੍ਹਾਂ ਨੂੰ ਯਾਤਰਾ ਕਰਨ ਦੀ ਇਜਾਜ਼ਤ ਦਿੱਤੀ ਜਾਏ। ਸੰਘ ਦੇ ਮੁਖੀ ਅਲੈਕਜੇਂਡਰੇ ਡੀ ਯੂਨੀਅਨ ਨੇ ਕਿਹਾ ਕਿ ਅਸੀਂ ਉਸ ਟੀਕੇ ਦਾ ਇੰਤਜ਼ਾਰ ਨਹੀਂ ਕਰ ਸਕਦੇ ਜੋ 2021 ਦੇ ਮੱਧ ਤੋਂ ਪਹਿਲਾਂ ਪੂਰੀ ਤਰ੍ਹਾਂ ਉਪਲਬਧ ਨਹੀਂ ਹੋਵੇਗਾ। ਯਾਤਰੀਆਂ ਦਾ ਕੋਵਿਡ-19 ਸਬੰਧੀ ਟੈਸਟ ਕਰਨ ਤੋਂ ਬਾਅਦ ਨੈਗੇਟਿਵ ਰਿਪੋਰਟ ਵਾਲੇ ਲੋਕਾਂ ਨੂੰ ਹਵਾਈ ਯਾਤਰਾ ਦੀ ਇਜਾਜ਼ਤ ਦੇਣੀ ਚਾਹੀਦੀ ਹੈ।

## ਚੀਨ ਨੇ ਚੰਦ ਤੋਂ ਸੈਂਪਲ ਲੈਣ ਲਈ ਪੁਲਾੜੀ ਜਹਾਜ਼ ਭੇਜਿਆ



ਪੇਈਚਿੰਗ , 26 ਨਵੰਬਰ (ਪੋਸਟ ਬਿਊਰੋ)- ਚੀਨ ਨੇ ਚੰਦ ਤੋਂਸੈਂਪਲ ਇਕੱਠੇ ਕਰਨ ਲਈ ਆਪਣਾ ਪਹਿਲਾ ਪੁਲਾੜ ਮਿਸ਼ਨ ਸਫਲਤਾ ਨਾਲ ਲਾਂਚ ਕਰ ਦਿੱਤਾ ਹੈ। ਇਹ ਮਿਸ਼ਨ ਪੁਲਾੜ ਯਾਤਰੀਆਂ ਤੋਂ ਬਗੈਰ ਹੈ ਅਤੇ ਇਹ ਜਹਾਜ਼ ਸੈਂਪਲ ਲੈ ਕੇ ਧਰਤੀ ਉਤੇ ਪਰਤੇਗਾ। ਚੀਨ ਵੱਲੋਂ ਧਰਤੀ ਤੋਂ ਬਾਹਰ ਕਿਸੇ ਗ੍ਰਹਿ ਉਤੇ ਸਮੱਗਰੀ ਲੈਣ ਲਈ ਭੇਜਿਆ ਗਿਆ ਇਹ ਪਹਿਲਾ ਮਿਸ਼ਨ ਹੈ। ‘ਚਾਂਗ ਈ-5’ ਲੂਨਰ ਪ੍ਰੋਬ ਨੂੰ ਸਫਲਤਾ ਨਾਲ ਵੇਨਚੇਂਗ ਲਾਂਚ ਸਾਈਟ ਤੋਂ ਭੇਜਿਆ ਗਿਆ ਹੈ, ਜਿਹੜਾ ਦੱਖਣ ਵਿੱਚ ਪੈਂਦੇ ਸੂਬੇ ਹੈਨਾਨ ’ਚ ਪੈਂਦਾ ਹੈ।

ਪੁਲਾੜ ਜਹਾਜ਼ ‘ਲੌਂਗ ਮਾਰਚ-5 ਰਾਕੇਟ’ ਰਾਹੀਂ ਸਵੇਰੇ 4.30 ਵਜੇ ਦਾਗਿਆ ਗਿਆ ਹੈ। ਇਸ ਮਿਸ਼ਨ ਨੂੰ ਚੀਨ ਦੇ ਇਤਿਹਾਸ ਵਿੱਚ ਅੱਜ ਤੱਕ ਦਾ ਸਭ ਤੋਂ ਗੁੰਝਲਦਾਰ ਮਿਸ਼ਨ ਕਿਹਾ ਜਾ ਰਿਹਾ ਹੈ। ਸੰਸਾਰ ਪੱਧਰ ’ਤੇ ਵੀ ਕਰੀਬ ਚਾਲੀ ਸਾਲਾਂ ਬਾਅਦ ਕੋਈ ਮਿਸ਼ਨ ਚੰਦ ਉਤੇ ਸੈਂਪਲ ਲੈਣ ਦੇ ਮਕਸਦ ਨਾਲ ਭੇਜਿਆ ਗਿਆ ਹੈ। ਇਸ ਤੋਂ ਪਹਿਲਾਂ ਅਮਰੀਕਾ ਨੇ ਨਮੂਨੇ ਇਕੱਠੇ ਕਰਨ ਲਈ ਆਪਣੇ ਪੁਲਾੜ ਯਾਤਰੀ ਚੰਦ ਉਤੇ ਭੇਜੇ ਸਨ। ਸੋਵੀਅਤ ਯੂਨੀਅਨ ਵੀ ਬਿਨਾਂ ਮਨੁੱਖਾਂ ਤੋਂ ਇਸ ਤਰ੍ਹਾਂ ਦਾ ਮਿਸ਼ਨ ਭੇਜ ਚੁੱਕਾ ਹੈ। ਪੁਲਾੜ ਜਹਾਜ਼ ਚੰਦ ਤੋਂ ਸਿੱਧਾ ਧਰਤੀ ਉਤੇ ਪਰਤਿਆ ਸੀ। ਇਸ ਬਾਰੇ ਚੀਨ ਦੀ ਕੌਮੀ ਪੁਲਾੜ ਅਥਾਰਟੀ ਦੇ ਦੱਸਣ ਮੁਤਾਬਕ ਉਨ੍ਹਾਂ ਵੱਲੋਂ ਭੇਜੇ ਗਏ ਮਿਸ਼ਨ ਵਿੱਚ ਵੱਖਰੀ ਤਕਨੀਕ ਦੀ ਵਰਤੋਂ ਕੀਤੀ ਗਈ ਹੈ। ਇਸ ਨਾਲ ਭਵਿੱਖ ਵਿੱਚ ਮਨੁੱਖੀ ਮਿਸ਼ਨਾਂ ਦੇ ਅਸਾਰ ਬਣ ਸਕਦੇ ਹਨ। ਮਿਸ਼ਨ ਵਿਗਿਆਨ ਅਤੇ ਤਕਨੀਕੀ ਵਿਕਾਸ ਦੇ ਖੇਤਰ ਵਿੱਚ ਵੀ ਚੀਨ ਦੁਨੀਆ ਵਿੱਚ ਵਧੇਰੇ ਮਜ਼ਬੂਤੀ ਸਥਾਪਤ ਕਰੇਗਾ। ‘ਚਾਂਗ ਈ-5’ ਦੇ ਦਸੰਬਰ ਦੇ ਸ਼ੁਰੂ ਵਿੱਚ ਚੰਦ ਉਤੇ ਉਤਰਨ ਦੀ ਸੰਭਾਵਨਾ ਹੈ। ਸੈਂਪਲ ਰੋਬੋਟ ਇਕੱਠੇ ਕਰ ਕੇ ਪੁਲਾੜ ਜਹਾਜ਼ ਵਿੱਚ ਰੱਖੇਗਾ।

## ਅਸਲੀ ਔਰਤ ਵਰਗੀ ਦਿੱਸਦੀ ਹੈ ਪਹਿਲੀ ਫੀਮੇਲ ਰੋਬੋਟ ਐਂਕਰ



ਸਿਓਲ, 26 ਨਵੰਬਰ (ਪੋਸਟ ਬਿਊਰੋ)- ਦੱਖਣੀ ਕੋਰੀਆ ਦੇ ਟੈਲੀਵਿਜ਼ਨ ਚੈਨਲ ਐਮ ਬੀ ਐਨ ਉੱਤੇ ਪਿਛਲੇ ਦਿਨੀਂ ਨਿਊਜ਼ ਐਂਕਰ ਦੀ ਜਗ੍ਹਾ ਇੱਕ ਰੋਬੋਟ ਨੇ ਲਈ ਅਤੇ ਇਹ ਰੋਬੋਟ ਇੰਨੀ ਜ਼ਿਆਦਾ ਅਸਲੀ ਸੀ ਕਿ ਜ਼ਿਆਦਾਤਰ ਲੋਕ ਇਹ ਪਛਾਣ ਹੀ ਨਾ ਸਕੇ ਕਿ ਚੈਨਲ ’ਤੇ ਖਬਰਾਂ ਪੜ੍ਹਨ ਵਾਲੀ ਐਂਕਰ ਇਨਸਾਨ ਸੀ ਜਾਂ ਰੋਬੋਟ।

ਐਮ ਬੀ ਐਨ ਨੇ ਅਰਟੀਫੀਸ਼ੀਅਲ ਇੰਟੈਲੀਜੈਂਸ ਕੰਪਨੀ ਮਨੀ ਬ੍ਰੇਨ ਦੇ ਨਾਲ ਮਿਲ ਕੇ ਇਹ ਫੀਮੇਲ ਰੋਬੋਟ ਤਿਆਰ ਕੀਤੀ ਹੈ। ਰੋਬੋਟ ਹੂ-ਬ-ਹੂ ਚੈਨਲ ਦੀ ਨਿਊਜ਼ ਐਂਕਰ ਕਿਮ ਜੂ ਹਾ ਵਰਗੀ ਦਿੱਸਦੀ ਹੈ। ਰੋਬੋਟ ਦਾ ਨਾ ਸਿਰਫ ਚਿਹਰਾ ਅਤੇ ਆਵਾਜ਼ ਕਿਮ ਵਾਂਗੂ ਹੈ, ਬਲਕਿ ਉਸ ਦੇ ਐਕਸਪ੍ਰੈਸ਼ਨ ਵੀ ਕਿਮ ਨਾਲ ਮੇਲ ਖਾਂਦੇ ਹਨ।ਖਬਰਾਂ ਪੜ੍ਹਦੇ ਸਮੇਂ ਕਿਮ ਜੋ ਛੋਟੀਆਂ-ਛੋਟੀਆਂ ਚੀਜ਼ਾਂ ਕਰਦੀ ਹੈ, ਉਹ ਵੀ ਇਸ ਰੋਬੋਟ ਨੇ ਕਾਪੀ ਕੀਤੀਆਂ ਹਨ। ਪਿਛਲੇ ਦਿਨੀਂ ਜਦ ਚੈਨਲ ’ਤੇ ਖਬਰਾਂ ਦਾ ਪ੍ਰਸਾਰਨ ਹੋਇਆ ਤਾਂ ਇਸ ਰੋਬੋਟ ਨੂੰ ਅਸਲੀ ਕਿਮ ਦੇ ਨਾਲ ਪੇਸ਼ ਕੀਤਾ ਗਿਆ ਤਾਂ ਕਿ ਦੋਵਾਂ ਦੀ ਆਵਾਜ਼ ਦੀ ਤੁਲਨਾ ਕੀਤੀ ਜਾ ਸਕੇ ਅਤੇ ਤਦ ਲੋਕਾਂ ਨੂੰ ਇਸ ਦੀ ਜਾਣਕਾਰੀ ਹੋਈ। ਰੋਬੋਟ ਐਂਕਰ ਨੇ ਦੱਸਿਆ, ਮੈਂ ਬਿਲਕੁਲ ਉਸ ਤਰ੍ਹਾਂ ਖਬਰਾਂ ਪੜ੍ਹ ਸਕਦੀ ਹਾਂ ਜਿਵੇਂ ਕਿਮ ਪੜ੍ਹਦੀ ਹੈ। ਮੈਨੂੰ ਕਿਮ ਦੇ ਵੀਡੀਓਜ਼ ਨੂੰ 10 ਘੰਟੇ ਤੱਕ ਚੰਗੀ ਤਰ੍ਹਾਂ ਦੇਖਣ ਦੇ ਬਾਅਦ ਬਣਾਇਆ ਗਿਆ ਹੈ ਤਾਂ ਕਿ ਮੈਂ ਨਾ ਸਿਰਫ ਉਸ ਦੀ ਆਵਾਜ਼ ਬਲਕਿ ਐਕਸਪ੍ਰੈਸ਼ਨ ਵੀ ਸਿੱਖ ਜਾਵਾਂ। ਜਿਸ ਤਰ੍ਹਾਂ ਉਹ ਗੱਲ ਕਰਦੀ ਹੈ, ਤੁਰਦੀ ਹੈ, ਲਿਪਸ ਹਿਲਾਉਂਦੀ ਹੈ ਤੇ ਹੋਰ ਸਭ ਹਰਕਤਾਂ ਕਰਦੀ ਹੈ ਅਤੇ ਮੈਨੂੰ ਤਿਆਰ ਕਰਨ ਵਾਲੇ ਇਸ ਕੰਮ ਵਿੱਚ ਸਫਲ ਰਹੇ ਹਨ। ਤਦ ਤੋਂ ਲੋਕ ਮੈਨੂੰ ਦੇਖ ਕੇ ਯਕੀਨ ਨਹੀਂ ਕਰ ਰਹੇ ਕਿ ਮੈਂ ਕਿਮ ਨਹੀਂ ਬਲਕਿ ਇੱਕ ਰੋਬੋਟ ਹਾਂ।

ਚੈਨਲ ਦੇ ਬੁਲਾਰੇ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਆਰਟੀਫੀਸ਼ੀਅਲ ਇੰਟੈਲੀਜੈਂਸ ਨਾਲ ਲੈਸ ਇਹ ਰੋਬੋਟ ਇਸ ਲਈ ਤਿਆਰ ਕੀਤਾ ਹੈ ਤਾਂ ਕਿ ਐਮਰਜੈਂਸੀ ਦੇ ਸਮੇਂ ਇਸ ਦੀ ਵਰਤੋਂਕੀਤੀ ਜਾ ਸਕੇ ਕਿਉਂਕਿ ਇਹ ਦਿਨ ਹੋਵੇ ਜਾਂ ਰਾਤ, ਕਦੇ ਵੀ ਕਿਸੇ ਵੀ ਸਮੇਂ ਮੌਜੂਦ ਹੋਵੇਗੀ। ਇਸ ਦੇ ਸਹਿਯੋਗ ਨਾਲ ਕੰਪਨੀ ਦੀ ਲੇਬਰ ਅਤੇ ਪ੍ਰੋਡਕਸ਼ਨ ਕਾਸਟ ਵਿੱਚ ਵੀ ਕਮੀ ਆਏਗੀ। ਸਿਓਲ ਦੀ ਇਵ੍ਹਾ ਵੂਮੈਨਸ ਯੂਨੀਵਰਸਿਟੀ ਦੇ ਸਕੂਲ ਆਫ ਕਮਿਊਨੀਕੇਸ਼ਨ ਐਂਡ ਮੀਡੀਆ ਦੇ ਪ੍ਰੋਫੈਸਰ ਯੋ ਸਿਉਂਗ ਚੁਲ ਕਹਿੰਦੇ ਹਨ, ਇਹ ਰੋਬੋਟ ਕਦੇ ਵੀ ਇਨਸਾਨੀ ਐਂਕਰਾਂ ਦੀ ਜਗ੍ਹਾ ਨਹੀਂ ਲੈ ਸਕਦੇ,ਕਿਉਂਕਿ ਇਹ ਲੋਕਾਂ ਦੇ ਨਾਲ ਭਾਵਨਾਤਮਕ ਤੌਰ ’ਤੇ ਨਹੀਂ ਜੁੜ ਸਕਦੇ ਹਨ। ਇਹ ਮਸ਼ੀਨ ਹਨ ਅਤੇ ਮਸ਼ੀਨ ਹੀ ਰਹਿਣਗੇ।

## ਨਿਊਜ਼ੀਲੈਂਡ ’ਚ ਭਾਰਤੀ ਮੂਲ ਦੇ ਐੱਮ ਪੀ ਨੇ ਸੰਸਕ੍ਰਿਤ ਵਿੱਚ ਸਹੁੰ ਚੁੱਕੀ

ਹੈਮਿਲਟਨ, 26 ਨਵੰਬਰ (ਪੋਸਟ ਬਿਊਰੋ)- ਨਿਊਜ਼ੀਲੈਂਡ ਵਿੱਚ ਨਵੇਂ ਚੁਣੇ ਗਏ ਪਾਰਲੀਮੈਂਟ ਮੈਂਬਰ ਭਾਰਤੀ ਮੂਲ ਦੇ ਡਾ. ਗੌਰਵ ਸ਼ਰਮਾ (33) ਨੇ ਦੇਸ਼ ਦੀ ਪਾਰਲੀਮੈਂਟਵਿੱਚ ਸੰਸਕ੍ਰਿਤ ਵਿੱਚ ਸਹੁੰ ਚੁੱਕੀ ਹੈ।

ਸ਼ਰਮਾ ਹਿਮਾਚਲ ਪ੍ਰਦੇਸ਼ ਦੇ ਹਮੀਰਪੁਰ ਜ਼ਿਲ੍ਹੇ ਨਾਲ ਸਬੰਧਤ ਹਨ। ਉਹ ਲੇਬਰ ਪਾਰਟੀ ਦੀ ਟਿਕਟ ’ਤੇ ਹੈਮਿਲਟਨ ਪੱਛਮੀ ਸੀਟ ਤੋਂ ਚੁਣੇ ਗਏ ਹਨ। ਨਿਊਜ਼ੀਲੈਂਡ ਵਿੱਚ ਭਾਰਤੀ ਹਾਈ ਕਮਿਸ਼ਨਰ ਮੁਕਤੇਸ਼ ਪ੍ਰਦੇਸ਼ੀ ਨੇ ਇਸ ਬਾਰੇ ਟਵੀਟ ਕੀਤਾ ਕਿ ਪਹਿਲਾਂ ਗੌਰਵ ਨੇ ਮੂਲ ਵਾਸੀਆਂ ਦੀ ਭਾਸ਼ਾ ਮਾਓਰੀ ਵਿੱਚ ਹਲਫ ਲਿਆ ਤੇ ਇਸ ਤੋਂ ਬਾਅਦ ਪੁਰਾਤਨ ਭਾਰਤੀ ਭਾਸ਼ਾ ਸੰਸਕ੍ਰਿਤ ਵਿੱਚ ਸਹੁੰ ਚੁੱਕੀ। ਸ਼ਰਮਾ ਨੇ ਆਕਲੈਂਡ ਤੋਂ ਐਮ ਬੀ ਬੀ ਐਸ ਕੀਤੀ ਅਤੇ ਫਿਰਉਨ੍ਹਾਂਨੇ ਵਾਸ਼ਿੰਗਟਨ ਤੋਂ ਐਮ ਬੀ ਏ ਦੀ ਡਿਗਰੀ ਕੀਤੀ।ਹੈਮਿਲਟਨ ਵਿੱਚ ਉਹ ਜਨਰਲ ਪ੍ਰੈਕਟੀਸ਼ਨਰ ਵਜੋਂ ਸੇਵਾਵਾਂ ਦੇ ਰਹੇ ਹਨ। ਇਸ ਤੋਂ ਪਹਿਲਾਂ ਉਹ ਜਨਤਕ ਸਿਹਤ, ਨੀਤੀ ਨਿਰਧਾਰਨ ਤੇ ਮੈਡੀਸਨ ਖੇਤਰ ਨਾਲ ਜੁੜੇ ਰਹੇ ਹਨ। ਟਵਿੱਟਰ ਉਤੇ ਜਦ ਇੱਕ ਯੂਜ਼ਰ ਨੇ ਸ਼ਰਮਾ ਨੂੰ ਪੁੱਛਿਆ ਕਿ ਉਨ੍ਹਾਂ ਹਿੰਦੀ ਵਿੱਚ ਸਹੁੰ ਕਿਉਂ ਨਹੀਂ ਚੁੱਕੀ ਤਾਂ ਸ਼ਰਮਾ ਨੇ ਕਿਹਾ ਕਿ ਸਾਰਿਆਂ ਨੂੰ ਖੁਸ਼ ਕਰਨਾ ਬੜਾ ਔਖਾ ਹੈ, ਇਸ ਲਈ ਉਨ੍ਹਾਂ ਸਾਰੀਆਂ ਭਾਰਤੀ ਭਾਸ਼ਾਵਾਂ ਨੂੰ ਸਿਜਦਾ ਕਰਦਿਆਂ ਸੰਸਕ੍ਰਿਤ ਵਿੱਚ ਸਹੁੰ ਚੁੱਕਣ ਦਾ ਫੈਸਲਾ ਲਿਆ ਸੀ।

## ਚੀਨ ਸਰਕਾਰ ਦੇ ਸਲਾਹਕਾਰ ਨੇ ਬਾਈਡੇਨ ਨੂੰ ‘ਸਭ ਤੋਂ ਕਮਜ਼ੋਰ ਰਾਸ਼ਟਰਪਤੀ’ ਦੱਸਿਆ

ਪੇਈਚਿੰਗ , 26 ਨਵੰਬਰ (ਪੋਸਟ ਬਿਊਰੋ)- ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਜੋਅ ਬਾਈਡੇਨ ਦੇ ਸਹੁੰ ਚੁੱਕਣ ਤੋਂ ਪਹਿਲਾਂ ਹੀ ਚੀਨ ਨੇ ਉਨ੍ਹਾਂ ’ਤੇ ਕਰਾਰਾ ਹਮਲਾ ਬੋਲਿਆ ਹੈ। ਚੀਨ ਸਰਕਾਰ ਦੇ ਸਲਾਹਕਾਰ ਝੋਂਗ ਯੋਂਗਸ਼ੀਯ ਨੇ ਕਿਹਾ ਕਿ ਬਾਈਡੇਨ ਪ੍ਰਸ਼ਾਸਨ ਦੇ ਦੌਰਾਨ ਚੀਨ ਅਤੇ ਅਮਰੀਕਾ ਵਿਚਾਲੇ ਸਬੰਧਾਂ ’ਚ ਕੋਈ ਸੁਧਾਰ ਹੋਣ ਵਾਲਾ ਨਹੀਂ, ਚੀਨ ਨੂੰ ਇੱਕ ਮੁਸ਼ਕਲ ਦੌਰ ਲਈ ਤਿਆਰ ਰਹਿਣਾ ਚਾਹੀਦਾ ਹੈ। ਉਸ ਨੇ ਕਿਹਾ ਕਿ ਯਕੀਨੀ ਤੌਰ ਉਤੇ ਜੋਅ ਬਾਈਡੇਨ ਅਮਰੀਕਾ ਦੇ ਸਭ ਤੋਂ ਕਮਜ਼ੋਰ ਰਾਸ਼ਟਰਪਤੀ ਹਨ ਅਤੇਉਨ੍ਹਾਂ ਦੇ ਸਾਹਮਣੇ ਘਰੇਲੂ ਅਤੇ ਡਿਪਲੋਮੈਟ ਮੋਰਚੇ ਉੱਤੇ ਅਨੇਕ ਭਿਆਨਕ ਚੁਣੌਤੀਆਂ ਖੜੀਆਂ ਹਨ।ਝੋਂਗ ਨੇ ਅੰਡਰ ਸਟੈਂਡਿੰਗ ਚਾਈਨਾ ਕਾਨਫਰੰਸ ਵਿੱਚ ਇੱਕ ਇੰਟਰਵਿਊ ’ਚ ਕਿਹਾ ਕਿ ਦੋਵਾਂ ਦੇਸ਼ਾਂ ਵਿਚਾਲੇ ਚੰਗੇ ਦਿਨ ਖ਼ਤਮ ਹੋ ਗਏ ਹਨ। ਉਨ੍ਹਾਂ ਕਿਹਾ ਕਿ ਅਮਰੀਕਾ ਕਈ ਸਾਲਾਂ ਤੱਕ ਕੋਲਡ ਵਾਰ ਦੀ ਮਾਨਸਿਕਤਾ ਨਾਲ ਜਿਊਣਾ ਚਾਹੁੰਦਾ ਹੈ। ਉਸ ਨੇ ਚੀਨ ਨਾਲ ਵੀ ਇੱਕ ਨਵੀਂ ਕੋਲਡ ਵਾਰ ਸ਼ੁਰੂ ਕੀਤੀ ਹੋਈ ਹੈ। ਝੋਂਗ ਨੇ ਕਿਹਾ ਕਿ ਕੋਵਿਡ-19 ਦੇ ਸੰਚਾਲਨ, ਅਮਰੀਕਾ ਅਤੇ ਚੀਨ ਵਪਾਰ ਅਤੇ ਮਨੁੱਖੀ ਅਧਿਕਾਰ ਸਮੇਤ ਅਜਿਹੇ ਸਾਰੇ ਮੁੱਦੇ ਹਨ, ਜਿੱਥੇ ਦੋਨਾਂ ਦੇਸ਼ਾਂ ਵਿਚਾਲੇ ਟਕਰਾਅ ਬਣਿਆ ਰਹੇਗਾ।

ਟਾਪ-10 ਦੇਸ਼ਾਂ ਦੀ ਰੈਂਕਿੰਗ :

## ਭਾਰਤ ਸਮੇਤ ਦੁਨੀਆ ਦੇ 30 ਤੋਂ ਵੱਧ ਦੇਸ਼ਾਂ ਦੇ ਲੋਕ ਕੈਨੇਡਾ ’ਚ ਵੱਸਣਾ ਚਾਹੁੰਦੇ ਨੇ

ਲੰਡਨ, 26 ਨਵੰਬਰ (ਪੋਸਟ ਬਿਊਰੋ)- ਫਾਈਨੈਂਸ਼ੀਅਲ ਸਰਵਿਸ ਪ੍ਰੋਵਾਈਡਰ ਰੇਮਿਟਲੀ ਨੇ 100 ਦੇਸ਼ਾਂ ਦੇ ਸਰਚਿੰਗ ਡਾਟਾ ਨਾਲ ਇੱਕ ਮੈਪ ਤਿਆਰ ਕੀਤਾ ਹੈ, ਜਿਸ ਵਿੱਚ ਦੱਸਿਆ ਗਿਆ ਹੈ ਕਿ ਚੰਗੇ ਲਾਈਫ ਸਟਾਈਲ ਅਤੇ ਕੁਦਰਤੀ ਆਬੋ-ਹਵਾ ਲਈ ਲੋਕ ਦੁਨੀਆ ਦੇ ਕਿਸ ਹਿੱਸੇ ਵਿੱਚ ਵੱਸਣਾ ਚਾਹੁੰਦੇ ਹਨ। ਇਸ ਸਬੰਧੀ ਕੈਨੇਡਾ ਇਸ ਲਿਸਟ ਵਿੱਚ ਟਾਪ ’ਤੇ ਹੈ, ਜਿੱਥੇ 30 ਤੋਂਵੱਧ ਦੇਸ਼ਾਂ ਦੇ ਲੋਕ ਜਾਣਾ ਚਾਹੁੰਦੇ ਹਨ, ਜਿਨ੍ਹਾਂ ਵਿੱਚ ਭਾਰਤੀ ਵੀ ਹਨ।



ਅਮਰੀਕਾ, ਆਸਟਰੇਲੀਆ ਅਤੇ ਕੈਨੇਡਾ ਵਰਗੇ 13 ਦੇਸ਼ਾਂ ਦੇ ਲੋਕਾਂ ਦੀ ਪਸੰਦ ਬਣ ਕੇ ਜਾਪਾਨ ਦੂਸਰੇ ਸਥਾਨ ’ਤੇ ਹੈ ਅਤੇ ਤੀਸਰੇ ਸਥਾਨ ’ਤੇ ਨਵੀਂ ਜ਼ਿੰਦਗੀ ਸ਼ੁਰੂ ਕਰਨ ਲਈ ਸਪੇਨ ਨੂੰ 12 ਦੇਸ਼ਾਂ ਦੇ ਲੋਕਾਂ ਨੇ ਆਪਣੀ ਪਸੰਦ ਮੰਨਿਆ ਹੈ। ਰੇਮਿਟਲੀ ਦੇ ਬਿਜ਼ਨਸ ਮੈਨੇਜਰ ਜਾਓ ਮੈਕੇਂਜੀ ਦਾ ਕਹਿਣਾ ਹੈ, ‘ਲੋਕ ਬਿਹਤਰ ਨੌਕਰੀ, ਚੰਗੀ ਤਨਖਾਹ, ਕਵਾਲਿਟੀ ਆਫ ਲਾਈਫ ਲਈ ਦੂਜੇ ਦੇਸ਼ਾਂ ਵਿੱਚ ਵੱਸਣਾ ਚਾਹੁੰਦੇ ਹਨ ਤਾਂ ਕਿ ਉਹ ਆਪਣੇ ਘਰ ਚੰਗੇ ਪੈਸੇ ਭੇਜ ਸਕਣ। ਕੋਵਿਡ ਦੇ ਕਾਰਨ ਸਾਲ 2020 ਨੇ ਲੋਕਾਂ ਨੂੰ ਆਪਣੀ ਪਸੰਦ ਦਾ ਦੇਸ਼ ਫਿਰ ਚੁਣਨ ਦਾ ਮੌਕਾ ਦਿੱਤਾ ਹੈ। ਰੇਮਿਟਲੀ ਨੇ ਕਿਹਾ ਹੈ ਕਿ ਕੈਨੇਡਾ ਖੂਬਸੂਰਤ ਹੈ ਤੇ ਉਥੋਂ ਦੇ ਲੋਕ ਵੀ ਕਾਫੀ ਦੋਸਤਾਨਾ ਵਿਹਾਰ ਕਰਦੇ ਹਨ। ਇਸ ਦੇ ਇਲਾਵਾ ਨੌਕਰੀ ਵਿੱਚ ਚੰਗੀ ਤਨਖਾਹ ਵੀ ਕੈਨੇਡਾ ਲੋਕਾਂ ਦੀ ਪਸੰਦ ਵਾਲਾ ਦੇਸ਼ ਹੈ। ਸੰਸਥਾ ਨੇ ‘ਦੁਨੀਆ ਕਿੱਥੇ ਜਾਣਾ ਚਾਹੁੰਦੀ ਹੈ’ ਦੇ ਆਧਾਰ ’ਤੇ ਇਹ ਰੈਂਕਿੰਗ ਦਿਤੀ ਹੈ ਇਸ ਵਿੱਚ ਜਰਮਨੀ ਚੌਥੇ ਸਥਾਨ ’ਤੇ ਹੈ, ਜਦ ਕਿ ਕਤਰ ਪੰਜਵੇਂ ਸਥਾਨ ’ਤੇ। ਛੇਵੇਂ ਸਥਾਨ ’ਤੇ ਆਸਟਰੇਲੀਆ, ਸੱਤਵੇਂ ’ਤੇ ਸਵਿੱਟਜ਼ਰਲੈਂਡ, ਪੁਰਤਗਾਲ ਅੱਠਵੇਂ ਅਤੇ ਨੌਵੇਂ ਸਥਾਨ ’ਤੇ ਸਾਂਝੇ ਤੌਰ ’ਤੇ ਅਮਰੀਕਾ ਅਤੇ ਬ੍ਰਿਟੇਨ ਹਨ।

ਰੇਮਿਟਲੀ ਦੇ ਮੈਪ ਦੇ ਅਨੁਸਾਰ, ਯੂਰਪ ਅਤੇ ਜਰਮਨੀ ਦੇ ਲੋਕ ਸਵਿੱਟਜ਼ਰਲੈਂਡ ਜਾਣਾ ਚਾਹੁੰਦੇ ਹਨ, ਸਪੇਨ ਦੇ ਲੋਕਾਂ ਦੀ ਪਸੰਦ ਫਰਾਂਸ ਹੈ। ਗ੍ਰੀਸ ਦੇ ਲੋਕ ਜਰਮਨੀ ਵਿੱਚ ਵੱਸਣਾ ਚਾਹੁੰਦੇ ਤੇਨਿਊਜ਼ੀਲੈਂਡ ਦੇ ਲੋਕ ਫਿਜ਼ੀ ਵਿੱਚ ਰਹਿਣਾ ਚਾਹੁੰਦੇ ਹਨ, ਜਦ ਕਿ ਫਿਜੀ ਦੇ ਨਿਊਜ਼ੀਲੈਂਡ ਵਿੱਚ। ਬਹੁਤੇ ਅਮਰੀਕੀ ਕੈਨੇਡਾ ਵਿੱਚ ਨਵਾਂ ਜੀਵਨ ਸ਼ੁਰੂ ਕਰਨਾ ਚਾਹੁੰਦੇ ਹਨ। ਜਾਪਾਨੀ ਲੋਕ ਬ੍ਰਿਟੇਨ ਨੂੰ ਬਿਹਤਰ ਮੰਨਦੇ ਹਨ, ਤਾਂ ਰੂਸੀ ਕਤਰ ਵਿੱਚ ਰਹਿਣਾ ਪਸੰਦ ਕਰਦੇ ਹਨ।

## ਬੌਰਿਸ ਜੌਹਨਸਨ ਮੁਤਾਬਕ 2 ਦਸੰਬਰ ਤੋਂ ਬਾਅਦ ਲਾਕਡਾਊਨ ਖ਼ਤਮ ਹੋ ਜਾਵੇਗਾ

ਲੰਡਨ, 26 ਨਵੰਬਰ (ਪੋਸਟ ਬਿਊਰੋ)- ਇੰਗਲੈਂਡ ਦਾ ਦੂਜਾ ਲਾਕਡਾਊਨ ਅਗਲੇ ਹਫ਼ਤੇ ਖ਼ਤਮ ਹੋ ਸਕਦਾ ਹੈ ਅਤੇ ਇਸ ਤੋਂ ਬਾਅਦ ਪੜਾਅ ਦਰ ਪੜਾਅ ਲਾਕਡਾਊਨ ਹੋਵੇਗਾ, ਜਿਸ ਬਾਰੇ ਪ੍ਰਧਾਨ ਮੰਤਰੀ ਬੌਰਿਸ ਜੌਹਨਸਨ ਨੇ ਦੇਸ਼ ਵਾਸੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਦੋ ਦਸੰਬਰ ਤੋਂ ਬਾਅਦ ਤਿੰਨ ਟੀਅਰ ਸਿਸਟਮ ਫਿਰ ਲਾਗੂ ਹੋ ਜਾਵੇਗਾ।




ਬੋਰਿਸ ਜੌਹਨਸਨ ਨੇ ਕਿਹਾ ਕਿ ਯੂ ਕੇ ਸਰਕਾਰ ਵੱਲੋਂ ਕ੍ਰਿਸਮਿਸ ਮੌਕੇ ਲੋਕਾਂ ਨੂੰ ਵੱਧ ਤੋਂ ਵੱਧ ਸਹੂਲਤ ਦੇਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਪਰ ਨਾਲ ਕੋਰੋਨਾ ਪ੍ਰਭਾਵਿਤ ਇਲਾਕਿਆਂ ਨੂੰ ਤਿੰਨ ਪੜਾਵਾਂ ਵਿੱਚ ਵੰਡਿਆ ਗਿਆ ਹੈ।ਟੀਅਰ ਇੱਕ ਦੌਰਾਨ ਸਭ ਦੁਕਾਨਾਂ, ਜਿੰਮ, ਮਹਿਮਾਨ-ਨਿਵਾਜ਼ੀ ਕੇਂਦਰ, 10 ਵਜੇ ਤੱਕ ਪੱਬ ਅਤੇ ਰੈਸਟੋਰੈਂਟ ਖੁੱਲ੍ਹੇ ਰਹਿਣਗੇ, 6 ਤੋਂ ਵੱਧ ਲੋਕਾਂ ਦੇ ਮਿਲਣ ਤੇ ਪਾਬੰਦੀ ਹੋਵੇਗੀ, ਵਿਆਹ ਸਮਾਗਮਾਂ ਵਿੱਚ 15 ਅਤੇ ਅੰਤਮ ਰਸਮਾਂ ਮੌਕੇ 30 ਲੋਕ ਇਕੱਤਰ ਹੋ ਸਕਦੇ ਹਨ, ਖੇਡ ਸਟੇਡੀਅਮਾਂ ਤੇ ਲਾਈਵ ਸਮਾਗਮਾਂ ਸਬੰਧੀ ਬਾਹਰ 4000 ਅਤੇ ਅੰਦਰਲੇ ਸਮਾਗਮਾਂ ਵਿੱਚ 1000 ਤੱਕ ਲੋਕ ਇਕੱਤਰ ਹੋ ਸਕਣਗੇ। ਟੀਅਰ ਦੋ ਵਾਲੇ ਇਲਾਕਿਆਂ ਦੇ ਘਰਾਂ ਅੰਦਰ ਮਿਲਣ ’ਤੇ ਪਾਬੰਦੀ, ਪਰ ਬਾਹਰ 6 ਲੋਕ ਮਿਲ ਸਕਣਗੇ, ਸਿਰਫ਼ ਭੋਜਣ ਪਰੋਸਣ ਵਾਲੇ ਪੱਬ, ਦੁਕਾਨਾਂ ਜਿੰਮ ਆਦਿ ਖੁੱਲ੍ਹਣਗੇ, ਖੇਡ ਅਤੇ ਹੋਰ ਸਮਾਗਮਾਂ ਵਿੱਚ ਬਾਹਰ 2000 ਅਤੇ ਅੰਦਰ 1000 ਲੋਕ ਇਕੱਠੇ ਹੋ ਸਕਣਗੇ। ਸ਼ਾਮੀ 10 ਵਜੇ ਤੋਂ ਬਾਅਦ ਸਭ ਕੁਝ ਬੰਦ ਹੋਵੇਗਾ। ਟੀਅਰ ਤਿੰਨ ਵਾਲੇ ਇਲਾਕਿਆਂ ਵਿੱਚ ਰੈਸਟੋਰੈਂਟ ਅਤੇ ਪੱਬ ਬੰਦ ਰਹਿਣਗੇ, ਘਰਾਂ ਦੇ ਅੰਦਰ ਅਤੇ ਬਾਹਰ ਲੋਕਾਂ ਦੇ ਮਿਲਣ ’ਤੇ ਪਾਬੰਦੀ ਹੋਵੇਗੀ, ਵਿਆਹਾਂ ਅਤੇ ਲਾਈਵ ਸਮਾਗਮਾਂ ’ਤੇ ਪਾਬੰਦੀ ਹੋਵੇਗੀ।ਪ੍ਰਧਾਨ ਮੰਤਰੀ ਨੇ ਆਕਸਫੋਰਡ ਅਸਟਰਾਜੈਨੇਕ ਵੈਕਸੀਨ ਦੇ 90 ਫੀਸਦੀ ਅਸਰਦਾਰ ਹੋਣ ਦੀ ਖ਼ਬਰ ’ਤੇ ਪ੍ਰਸੰਨਤਾ ਪ੍ਰਗਟ ਕਰਦੇ ਹੋਏ ਕਿਹਾ ਕਿ ਇਹ ਚੰਗੀ ਖ਼ਬਰ ਹੈ ਅਤੇ ਇਸ ਨਾਲ ਮਾਰਚ 2021 ਤੱਕ ਜ਼ਿੰਦਗੀ ਆਮ ਵਾਂਗ ਕਰਨ ਦਾ ਟੀਚਾ ਹੋਵੇਗਾ।

## ਪਾਕਿ ਪੁਲਸ ਨੇ ਵਾਹਗੇ ਬਾਰਡਰ ਦੇ ਨੇੜੇ ਆਤਮਘਾਤੀ ਹਮਲਾਵਰ ਮਾਰਿਆ

ਲਾਹੌਰ, 26 ਨਵੰਬਰ (ਪੋਸਟ ਬਿਊਰੋ)- ਪਾਕਿਸਤਾਨ ਦੀ ਪੁਲਸ ਨੇ ਵਾਹਗਾ ਬਾਰਡਰ ਨੇੜੇ ਅੱਤਵਾਦ ਵਿਰੋਧੀ ਵਿਭਾਗ (ਸੀ ਟੀ ਡੀ) ਦੇ ਥਾਣੇ ’ਤੇ ਇੱਕ ਹਮਲਾ ਹੋਣ ਤੋਂਰੋਕ ਕੇ ਇੱਕ ਆਤਮਘਾਤੀ ਹਮਲਾਵਰ ਨੂੰ ਮਾਰ ਦਿੱਤਾ ਹੈ।

ਸੀ ਟੀ ਡੀ ਦੇ ਬੁਲਾਰੇ ਮੁਤਾਬਕ ਸ਼ੱਕੀ ਵਿਅਕਤੀ ਨੇ ਇੱਥੇ ਬਰਕੀ ਰੋਡ ’ਤੇ ਥਾਣੇ ਵਿੱਚ ਸਵੇਰੇ ਦਾਖਲ ਹੋਣ ਦੀ ਕੋਸ਼ਿਸ਼ ਕੀਤੀ। ਜਦੋਂ ਉਹ ਸੁਰੱਖਿਆ ਚੋਂਕੀ ’ਤੇ ਪਹੁੰਚਿਆ ਤਾਂ ਉਥੇ ਤਾਇਨਾਤ ਜਾਂਚ ਅਧਿਕਾਰੀ ਨੇ ਉਸ ਦਾ ਨਾਂ ਪੁੱਛਿਆ। ਅੱਤਵਾਦੀ ਨੇ ਉਸੇ ਵੇਲੇ ਸੀ ਟੀ ਡੀ ਅਧਿਕਾਰੀ ’ਤੇ ਆਪਣੀ ਪਿਸਤੌਲ ਨਾਲ ਗੋਲੀ ਚਲਾਈ, ਪਰ ਉਸ ਦਾ ਨਿਸ਼ਾਨਾ ਨਹੀਂ ਲੱਗਾ। ਸੀ ਟੀ ਡੀ ਅਧਿਕਾਰੀ ਨੇ ਹਮਲੇ ਦਾ ਜਵਾਬ ਦਿੱਤਾ ਅਤੇ ਹਮਲਾਵਰ ਮੌਕੇ ’ਤੇਮਾਰਿਆ ਗਿਆ। ਮ੍ਰਿਤਕ ਦੀ ਜਾਂਚ ਕਰਨ ਉੱਤੇ ਉਸ ਕੋਲੋਂ ਆਤਮਘਾਤੀ ਜੈਕਟ ਮਿਲੀ।ਉਨ੍ਹਾਂ ਕਿਹਾ ਕਿ ਹਮਲਾਵਰ ਕੋਲੋਂ 2 ਹੱਥ ਗੋਲੇ ਅਤੇ 5 ਕਾਰਤੂਸਾਂ ਸਮੇਤ ਇੱਕ ਪਿਸਤੌਲ ਮਿਲੀ ਹੈ। ਉਨ੍ਹਾਂ ਕਿਹਾ ਕਿ ਐਂਟੀ ਬੰਬ ਦਸਤੇ ਨੂੰ ਬੁਲਾਇਆ ਗਿਆ ਤੇ ਖੇਤਰ ਦੀ ਘੇਰਾਬੰਦੀ ਕਰ ਦਿੱਤੀ ਗਈ ਹੈ। ਬੁਲਾਰੇ ਨੇ ਕਿਹਾ ਕਿ ਸ਼ੱਕੀ ਦੇ ਮਾਸਟਰ ਮਾਈਂਡ ਨੂੰ ਫੜਨ ਲਈ ਖੋਜ ਮੁਹਿੰਮ ਸ਼ੁਰੂ ਕੀਤੀ ਗਈ ਅਤੇ ਹਮਲਾਵਰ ਦੀ ਪਛਾਣ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।



# ਟੋਰਾਂਟੋ, ਪੀਲ ਤੇ ਮੈਨੀਟੋਬਾ ਵਿੱਚ ਆਪਣੇ ਸਟੋਰ ਬੰਦ ਕਰ ਰਹੀ ਹੈ ਗੈਪ

ਟੋਰਾਂਟੋ, 26 ਨਵੰਬਰ (ਪੋਸਟ ਬਿਊਰੋ) : ਗੈਪ ਇਨਕਾਰਪੋਰੇਸ਼ਨ ਵੱਲੋਂ ਇਹ ਐਲਾਨ ਕੀਤਾ ਗਿਆ ਹੈ ਕਿ ਉਹ ਟੋਰਾਂਟੋ ਤੇ ਪੀਲ ਸਥਿਤ ਆਪਣੇ ਸਟੋਰਜ਼ ਦੇ ਨਾਲ ਨਾਲ ਆਪਣੀਆਂ ਸਹਾਇਕ ਓਲਡ ਨੇਵੀ ਤੇ ਬਨਾਨਾ ਰਿਪਬਲਿਕ ਲੋਕੇਸ਼ਨਜ਼ ਵੀ ਬੰਦ ਕਰਨ ਜਾ ਰਹੀ ਹੈ।



ਪ੍ਰੋਵਿੰਸ਼ੀਅਲ ਲਾਕਡਾਊਨ ਦੇ ਬਾਵਜੂਦ ਇਹ ਸਟੋਰ ਬੁੱਧਵਾਰ ਨੂੰ ਕੰਮਕਾਜ ਲਈ ਖੁੱਲ੍ਹੇ ਸਨ ਪਰ ਕੰਪਨੀ ਨੇ ਦੱਸਿਆ ਕਿ ਹੁਣ ਇਨ੍ਹਾਂ ਥਾਂਵਾਂ ਨੂੰ ਬੰਦ ਕਰ ਦਿੱਤਾ ਗਿਆ ਹੈ। ਗੈਪ ਦੇ ਇੱਕ ਬੁਲਾਰੇ ਨੇ ਈ ਮੇਲ ਰਾਹੀਂ ਦੱਸਿਆ ਕਿ ਸਾਡੇ ਸਟੋਰਜ਼ ਉੱਤੇ ਵਰਲਡ ਹੈਲਥ ਆਰਗੇਨਾਈਜ਼ੇਸ਼ਨ (ਡਬਲਿਊ ਐਚ ਓ), ਪਬਲਿਕ ਹੈਲਥ ਏਜੰਸੀ ਆਫ ਕੈਨੇਡਾ, ਅਮਰੀਕਾ ਵਿੱਚ ਸੈਂਟਰਜ਼ ਫੌਰ ਡਜ਼ੀਜ਼ ਕੰਟਰੋਲ ਐਂਡ ਪ੍ਰਿਵੈਨਸ਼ਨ (ਸੀ ਡੀ ਸੀ) ਅਤੇ ਰੀਟੇਲ ਕਾਊਂਸਲ ਆਫ ਕੈਨੇਡਾ (ਆਰ ਸੀ ਸੀ ) ਦੀਆਂ ਕੋਵਿਡ-19 ਸਿਫਾਰਸ਼ਾਂ ਦੇ ਮੱਦੇਨਜ਼ਰ ਹਰ ਤਰ੍ਹਾਂ ਦੇ ਹੈਲਥ ਤੇ ਸੇਫਟੀ ਮਾਪਦੰਡ ਲਾਗੂ ਕੀਤੇ ਗਏ ਹਨ।

ਇਸ ਤੋਂ ਇਲਾਵਾ ਅਸੀਂ ਹਾਲਾਤ ਉੱਤੇ ਬਾਰੀਕੀ ਨਾਲ ਨਜ਼ਰ ਰੱਖਦੇ ਹੋਏ ਆਪਣੇ ਕੰਮ ਵਾਲੇ ਘੰਟਿਆਂ ਨੂੰ ਵੀ ਉਸ ਲਿਹਾਜ਼ ਨਾਲ ਐਡਜਸਟ ਕਰ ਰਹੇ ਹਾਂ। ਪਰ ਇਸ ਸਮੇਂ ਅਸੀਂ ਟੋਰਾਂਟੋ, ਪੀਲ ਤੇ ਮੈਨੀਟੋਬਾ ਸਥਿਤ ਆਪਣੇ ਸਟੋਰਜ਼ ਨੂੰ ਆਰਜ਼ੀ ਤੌਰ ਉੱਤੇ ਬੰਦ ਕਰਨ ਜਾ ਰਹੇ ਹਾਂ। ਅਸੀਂ ਢੁਕਵੇਂ ਸਮੇਂ ਉੱਤੇ ਜਿੰਨਾ ਸੰਭਵ ਹੋ ਸਕੇਗਾ ਆਪਣੇ ਸਟੋਰਜ਼ ਖੋਲ੍ਹਾਂਗੇ ਤੇ ਆਪਣੇ ਕਸਟਮਰਜ਼ ਦਾ ਮੁੜ ਸਵਾਗਤ ਕਰਾਂਗੇ।

## ਬਰੈਂਪਟਨ ਵਿੱਚ ਛੁਰੇਬਾਜ਼ੀ ਦੀ ਘਟਨਾ ਵਿੱਚ ਇੱਕ ਮਹਿਲਾ ਜ਼ਖ਼ਮੀ

ਬਰੈਂਪਟਨ, 26 ਨਵੰਬਰ (ਪੋਸਟ ਬਿਊਰੋ) : ਬਰੈਂਪਟਨ ਵਿੱਚ ਕੱਲ੍ਹ ਸਵੇਰੇ ਛੁਰੇਬਾਜ਼ੀ ਦੀ ਵਾਪਰੀ ਘਟਨਾ ਵਿੱਚ ਇੱਕ ਮਹਿਲਾ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਈ ਤੇ ਇੱਕ ਵਿਅਕਤੀ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ। ਪੀਲ ਪੁਲਿਸ ਨੇ ਦੱਸਿਆ ਕਿ ਸਵੇਰੇ 6:30 ਵਜੇ ਉਨ੍ਹਾਂ ਨੂੰ ਸਟੀਲਜ਼ ਐਵਨਿਊ ਵੈਸਟ ਤੇ ਚਿੰਗੌਕਸੀ ਰੋਡ ਇਲਾਕੇ ਵਿੱਚ ਬੈਰਿੰਗਰ ਗਰੋਵ ਤੇ ਜੇਮਜ਼ ਪੌਟਰ ਰੋਡ ਨੇੜੇ ਸਥਿਤ ਇੱਕ ਘਰ ਵਿੱਚ ਉਨ੍ਹਾਂ ਨੂੰ ਸੱਦਿਆ ਗਿਆ। ਜਦੋਂ ਪੁਲਿਸ ਮੌਕੇ ਉੱਤੇ ਪਹੁੰਚੀ ਤਾਂ ਉਨ੍ਹਾਂ ਨੂੰ ਉੱਥੇ ਜ਼ਖ਼ਮੀ ਹਾਲਤ ਵਿੱਚ ਇੱਕ ਮਹਿਲਾ ਮਿਲੀ। ਉਸ ਨੂੰ ਗੰਭੀਰ ਹਾਲਤ ਵਿੱਚ ਟਰੌਮਾ ਸੈਂਟਰ ਲਿਜਾਇਆ ਗਿਆ। ਉਸ ਦੀ ਹਾਲਤ ਖਤਰੇ ਤੋਂ ਬਾਹਰ ਦੱਸੀ ਜਾ ਰਹੀ ਹੈ। ਪੁਲਿਸ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਇੱਕ ਵਿਅਕਤੀ ਨੂੰ ਹਿਰਾਸਤ ਵਿੱਚ ਲਿਆ ਹੈ। ਪਰ ਇਸ ਸਬੰਧ ਵਿੱਚ ਹੋਰ ਜਾਣਕਾਰੀ ਨਹੀਂ ਦਿੱਤੀ ਗਈ।

# 30 ਨਵੰਬਰ ਨੂੰ ਆਰਥਿਕ ਤੇ ਵਿੱਤੀ ਅਪਡੇਟ ਮੁਹੱਈਆ ਕਰਾਵੇਗੀ ਫੈਡਰਲ ਸਰਕਾਰ

ਓਟਵਾ, 26 ਨਵੰਬਰ (ਪੋਸਟ ਬਿਊਰੋ) : ਫੈਡਰਲ ਸਰਕਾਰ ਵੱਲੋਂ 30 ਨਵੰਬਰ ਨੂੰ ਅਰਥਚਾਰੇ ਦੀ ਸਥਿਤੀ ਨਾਲ ਸਬੰਧਤ ਬਿਆਨ ਜਾਰੀ ਕੀਤਾ ਜਾਵੇਗਾ। ਕੋਵਿਡ-19 ਮਹਾਂਮਾਰੀ ਦੌਰਾਨ ਫੈਡਰਲ ਸਰਕਾਰ ਦੀ ਕੀ ਸਥਿਤੀ ਹੈ ਇਸ ਦੀ ਸੋਧੀ ਹੋਈ ਜਾਣਕਾਰੀ ਮੁਹੱਈਆ ਕਰਵਾਈ ਜਾਵੇਗੀ।



ਸੋਮਵਾਰ ਨੂੰ ਡਿਪਟੀ ਪ੍ਰਧਾਨ ਮੰਤਰੀ ਤੇ ਵਿੱਤ ਮੰਤਰੀ ਕ੍ਰਿਸਟੀਆ ਫਰੀਲੈਂਡ ਨੇ ਐਲਾਨ ਕੀਤਾ ਕਿ ਅਗਲੇ ਸੋਮਵਾਰ ਪਾਰਲੀਆਮੈਂਟੇਰੀਅਨਜ਼ ਤੇ ਕੈਨੇਡੀਅਨਾਂ ਨੂੰ ਕੈਨੇਡਾ ਦੇ ਖਰਚਿਆਂ ਤੇ ਘਾਟੇ ਬਾਰੇ ਸਾਰੀ ਤਸਵੀਰ ਤੋਂ ਜਾਣੂ ਕਰਵਾਇਆ ਜਾਵੇਗਾ। ਹਾਊਸ ਆਫ ਕਾਮਨਜ਼ ਵਿੱਚ ਗੱਲ ਕਰਦਿਆਂ ਫਰੀਲੈਂਡ ਨੇ ਆਖਿਆ ਕਿ ਅਸੀਂ ਇਸ ਮਹਾਂਮਾਰੀ ਵਿੱਚ ਮਜ਼ਬੂਤ ਵਿੱਤੀ ਸਥਿਤੀ ਨਾਲ ਦਾਖਲ ਹੋਏ ਸਾਂ ਤੇ ਇਸੇ ਕਾਰਨ ਹੀ ਮਹਾਂਮਾਰੀ ਦੌਰਾਨ ਅਸੀਂ ਕੈਨੇਡੀਅਨਾਂ ਨੂੰ ਵਿੱਤੋਂ ਬਾਹਰ ਹੋ ਕੇ ਮਦਦ ਕਰਨ ਵਿੱਚ ਸਮਰੱਥ ਹੋ ਸਕੇ। ਉਨ੍ਹਾਂ ਆਖਿਆ ਕਿ ਸਾਡੀ ਯੋਜਨਾ ਇਸ ਮਹਾਂਮਾਰੀ ਵਿੱਚ ਅਜੇ ਕੈਨੇਡੀਅਨਾਂ ਦੀ ਹੋਰ ਮਦਦ ਕਰਨ ਦੀ ਹੈ ਤੇ ਅਸੀਂ ਇਹ ਵੀ ਯਕੀਨੀ ਬਣਾਵਾਂਗੇ ਕਿ ਕੋਵਿਡ-19 ਤੋਂ ਬਾਅਦ ਅਰਥਚਾਰਾ ਤੇਜ਼ੀ ਨਾਲ ਵਧੇ ਫੁੱਲੇ ਤੇ ਪੱਕੇ ਪੈਰੀਂ ਅੱਗੇ ਵਧੇ।

ਸਰਕਾਰ ਵੱਲੋਂ ਪਹਿਲਾਂ ਇਹ ਬਿਆਨ ਸਤੰਬਰ ਵਿੱਚ ਰਾਜ ਭਾਸ਼ਣ ਦੇ ਨਾਲ ਦੇਣ ਦਾ ਵਾਅਦਾ ਕੀਤਾ ਗਿਆ ਸੀ। ਇਸ ਬਿਆਨ ਵਿੱਚ ਕੋਵਿਡ-19 ਦੌਰਾਨ ਕੈਨੇਡੀਅਨਾਂ ਦੀ ਕੀਤੀ ਗਈ ਮਦਦ ਦਾ ਲੇਖਾ ਜੋਖਾ ਹੋਵੇਗਾ। ਇਸ ਖਰਚੇ ਨੂੰ ਜੰਗ ਦੌਰਾਨ ਹੋਣ ਵਾਲੇ ਖਰਚੇ ਦੇ ਬਰਾਬਰ ਦੱਸਿਆ ਜਾ ਰਿਹਾ ਹੈ। ਦੇਸ਼ ਵਿੱਚ ਸੈਕਿੰਡ ਵੇਵ ਆ ਜਾਣ ਤੇ ਦੁਬਾਰਾ ਤੋਂ ਲੱਗ ਰਹੇ ਲਾਕਡਾਊਨ ਕਾਰਨ ਇਸ ਖਰਚੇ ਵਿੱਚ ਵਾਧਾ ਹੋਣ ਦੀ ਸੰਭਾਵਨਾ ਵੀ ਪ੍ਰਗਟਾਈ ਗਈ ਹੈ। ਇਹ ਵੇਖਣ ਵਾਲੀ ਗੱਲ ਹੋਵੇਗੀ ਕਿ ਇਸ ਬਿਆਨ ਨੂੰ ਕਿੰਨੀ ਤਫਸੀਲ ਨਾਲ ਤਿਆਰ ਕੀਤਾ ਗਿਆ ਹੈ ਪਰ ਇਹ ਪੂਰਾ ਬਜਟ ਨਹੀਂ ਹੋਵੇਗਾ।

# ਓ ਐਸ ਜੀ ਸੀ ਨੇ ਸਮੁੱਚੀ ਸੰਗਤ ਨੂੰ ਲਾਕਡਾਊਨ ਦੇ ਨਿਯਮਾਂ ਦੀ ਪਾਲਣਾ ਕਰਨ ਦੀ ਕੀਤੀ ਅਪੀਲ

ਓਨਟਾਰੀਓ, 26 ਨਵੰਬਰ (ਪੋਸਟ ਬਿਊਰੋ) : ਓਨਟਾਰੀਓ ਸਿੱਖਜ਼ ਐਂਡ ਗੁਰਦੁਆਰਾ ਕਾਊਂਸਲ (ਓ ਐਸ ਜੀ ਸੀ) ਵੱਲੋਂ ਜਾਰੀ ਕੀਤੀ ਗਈ ਰਲੀਜ਼ ਵਿੱਚ ਆਖਿਆ ਗਿਆ ਹੈ ਕਿ ਟੋਰਾਂਟੋ ਤੇ ਪੀਲ ਰੀਜਨ ਵਿੱਚ ਨਵੇਂ ਸਿਰੇ ਤੋਂ ਲਾਏ ਗਏ ਲਾਕਡਾਊਨ ਕਾਰਨ ਸਾਰੀਆਂ ਧਾਰਮਿਕ ਥਾਂਵਾਂ, ਖਾਸਤੌਰ ਉੱਤੇ ਸਾਡੇ ਗੁਰਦੁਆਰਿਆਂ ਉੱਤੇ ਕਾਫੀ ਅਸਰ ਪਵੇਗਾ।




ਇਸ ਲਾਕਡਾਊਨ ਤਹਿਤ ਗੁਰਦੁਆਰਿਆਂ ਦੇ ਅੰਦਰ ਤੇ ਬਾਹਰ ਵੀ ਇੱਕਠ ਘਟਾ ਕੇ ਸਿਰਫ 10 ਵਿਅਕਤੀ ਕਰ ਦਿੱਤਾ ਗਿਆ ਹੈ। ਇਸ ਨਾਲ 30 ਨਵੰਬਰ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਦੇ ਜਸ਼ਨਾਂ ਉੱਤੇ ਵੀ ਅਸਰ ਪਵੇਗਾ। ਇਸ ਸਾਲ ਇਹ ਜਸ਼ਨ ਪੂਰੀ ਤਰ੍ਹਾਂ ਵਰਚੂਅਲ ਰੱਖੇ ਜਾਣਗੇ। ਜੋ ਦੀਵਾਲੀ ਦੇ ਜਸ਼ਨਾਂ ਮੌਕੇ ਲੋਕਾਂ ਦੀ ਭੀੜ ਜੁਟੀ ਉਸ ਨੂੰ ਵੇਖਦਿਆਂ ਹੋਇਆਂ ਇਸ ਗੱਲ ਉੱਤੇ ਜ਼ੋਰ ਦੇਣ ਦੀ ਲੋੜ ਲੱਗਦੀ ਹੈ ਕਿ ਹਾਲਾਤ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਗੁਰਦੁਆਰਿਆਂ ਵਿੱਚ ਭੀੜ ਨਾ ਕੀਤੀ ਜਾਵੇ।

ਅੱਜ ਤੋਂ ਲਾਕਡਾਊਨ ਮੁੜ ਸ਼ੁਰੂ ਹੋ ਗਿਆ ਹੈ ਤੇ ਇਹ ਸਾਡੀ ਜ਼ਿੰਮੇਵਾਰੀ ਬਣਦੀ ਹੈ ਕਿ ਅਸੀਂ ਇਸ ਸਬੰਧੀ ਸਾਰੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰੀਏ। ਅਸੀਂ ਇਹ ਯਕੀਨੀ ਬਣਾਵਾਂਗੇ ਕਿ ਮੁੜ ਇਨ੍ਹਾਂ ਨਿਯਮਾਂ ਦੀ ਉਲੰਘਣਾ ਨਾ ਹੋਵੇ। ਹਾਲਾਂਕਿ ਗੁਰਦੁਆਰੇ ਨਤਮਸਤਕ ਹੋਣ ਜਾਣਾ ਸਿੱਖ ਧਰਮ ਨੂੰ ਮੰਨਣ ਵਾਲਿਆਂ ਲਈ ਕਾਫੀ ਅਹਿਮ ਹੈ ਪਰ ਔਖੀ ਘੜੀ ਸਾਨੂੰ ਇਹ ਸਿਖਾ ਰਹੀ ਹੈ ਕਿ ਅਸੀਂ ਆਪਣੇ ਧਰਮ ਦੀ ਪਾਲਣਾ ਨਵੇਂ ਢੰਗ ਨਾਲ ਕਰੀਏ। ਅਸੀਂ ਸਾਰੇ ਇਹ ਯਕੀਨੀ ਬਣਾਉਣ ਵਿੱਚ ਆਪਣੀ ਪੂਰੀ ਵਾਹ ਲਾ ਰਹੇ ਹਾਂ ਕਿ ਸੱਭਨਾਂ ਦੀ ਸਿਹਤ ਤੇ ਸੇਫਟੀ ਬਣੀ ਰਹੇ, ਇਸ ਲਈ ਇਹ ਸੱਭ ਸਾਡੀ ਕਰਨੀ ਤੋਂ ਵੀ ਝਲਕਣਾ ਚਾਹੀਦਾ ਹੈ।

ਇਸ ਲਈ ਸਾਨੂੰ ਆਪਣੇ ਘਰਾਂ ਵਿੱਚ ਰਹਿ ਕੇ ਇਹ ਅਰਦਾਸ ਕਰਨੀ ਚਾਹੀਦੀ ਹੈ ਕਿ ਸਾਰੇ ਆਪਣੇ ਪਰਿਵਾਰਾਂ ਨਾਲ ਸੇਫ ਰਹਿਣ ਤੇ ਇਹ ਔਖੀ ਘੜੀ ਜਲਦ ਤੋਂ ਜਲਦ ਖਤਮ ਹੋ ਜਾਵੇ। ਸਾਨੂੰ ਸੋਸ਼ਲ ਮੀਡੀਆ, ਟੀਵੀ ਚੈਨਲਾਂ , ਆਈ ਪੀ ਟੀ ਵੀ ਚੈਨਲਾਂ ਉੱਤੇ ਸੁਣਾਏ ਤੇ ਵਿਖਾਏ ਜਾ ਰਹੇ ਪਾਠ ਤੇ ਕੀਰਤਨ ਦਾ ਆਨੰਦ ਆਪਣੇ ਘਰਾਂ ਵਿੱਚ ਰਹਿ ਕੇ ਹੀ ਮਾਨਣਾ ਚਾਹੀਦਾ ਹੈ। ਮਹਾਂਮਾਰੀ ਕਾਰਨ ਸਾਡੇ ਸਾਰਿਆਂ ਦੀਆਂ ਜ਼ਿੰਦਗੀਆਂ ਉੱਤੇ ਅਸਰ ਪੈ ਰਿਹਾ ਹੈ ਤੇ ਇਹ ਸਾਡੀ ਜ਼ਿੰਮੇਵਾਰੀ ਬਣ ਜਾਂਦੀ ਹੈ ਕਿ ਅਸੀਂ ਸਮੱਸਿਆ ਦਾ ਹਿੱਸਾ ਬਣਨ ਦੀ ਥਾਂ ਹੱਲ ਦਾ ਹਿੱਸਾ ਬਣੀਏ।

ਇਸ ਲਈ ਸਾਰਿਆਂ ਨੂੰ ਬੇਨਤੀ ਹੈ ਕਿ ਫੇਸ ਮਾਸਕਸ, ਫੇਸ ਕਵਰਿੰਗਜ਼ ਦੀ ਵਰਤੋਂ ਕੀਤੀ ਜਾਵੇ, ਹਰ ਸਮੇਂ ਲੋੜੀਂਦੀ ਦੂਰੀ ਬਣਾ ਕੇ ਰੱਖੀ ਜਾਵੇ ਤੇ ਸਿਹਤ ਅਧਿਕਾਰੀਆਂ ਵੱਲੋਂ ਦਿੱਤੀਆਂ ਹਦਾਇਤਾਂ ਦਾ ਪਾਲਣ ਕੀਤਾ ਜਾਵੇ।

# ਐਸਟਰਾਜ਼ੈਨੇਕਾ ਨੇ ਕੋਵਿਡ-19 ਸਬੰਧੀ ਵੈਕਸੀਨ ਤਿਆਰ ਕਰਨ ਵਿੱਚ 90 ਫੀ ਸਦੀ ਸਫਲਤਾ ਹਾਸਲ ਕਰਨ ਦਾ ਕੀਤਾ ਦਾਅਵਾ

ਲੰਡਨ, 26 ਨਵੰਬਰ (ਪੋਸਟ ਬਿਊਰੋ) : ਐਸਟਰਾਜ਼ੈਨੇਕਾ ਨੇ ਅੱਜ ਦਾਅਵਾ ਕੀਤਾ ਕਿ ਉਨ੍ਹਾਂ ਵੱਲੋਂ ਤਿਆਰ ਕਰੋਨਾਵਾਇਰਸ ਵੈਕਸੀਨ ਦੇ ਆਖਰੀ ਟ੍ਰਾਇਲ ਵਿੱਚ ਉਨ੍ਹਾਂ ਨੂੰ 90 ਫੀ ਸਦੀ ਸਫਲਤਾ ਹਾਸਲ ਹੋਈ ਹੈ। ਇਸ ਨਾਲ ਪਬਲਿਕ ਹੈਲਥ ਅਧਿਕਾਰੀਆਂ ਨੂੰ ਇਹ ਆਸ ਬੱਝੀ ਹੈ ਕਿ ਉਨ੍ਹਾਂ ਦੀ ਪਹੁੰਚ ਜਲਦ ਹੀ ਵੈਕਸੀਨ ਤੱਕ ਹੋ ਜਾਵੇਗੀ। ਇੱਥੇ ਹੀ ਬੱਸ ਨਹੀਂ ਮਾਹਿਰਾਂ ਦਾ ਮੰਨਣਾ ਹੈ ਕਿ ਇਹ ਵੈਕਸੀਨ ਸਸਤੀ ਤੇ ਹੋਰਨਾਂ ਕੰਪਨੀਆਂ ਦੇ ਮੁਕਾਬਲੇ ਵੰਡਣੀ ਵੀ ਸੌਖੀ ਹੋਵੇਗੀ।




ਇਹ ਨਤੀਜੇ ਯੂਕੇ ਤੇ ਬ੍ਰਾਜ਼ੀਲ ਵਿੱਚ ਕੀਤੇ ਗਏ ਟ੍ਰਾਇਲਜ਼ ਦੇ ਅੰਤਰਿਮ ਵਿਸ਼ਲੇਸ਼ਣ ਉੱਤੇ ਅਧਾਰਤ ਹਨ। ਇਹ ਵੈਕਸੀਨ ਆਕਸਫੋਰਡ ਯੂਨੀਵਰਸਿਟੀ ਵੱਲੋਂ ਤਿਆਰ ਕੀਤੀ ਗਈ ਸੀ ਤੇ ਇਸ ਦਾ ਉਤਪਾਦਨ ਐਸਟਰਾਜ਼ੈਨੇਕਾ ਵੱਲੋਂ ਕੀਤਾ ਗਿਆ। ਜਿਨ੍ਹਾਂ ਵਿਅਕਤੀਆਂ ਨੂੰ ਇਹ ਦਵਾਈ ਦਿੱਤੀ ਗਈ ਉਨ੍ਹਾਂ ਨੂੰ ਨਾ ਤਾਂ ਹਸਪਤਾਲ ਦਾਖਲ ਕਰਵਾਉਣ ਦੀ ਲੋੜ ਪਈ ਤੇ ਨਾ ਹੀ ਕੋਵਿਡ-19 ਦੇ ਗੰਭੀਰ ਲੱਛਣ ਹੀ ਉਨ੍ਹਾਂ ਵਿੱਚ ਪਾਏ ਗਏ।

ਐਸਟਰਾਜ਼ੈਨੇਕਾ ਅਜਿਹੀ ਤੀਜੀ ਵੱਡੀ ਡਰੱਗ ਕੰਪਨੀ ਹੈ ਜਿਸ ਨੇ ਕੋਵਿਡ-19 ਦੀ ਸਮਰੱਥ ਦਵਾਈ ਤਿਆਰ ਕਰਨ ਦਾ ਦਾਅਵਾ ਕੀਤਾ ਹੈ। ਪੂਰੀ ਦੁਨੀਆ ਦੀਆਂ ਨਜ਼ਰਾਂ ਅਜਿਹੀ ਵੈਕਸੀਨ ਉੱਤੇ ਲੱਗੀਆਂ ਹੋਈਆਂ ਹਨ ਜਿਹੜੀ ਇਸ ਮਹਾਂਮਾਰੀ ਨੂੰ ਖਤਮ ਕਰਨ ਦੇ ਯੋਗ ਹੋਵੇ। ਜ਼ਿਕਰਯੋਗ ਹੈ ਕਿ ਇਸ ਮਹਾਂਮਾਰੀ ਕਾਰਨ ਦੁਨੀਆਂ ਭਰ ਦਾ ਅਰਥਚਾਰਾ ਡਗਮਗਾ ਗਿਆ ਹੈ ਤੇ 1.4 ਮਿਲੀਅਨ ਲੋਕਾਂ ਦੀ ਮੌਤ ਦੀ ਪੁਸ਼ਟੀ ਹੋ ਚੁੱਕੀ ਹੈ। ਪਿਛਲੇ ਹਫਤੇ ਫਾਈਜ਼ਰ ਤੇ ਮੌਡਰਨਾ ਨੇ ਵੀ ਆਪੋ ਆਪਣੀਆਂ ਵੈਕਸੀਨ ਨੂੰ 95 ਫੀ ਸਦੀ ਅਸਰਦਾਰ ਦੱਸਿਆ ਸੀ।

ਇਨ੍ਹਾਂ ਦੋਵਾਂ ਕੰਪਨੀਆਂ ਦੇ ਮੁਕਾਬਲੇ ਐਸਟਰਾਜ਼ੈਨੇਕਾ ਵੱਲੋਂ ਤਿਆਰ ਵੈਕਸੀਨ ਨੂੰ ਬਹੁਤੇ ਠੰਢੇ ਤਾਪਮਾਨ ਵਿੱਚ ਵੀ ਰੱਖਣ ਦੀ ਲੋੜ ਨਹੀਂ ਹੈ, ਜਿਸ ਨਾਲ ਇਸ ਦੀ ਵੰਡ ਕਰਨਾ ਸੌਖਾ ਹੋਵੇਗਾ ਖਾਸਤੌਰ ਉੱਤੇ ਵਿਕਾਸਸ਼ੀਲ ਮੁਲਕਾਂ ਵਿੱਚ ਇਸ ਨੂੰ ਵੰਡਣਾ ਸੌਖਾ ਰਹੇਗਾ।




## ਲੜਕੀ ਦੀ ਲੋੜ

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2'', ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਕੈਨੇਡਾ ਵਿਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਸੰਪਰਕ: 9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 I +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਸਿੱਖ ਅਰੋੜਾ ਲੜਕੇ ਲਈ ਯੋਗ ਕੰਨਿਆ ਦੀ ਜ਼ਰੂਰਤ: ਇਸ ਸਮੇਂ ਵਿਜ਼ਿਟਰ ਵੀਜ਼ੇ ਉਤੇ ਕੈਨੇਡਾ ਵਿਚ ਰਹਿ ਰਹੇ ਸਿੱਖ ਅਰੋੜਾ ਲੜਕੇ ਲਈ ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤਪਾਤ ਦਾ ਕੋਈ ਫਰਕ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

ਹਿੰਦੂ ਖਤਰੀ ਲੜਕਾ, ਕੱਦ 5'8'', ਉੱਮਰ 28 ਸਾਲ, ਰੰਗ ਸਾਫ, ਯੋਗਤਾ ਬੈਚਲਰ ਇਨ ਹੋਸਪੀਟੇਲਟੀ ਮਨੇਜਮੈਂਟ। ਓਬਰਾਏ, ਤਾਜ ਵਰਗੇ ਚੰਗੀ ਕੰਪਨੀਆਂ ਵਿਚ 8 ਸਾਲ ਕੰਮ ਦਾ ਤਜ਼ਰਬਾ ਅਤੇ ਇੰਡੀਆ ਵਿਚੱ ਚੰਗੀ ਜੋਬ ਕਰਦੇ ਲੜਕੇ ਲਈ ਕੈਨੇਡੀਅਨ ਪੀ ਆਰ ਜਾਂ ਵਰਕ ਪਰਮਟ ਹੋਲਡਰ ਲੜਕੀ ਦੀ ਲੋੜ ਹੈ। ਪੰਜਾਬ ਭਾਖੜਾ ਨੰਗਲ ਨਾਲ ਸੰਬੰਧ ਰੱਖਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਜਾਂ ਵਟਸਐਪ ਕਰੋ:+91-94173-58712

ਸੁੰਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8'', ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ। ਕਾਲ : 647-739-3600 ।

ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5'11',ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੇ ਵੱਧ ਉਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

ਜੱਟ ਸਿੱਖ ਲੜਕਾ, ਉੱਮਰ 27 ਸਾਲ, ਕੱਦ 5'11'', ਕੈਨੇਡਾ ਵਿੱਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰੋਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

ਜੱਟ ਸਿੱਖ ਲੜਕਾ, ਉੱਮਰ 28 ਸਾਲ, ਕੱਦ 5'7'', ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

## ਲੜਕੇ ਦੀ ਲੋੜ

Beautiful,well educated, 28 years old Punjabi Lubana girl, BSc software engineering from London England,project management from Canada,currently working with Suncor Company,PR IN CANADA. Looking for Sikh Sardar well educated Boy,cast no Bar,from Canada. Contact number 3238 470 404

**"Jat Sikh family seeking suitable match for their daughter 37 year 6 ft. tall, well versed with both cultures. Born & raised in Canada, did her medicine degree & residency (double in Emergency & Internal Medicine) in USA. A green card holder and willing to come to Canada as the opportune prevail. Please contact (519) 351-8043 or B200348@gmail.com"**

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3'', ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋਂ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

## ਲੜਕੇ ਦੀ ਲੋੜ

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

ਜੱਟ ਸਿੱਖ ਲੜਕੀ, ਉਮਰ 27 ਸਾਲ, ਕੱਦ 5'-5'', MBA, ਕੈਨੇਡੀਅਨ ਪੀ ਆਰ ਵਧੀਆ ਜੋਬ ਕਰ ਰਹੀ ਲੜਕੀ ਲਈ ਜੱਟ ਸਿੱਖ ਪੜੇ ਲਿੱਖੇ,ਪੀ ਆਰ ਅਤੇ ਸੈਟਲਡ ਲੜਕੇ ਦੀ ਲੋੜ ਹੈ। ਟੋਰਾਂਟੋ/ਕੇਲਗਰੀ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ:647-569-3479 ਜਾਂ ਵਟਸਐਪ +91-94640-41287

ਜੱਟ ਸਿੱਖ ਲੜਕੀ, 35 ਸਾਲ, ਕੱਦ 5'3'', ਵਿਜੀਟਰ ਵੀਜ਼ੇ ਤੇ ਆਈ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਪੀ ਆਰ ਲੜਕੇ ਦੀ ਲੋੜ ਹੈ। ਕਾਲ 647-456-1772

ਜੱਟ ਸਿੱਖ ਗਿਲ ਲੜਕੀ, ਜਨਮ 1991, ਕੱਦ 5'-4'', Btech Electrical, ਕੈਨੇਡੀਅਨ ਪੀ ਆਰ ਲਈ ਗੁਰਸਿੱਖ, ਪੜੇ ਲਿੱਖੇ ਅਤੇ ਸੈਟਲਡ ਲੜਕੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਇੰਡੀਆ ਵਿੱਚ ਰਹਿੰਦਾ ਹੈ। ਇੰਡੀਆ ਰਹਿੰਦੇ ਲੜਕੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ ਕਰੋ: +91-94640-34653

ਜੱਟ ਸਿੱਖ ਲੜਕੀ, ਉਮਰ 29 ਸਾਲ , ਕੱਦ 5'5'', ਕਨੈਡੀਅਨ ਪੀ ਆਰ, M.A B.Ed , ਚੰਗੀ ਜੋਬ ਕਰ ਰਹੀ ਲੜਕੀ ਲਈ ਪੜ੍ਹਿਆ-ਲਿਖਿਆ, ਖਾਨਦਾਨੀ ਕੈਨੇਡੀਅਨ PR ਜਾਂ ਵੱਰਕ ਪਰਮਿਟ ਤੇ ਆਏ ਲੜਕੇ ਦੀ ਲੋੜ ਹੈ। ਸੰਪਰਕ ਕਰੋ : 437-233-7609 । ਟੋਰਾਂਟੋ ਰਹਿੰਦੇ ਲੜਕੇ ਨੂੰ ਪਹਿਲ ਦਿੱਤੀ ਜਾਵੇਗੀ।

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਸਿੱਖ ਲੜਕੀ, ਉਮਰ 24 ਸਾਲ, ਕੱਦ 5 ਫੁਟ 3 ਇੰਚ, ਇੰਡੀਆ ਵਿਚ ਰਹਿੰਦੀ, ਯੋਗਤਾ ਐਮ.ਕਾਮ. ਤੇ ਕਾਲਜ ਵਿਚ ਲੈਕਚਰਾਰ ਦੀ ਨੌਕਰੀ ਕਰ ਰਹੀ ਹੈ। ਨੈਨੀ ਦਾ ਕੋਰਸ ਕੀਤਾ ਹੋਇਆ ਹੈ। ਰੰਗ ਸਾਫ਼, ਸੋਹਣੀ ਸੁਨੱਖੀ ਲੜਕੀ ਲਈ ਕੈਨੇਡੀਅਨ ਪੀ.ਆਰ. ਸਿੱਖ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਲੜਕੀ ਦੇ ਭੂਆ ਜੀ ਕੈਨੇਡਾ ਵਿਚ ਸੈਟਲਡ ਹਨ। ਸੰਪਰਕ: 905-749-1654

UPPAL LAW
IMMIGRATION SERVICES
Visitor Visa
Super Visa
Study,Work,Visitor Extension Visa
Spousal Applications
Family Sponsorship
Permanent Residence Card Renewal
Citizenship Application
All Invitation Letters
AVTAR UPPAL
Manager
OTHER PRACTICES
Criminal Law
Family Law
Power of Attorney
Change of Name
Notarization
Travel Consent
Affidavit
Landlord and Tenant Matters
AMAN UPPAL
Barrister,Solicitor
FREE Consultation
Tel: 905-500-1507
351 Parkhurst Square, # 16, Brampton,ON L6T 0C2, Fax: 905-672-7848
* PRIOR APPOINTMENT NECESSARY

ਫੌਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਏ ਤੇ ਫਿਰ ਹੋਰਾਂ ਨੂੰ ਵੀ ਲਿਆਓਂ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

STARLANE PAINTING
Residential • Commercial • Industrial
Hotel • Motel • Exterior
Interior • Spray Painting
Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

## ਕੋਵਿਡ-19 ਵੈਕਸੀਨ ਦੀਆਂ 26, 000 ਡੋਜ਼ਿਜ਼ ਹਾਸਲ ਕਰਨ ਲਈ ਫੈਡਰਲ ਸਰਕਾਰ ਨੇ ਐਲੀ ਲਿਲੀ ਨਾਲ ਕੀਤਾ ਕਰਾਰ

ਓਟਵਾ, 26 ਨਵੰਬਰ (ਪੋਸਟ ਬਿਊਰੋ) : ਫੈਡਰਲ ਸਰਕਾਰ ਨੇ ਐਲੀ ਲਿਲੀ ਤੋਂ ਕੋਵਿਡ-19 ਵੈਕਸੀਨ ਦੀਆਂ 26,000 ਡੋਜ਼ਿਜ਼ ਹਾਸਲ ਕਰਨ ਲਈ ਕੰਪਨੀ ਨਾਲ ਡੀਲ ਕੀਤੀ ਹੈ। ਇਸ ਦੇ ਨਾਲ ਹੀ ਹਜ਼ਾਰਾਂ ਹੋਰ ਡੋਜ਼ਿਜ਼ ਹਾਸਲ ਕਰਨ ਦਾ ਬਦਲ ਵੀ ਖੁੱਲ੍ਹਾ ਰੱਖਿਆ ਗਿਆ ਹੈ। ਇਹ ਐਲਾਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਮੰਗਲਵਾਰ ਨੂੰ ਕੀਤਾ।

ਮੰਗਲਵਾਰ ਨੂੰ ਰਿਡਿਊ ਕਾਟੇਜ ਤੋਂ ਸੰਬੋਧਨ ਕਰਦਿਆਂ ਟਰੂਡੋ ਨੇ ਆਖਿਆ ਕਿ ਕੈਨੇਡੀਅਨਾਂ ਨੂੰ ਸੇਫ ਰੱਖਣ ਲਈ ਸਾਨੂੰ ਸਮਰੱਥ ਵੈਕਸੀਨਜ਼ ਤੱਕ ਜਿੰਨੀ ਹੋ ਸਕੇ ਪਹੁੰਚ ਯਕੀਨੀ ਬਣਾਉਣੀ ਚਾਹੀਦੀ ਹੈ। ਟਰੂਡੋ ਨੇ ਆਖਿਆ ਕਿ ਕੈਨੇਡਾ ਨੇ ਕਈ ਅਜਿਹੀਆਂ ਕੰਪਨੀਆਂ ਨਾਲ ਡੀਲ ਪਹਿਲਾਂ ਹੀ ਕਰਕੇ ਰੱਖੀ ਹੋਈ ਹੈ ਜਿਹੜੀਆਂ ਸਫਲ ਵੈਕਸੀਨ ਬਣਾ ਚੁੱਕੀਆਂ ਹਨ ਜਾਂ ਬਣਾਉਣ ਦੇ ਕਾਫੀ ਨੇੜੇ ਹਨ। ਪਰ ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਇਨ੍ਹਾਂ ਵੈਕਸੀਨਜ਼ ਨੂੰ ਕੈਨੇਡਾ ਪਹੁੰਚਣ ਲਈ ਅਜੇ ਵੀ ਕਈ ਮਹੀਨਿਆਂ ਦਾ ਸਮਾਂ ਲੱਗ ਜਾਵੇਗਾ।

ਪ੍ਰਧਾਨ ਮੰਤਰੀ ਇਸ ਤੋਂ ਪਹਿਲਾਂ ਇਹ ਆਖ ਚੁੱਕੇ ਹਨ ਕਿ ਕੈਨੇਡਾ ਸ਼ੁਰੂਆਤੀ ਡੋਜ਼ਾਂ ਨੂੰ ਪਹਿਲ ਦੇ ਆਧਾਰ ਉੱਤੇ ਵੰਡਣ ਦੀ ਆਸ ਕਰ ਰਿਹਾ ਹੈ। ਸਾਨੂੰ ਉਮੀਦ ਹੈ ਕਿ ਹੈਲਥ ਕੈਨੇਡਾ ਵੱਲੋਂ ਮਨਜ਼ੂਰੀ ਦਿੱਤੇ ਜਾਣ ਤੋਂ ਬਾਅਦ 2021 ਦੇ ਸ਼ੁਰੂਆਤੀ ਮਹੀਨਿਆਂ ਵਿੱਚ ਇਹ ਡੋਜ਼ਾਂ ਮਿਲ ਜਾਣਗੀਆਂ। ਪਰ ਕਈ ਹੋਰ ਦੇਸ਼ ਅਗਲੇ ਮਹੀਨੇ ਤੋਂ ਹੀ ਆਪਣੇ ਲੋਕਾਂ ਨੂੰ ਵੈਕਸੀਨ ਦੀ ਡੋਜ਼ ਦੇਣ ਦੀ ਯੋਜਨਾ ਬਣਾ ਰਹੇ ਹਨ।

# ਕੈਨੇਡਾ ਵਿੱਚ ਉਤਪਾਦਨ ਦੀ ਘਾਟ ਕਾਰਨ ਹੋਰਨਾਂ ਨੂੰ ਪਹਿਲਾਂ ਮਿਲ ਸਕਦੀ ਹੈ ਵੈਕਸੀਨ : ਟਰੂਡੋ



ਓਟਵਾ, 26 ਨਵੰਬਰ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਮੰਗਲਵਾਰ ਨੂੰ ਆਖਿਆ ਕਿ ਕੈਨੇਡਾ ਵਿੱਚ ਵੈਕਸੀਨ ਦੇ ਨਿਰਮਾਣ ਦੀ ਘਾਟ ਕਾਰਨ ਅਮਰੀਕਾ, ਬ੍ਰਿਟੇਨ, ਜਰਮਨੀ ਤੇ ਹੋਰ ਦੇਸ਼ਾਂ ਦੇ ਨਾਗਰਿਕਾਂ ਨੂੰ ਕੈਨੇਡੀਅਨਾਂ ਤੋਂ ਪਹਿਲਾਂ ਕੋਵਿਡ-19 ਵੈਕਸੀਨ ਮਿਲ ਜਾਵੇਗੀ।

ਓਟਵਾ ਸਥਿਤ ਆਪਣੇ ਘਰ ਦੇ ਬਾਹਰ ਨਿਊਜ਼ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਟਰੂਡੋ ਨੇ ਆਖਿਆ ਕਿ ਸਾਨੂੰ ਇਹ ਗੱਲ ਚੇਤੇ ਰੱਖਣੀ ਹੋਵੇਗੀ ਕਿ ਕੈਨੇਡਾ ਕੋਲ ਵੈਕਸੀਨ ਤਿਆਰ ਕਰਨ ਦੀ ਕੋਈ ਘਰੇਲੂ ਸਮਰੱਥਾ ਨਹੀਂ ਹੈ। ਦਹਾਕੇ ਪਹਿਲਾਂ ਸਾਡੇ ਕੋਲ ਇਹ ਸਮਰੱਥਾ ਸੀ ਪਰ ਹੁਣ ਨਹੀਂ ਹੈ। ਅਮਰੀਕਾ, ਜਰਮਨੀ ਤੇ ਯੂਕੇ ਵਿੱਚ ਘਰੇਲੂ ਫਾਰਮਾਸਿਊਟੀਕਲ ਕੰਪਨੀਆਂ ਹਨ ਜਿਹੜੀਆਂ ਇਹ ਵੈਕਸੀਨ ਤਿਆਰ ਕਰਨ ਦੇ ਸਮਰੱਥ ਹਨ ਤੇ ਇਸੇ ਲਈ ਯਕੀਨਨ ਉਹ ਆਪਣੇ ਨਾਗਰਿਕਾਂ ਨੂੰ ਹੀ ਪਹਿਲ ਦੇਣਗੇ।

ਪ੍ਰਧਾਨ ਮੰਤਰੀ ਨੇ ਵੈਕਸੀਨ ਤੱਕ ਕੈਨੇਡੀਅਨ ਪਹੁੰਚ ਨੂੰ ਕਿਸੇ ਤਰ੍ਹਾਂ ਦੇ ਖਤਰੇ ਤੋਂ ਇਨਕਾਰ ਕਰਦਿਆਂ ਆਖਿਆ ਕਿ ਫੈਡਰਲ ਸਰਕਾਰ ਪਹਿਲਾਂ ਹੀ ਸਮਰੱਥ ਵੈਕਸੀਨ ਤਿਆਰ ਕਰਨ ਵਾਲੀਆਂ ਕੰਪਨੀਆਂ ਨਾਲ ਕਈ ਮਿਲੀਅਨ ਡੋਜ਼ਿਜ਼ ਹਾਸਲ ਕਰਨ ਲਈ ਡੀਲ ਕਰ ਚੁੱਕੀ ਹੈ। ਟਰੂਡੋ ਨੇ ਆਖਿਆ ਕਿ ਉਹ ਹੋਰਨਾਂ ਦੇਸ਼ਾਂ ਨਾਲ ਵੀ ਪੂਰੀ ਤਰ੍ਹਾਂ ਰਾਬਤਾ ਰੱਖ ਰਹੇ ਹਨ ਤਾਂ ਕਿ ਸਾਰਿਆਂ ਨੂੰ ਵੈਕਸੀਨ ਤੱਕ ਬਰਾਬਰ ਪਹੁੰਚ ਹਾਸਲ ਹੋ ਸਕੇ। ਟਰੂਡੋ ਨੇ ਉਮੀਦ ਪ੍ਰਗਟਾਈ ਕਿ ਵੈਕਸੀਨ ਦੀਆਂ ਪਹਿਲੀਆਂ ਡੋਜ਼ਿਜ਼ 2021 ਦੇ ਸ਼ੁਰੂਆਤੀ ਮਹੀਨਿਆਂ ਵਿੱਚ ਕੈਨੇਡਾ ਪਹੁੰਚਣੀਆਂ ਸ਼ੁਰੂ ਹੋ ਜਾਣਗੀਆਂ।

## ਸਾਊਥ ਏਸ਼ੀਅਨ ਕਮਿਊਨਿਟੀਜ਼ ਦਰਮਿਆਨ ਕੋਵਿਡ-19 ਦੇ ਪਸਾਰ ਨੂੰ ਠੱਲ੍ਹ ਪਾਉਣ ਲਈ ਵਿਸ਼ੇਸ਼ ਟਾਸਕ ਫੋਰਸ ਕਾਇਮ





ਬਰੈਂਪਟਨ, 26 ਨਵੰਬਰ (ਪੋਸਟ ਬਿਊਰੋ) : ਸਾਊਥ ਏਸ਼ੀਅਨ ਕਮਿਊਨਿਟੀਜ਼ ਦਰਮਿਆਨ ਕੋਵਿਡ-19 ਦੇ ਪਸਾਰ ਦੇ ਮੁੱਦੇ ਉੱਤੇ ਜਾਗਰੂਕਤਾ ਫੈਲਾਉਣ ਲਈ ਡਾਕ-ਟਰਾਂ, ਵਕੀਲਾਂ, ਹੈਲਥਕੇਅਰ ਪ੍ਰੋਫੈਸ਼ਨਲਜ਼, ਕਾਰੋਬਾਰੀ ਆਗੂਆਂ ਤੇ ਵਾਲੰਟੀਅਰਜ਼ ਵੱਲੋਂ ਸਾਂਝੇ ਤੌਰ ਉੱਤੇ ਕੈਨੇਡੀਅਨ ਸਾਊਥ ਏਸ਼ੀਅਨ ਕੋਵਿਡ-19 ਟਾਸਕਫੋਰਸ ਤਿਆਰ ਕੀਤੀ ਗਈ ਹੈ।

ਇਹ ਗੈਰ ਸਿਆਸੀ ਆਰਗੇਨਾਈਜ਼ੇਸ਼ਨ ਸਾਊਥ ਏਸ਼ੀਅਨ ਕਮਿਊਨਿਟੀ ਵਿੱਚ ਤੇਜ਼ੀ ਨਾਲ ਫੈਲ ਰਹੀ ਕੋਵਿਡ-19 ਮਹਾਂਮਾਰੀ ਨੂੰ ਠੱਲ੍ਹ ਪਾਉਣ ਲਈ ਜਾਗਰੂਕਤਾ ਫੈਲਾਉਣ ਉੱਤੇ ਕੇਂਦਰਿਤ ਹੈ। ਇਹ ਟੀਚਾ ਲੋਕਾਂ ਨੂੰ ਸਿੱਖਿਅਤ ਕਰਕੇ ਤੇ ਜਾਗਰੂਕ ਕਰਕੇ ਪੂਰਾ ਕੀਤਾ ਜਾ ਸਕਦਾ ਹੈ। ਹਾਸ਼ੀਏ ਉੱਤੇ ਮੌਜੂਦ ਆਬਾਦੀ ਵਿੱਚ ਕੋਵਿਡ-19 ਦੇ ਪਸਾਰ ਨੂੰ ਰੋਕਣ ਲਈ ਇਸ ਟਾਸਕਫੋਰਸ ਵੱਲੋਂ ਸਰਕਾਰਾਂ ਦੇ ਸਾਰੇ ਪੱਧਰਾਂ ਨੂੰ ਪਹੁੰਚ ਵਿੱਚ ਆਉਣ ਵਾਲੇ ਹੱਲ ਕੱਢਣ ਲਈ ਆਖਿਆ ਗਿਆ ਹੈ।

ਸਾਊਥ ਏਸ਼ੀਅਨ ਕਮਿਊਨਿਟੀ ਪੀਲ ਦੀ ਕੁੱਲ ਆਬਾਦੀ ਦਾ ਇੱਕ ਤਿਹਾਈ ਹਿੱਸਾ ਹੈ। ਪਰ ਇਸ ਸਮੇਂ ਇੱਥੇ ਮਿਲੇ ਕੋਵਿਡ-19 ਦੇ ਨਵੇਂ ਮਾਮਲਿਆਂ ਵਿੱਚੋਂ ਅੱਧੇ ਦੇ ਲੱਗਭਗ ਇਸ ਕਮਿਊਨਿਟੀ ਨਾਲ ਹੀ ਸਬੰਧਤ ਹਨ। ਇੱਥੇ ਦੱਸਣਾ ਬਣਦਾ ਹੈ ਕਿ ਅਜਿਹਾ ਇਸ ਲਈ ਵੀ ਹੋ ਰਿਹਾ ਹੈ ਕਿਉਂਕਿ ਸਾਊਥ ਏਸ਼ੀਅਨ ਕਮਿਊਨਿਟੀ ਦੇ ਬਹੁਤੇ ਮੈਂਬਰ ਅਸੈਂਸ਼ੀਅਲ ਵਰਕਰਜ਼ ਹਨ ਤੇ ਕੈਨੇਡੀਅਨਾਂ ਨੂੰ ਹਾਈ ਰਿਸਕ ਏਰੀਆ ਵਿੱਚ ਜਾ ਕੇ ਫੂਡ ਸਪਲਾਈ, ਹੈਲਥਕੇਅਰ ਦੇ ਨਾਲ ਨਾਲ ਟਰਾਂਸਪੋਰਟੇਸ਼ਨ ਤੇ ਲਾਜੀਸਟਿਕਸ ਆਦਿ ਵੀ ਸਪਲਾਈ ਕਰਦੇ ਹਨ। ਕਈ ਅਜਿਹੇ ਘਰਾਂ ਵਿੱਚ ਰਹਿੰਦੇ ਹਨ ਜਿੱਥੇ ਸਿਹਤ ਪੱਖੋਂ ਹਾਲਾਤ ਬਹੁਤੇ ਵਧੀਆ ਨਹੀਂ ਹਨ।

ਇਸ ਟਾਸਕਫੋਰਸ ਦੇ ਸਹਿ ਬਾਨੀ ਡਾ. ਰਾਜ ਗਰੇਵਾਲ ਤੇ ਡਾ. ਸਿਮਰਪ੍ਰੀਤ ਸੰਧਾਵਾਲੀਆ ਨੇ ਆਖਿਆ ਕਿ ਮੁੱਖ ਧਾਰਾ ਨਾਲ ਜੁੜੇ ਪਬਲਿਕ ਹੈਲਥ ਮੈਸੇਜਿੰਗ ਦੇ ਢੰਗ ਸਾਊਥ ਏਸ਼ੀਅਨ ਕਮਿਊਨਿਟੀਜ਼ ਵਿੱਚ ਕੋਵਿਡ-19 ਦੇ ਮੁੱਦਿਆਂ ਉੱਤੇ ਧਿਆਨ ਕੇਂਦਰਿਤ ਕਰਨ ਵਿੱਚ ਗੈਰ ਅਸਰਦਾਰ ਰਹੇ ਹਨ। ਉਨ੍ਹਾਂ ਆਖਿਆ ਕਿ ਸਬੂਤ ਅਧਾਰਤ ਸਿੱਖਿਆ, ਪਬਲਿਕ ਹੈਲਥ ਐਡਵੋਕੇਸੀ ਤੇ ਕਮਿਊਨਿਟੀ ਆਊਟਰੀਚ ਰਾਹੀਂ ਅਸੀਂ ਕਮਿਊਨਿਟੀ ਵਿੱਚ ਹੇਠਲੇ ਪੱਧਰ ਤੋਂ ਕੋਵਿਡ-19 ਦੇ ਪਸਾਰ ਨੂੰ ਰੋਕਣ ਲਈ ਜਾਗਰੂਕਤਾ ਫੈਲਾਵਾਂਗੇ। ਇਸ ਦੇ ਨਾਲ ਹੀ ਅਸੀਂ ਓਨਟਾਰੀਓ ਦੇ ਪੀਲ ਰੀਜਨ ਤੇ ਬ੍ਰਿਟਿਸ਼ ਕੋਲੰਬੀਆ ਦੀ ਫਰੇਜ਼ਰ ਹੈਲਥ ਅਥਾਰਟੀ ਨਾਲ ਜੁੜੇ ਪਬਲਿਕ ਹੈਲਥ ਅਧਿਕਾਰੀਆਂ ਤੇ ਨੀਤੀ ਘਾੜਿਆ ਨੂੰ ਸਾਊਥ ਏਸ਼ੀਅਨ ਕਮਿਊਨਿਟੀਜ਼ ਨੂੰ ਦਰਪੇਸ਼ ਚੁਣੌਤੀਆਂ ਬਾਰੇ ਸਮਝਾਉਣ ਤੇ ਸਿੱਖਿਅਤ ਕਰਨ ਦਾ ਯਤਨ ਕਰਾਂਗੇ।

# ਲਿਬਰਲਾਂ ਦੀ ਅਣਗਹਿਲੀ ਕਾਰਨ ਕੈਨੇਡੀਅਨਾਂ ਨੂੰ ਕੋਵਿਡ-19 ਵੈਕਸੀਨ ਲਈ ਕਰਨਾ ਹੋਵੇਗਾ ਇੰਤਜ਼ਾਰ!




ਵੈਨਕੂਵਰ, 26 ਨਵੰਬਰ (ਪੋਸਟ ਬਿਊਰੋ) : ਐਨਡੀਪੀ ਦੇ ਹੈਲਥ ਕ੍ਰਿਟਿਕ ਡੌਨ ਡੇਵਿਸ ਨੇ ਆਖਿਆ ਕਿ ਕੱਲ੍ਹ ਪ੍ਰਧਾਨ ਮੰਤਰੀ ਵੱਲੋਂ ਜਨਤਕ ਤੌਰ ਉੱਤੇ ਇਹ ਕਬੂਲ ਕੀਤਾ ਗਿਆ ਹੈ ਕਿ ਕੋਵਿਡ-19 ਵੈਕਸੀਨ ਹਾਸਲ ਕਰਨ ਵਿੱਚ ਕੈਨੇਡਾ ਹੋਰਨਾਂ ਮੁਲਕਾਂ ਦੇ ਮੁਕਾਬਲੇ ਪਿੱਛੇ ਰਹਿ ਜਾਵੇਗਾ। ਪ੍ਰਧਾਨ ਮੰਤਰੀ ਨੇ ਇਹ ਵੀ ਆਖਿਆ ਕਿ ਘਰੇਲੂ ਉਤਪਾਦਨ ਦੀ ਘਾਟ ਕਾਰਨ ਅਜਿਹਾ ਹੋਣ ਦੀ ਸੰਭਾਵਨਾ ਜ਼ਿਆਦਾ ਹੈ।

ਡੇਵਿਸ ਨੇ ਆਖਿਆ ਕਿ ਕਈ ਮਹੀਨਿਆਂ ਤੱਕ ਵੈਕਸੀਨ ਦੀ ਖਰੀਦ ਬਾਰੇ ਆਪਣੀ ਯੋਜਨਾ ਬਾਰੇ ਖੁਲਾਸਾ ਕਰਨ ਤੋਂ ਲਿਬਰਲ ਸਰਕਾਰ ਇਨਕਾਰ ਕਰਦੀ ਆਈ ਹੈ ਤੇ ਹੁਣ ਉਨ੍ਹਾਂ ਇਹ ਸਪਸ਼ਟ ਕਰ ਦਿੱਤਾ ਹੈ ਕਿ ਉਹ ਕੈਨੇਡੀਅਨਾਂ ਲਈ ਚੰਗੀ ਡੀਲ ਸਕਿਓਰ ਕਰਨ ਵਿੱਚ ਅਸਫਲ ਹੋ ਗਈ ਹੈ। ਪਰ ਇਹ ਕੈਨੇਡੀਅਨਾਂ ਲਈ ਬਹੁਤ ਵੱਡਾ ਝਟਕਾ ਹੈ ਕਿ ਸਾਨੂੰ ਵੈਕਸੀਨ ਹਾਸਲ ਕਰਨ ਲਈ ਹੋਰਨਾਂ ਦੇਸ਼ਾਂ ਦੇ ਮੁਕਾਬਲੇ ਜ਼ਿਆਦਾ ਸਮਾਂ ਲੱਗੇਗਾ। ਇਹ ਜਾਣਦਿਆਂ ਹੋਇਆਂ ਕਿ ਦੇਸ਼ ਭਰ ਵਿੱਚ ਲੋਕ ਆਪਣੇ ਆਲੇ ਦੁਆਲੇ ਦੇ ਲੋਕਾਂ ਨੂੰ ਸੇਫ ਰੱਖਣ ਲਈ ਕਿੰਨੀਆਂ ਵੱਡੀਆਂ ਕੁਰਬਾਨੀਆਂ ਕਰ ਰਹੇ ਹਨ ਤੇ ਸਾਰੇ ਕੈਨੇਡੀਅਨ ਵੈਕਸੀਨ ਦਾ ਕਿੰਨੀ ਬੇਸਬਰੀ ਨਾਲ ਇੰਤਜ਼ਾਰ ਕਰ ਰਹੇ ਹਨ, ਹੁਣ ਪ੍ਰਧਾਨ ਮੰਤਰੀ ਨੇ ਬੜੇ ਸਧਾਰਨ ਢੰਗ ਨਾਲ ਆਖ ਦਿੱਤਾ ਹੈ ਕਿ ਸਾਨੂੰ ਵੈਕਸੀਨ ਹੋਰਨਾਂ ਦੇਸ਼ਾਂ ਦੇ ਮੁਕਾਬਲੇ ਲੇਟ ਮਿਲੇਗੀ। ਪਰ ਕੈਨੇਡੀਅਨ ਇਸ ਸਥਿਤੀ ਲਈ ਕਿਸੇ ਤਰ੍ਹਾਂ ਦੇ ਬਹਾਨੇ ਨਹੀਂ ਸੁਣਨਗੇ ਤੇ ਪ੍ਰਧਾਨ ਮੰਤਰੀ ਨੂੰ ਕਈ ਸਵਾਲਾਂ ਦੇ ਜਵਾਬ ਦੇਣੇ ਪੈਣਗੇ।

ਡੇਵਿਸ ਨੇ ਆਖਿਆ ਕਿ ਅਗਸਤ ਦੇ ਅੰਤ ਵਿੱਚ ਪ੍ਰਧਾਨ ਮੰਤਰੀ ਦੇ ਆਫਿਸ ਵੱਲੋਂ ਇਹ ਵਾਅਦਾ ਕੀਤਾ ਗਿਆ ਸੀ ਕਿ ਮਾਂਟਰੀਅਲ ਸਥਿਤ ਨੈਸ਼ਨਲ ਕਾਊਂਸਲ ਦੇ ਮੈਨੂਫੈਕਚਰਿੰਗ ਫੈਸਿਲਿਟੀ ਦੀ ਸਮਰੱਥਾ ਹਰ ਮਹੀਨੇ 250,000 ਡੋਜ਼ਾਂ ਤਿਆਰ ਕਰਨ ਦੀ ਹੈ ਤੇ ਜੇ ਵੈਕਸੀਨ ਦਾ ਉਤਪਾਦਨ ਨਵੰਬਰ 2020 ਵਿੱਚ ਸ਼ੁਰੂ ਕੀਤਾ ਜਾਂਦਾ ਹੈ ਤਾਂ ਅਗਲੇ ਸਾਲ ਤੱਕ ਹਰ ਮਹੀਨੇ ਇੱਥੇ ਵੈਕਸੀਨ ਦਾ ਉਤਪਾਦਨ ਦੋ ਮਿਲੀਅਨ ਡੋਜ਼ਾਂ ਪ੍ਰਤੀ ਮਹੀਨਾ ਤੱਕ ਕੀਤਾ ਜਾ ਸਕੇਗਾ। ਪਰ ਪ੍ਰਧਾਨ ਮੰਤਰੀ ਵੱਲੋਂ ਕੀਤੀ ਗਈ ਇਸ ਤਾਜ਼ਾ ਟਿੱਪਣੀ ਨਾਲ ਵੈਕਸੀਨ ਦੀ ਵੰਡ ਨੂੰ ਲੈ ਕੇ ਸਰਕਾਰੀ ਯੋਜਨਾ ਉੱਤੇ ਕਈ ਤਰ੍ਹਾਂ ਦੇ ਸਵਾਲ ਉੱਠਣੇ ਲਾਜ਼ਮੀ ਹਨ।

ਉਨ੍ਹਾਂ ਆਖਿਆ ਕਿ ਬ੍ਰਾਜ਼ੀਲ, ਆਸਟਰੇਲੀਆ, ਜਾਪਾਨ, ਭਾਰਤ ਤੇ ਚੀਨ ਨੇ ਐਸਟਰਾਜ਼ੈਨੇਕਾ ਵਰਗੇ ਵੈਕਸੀਨ ਉਤਪਾਦਕਾਂ ਨਾਲ ਗੱਲਬਾਤ ਕਰਕੇ ਘਰੇਲੂ ਪੱਧਰ ਉੱਤੇ ਵੈਕਸੀਨ ਤਿਆਰ ਕਰਨ ਦੇ ਆਪਣੇ ਅਧਿਕਾਰ ਪਹਿਲਾ ਹੀ ਸੁਰੱਖਿਅਤ ਕੀਤੇ ਹੋਏ ਹਨ। ਪਰ ਕੈਨੇਡੀਅਨ ਸਰਕਾਰ ਅਜਿਹਾ ਕਰਨ ਵਿੱਚ ਅਸਫਲ ਰਹੀ ਹੈ। ਇਸ ਦਾ ਖਮਿਆਜਾ ਸਾਡੇ ਹੈਲਥ ਕੇਅਰ ਵਰਕਰਜ਼, ਲਾਂਗ ਟਰਮ ਕੇਅਰ ਵਿੱਚ ਸਾਡੇ ਬਜ਼ੁਰਗਾਂ ਤੇ ਜਾਂ ਫਿਰ ਅਸੈਂਸ਼ੀਅਲ ਵਰਕਰਜ਼, ਕਿੰਨ੍ਹਾਂ ਨੂੰ ਭੁਗਤਣਾ ਹੋਵੇਗਾ। ਉਨ੍ਹਾਂ ਆਖਿਆ ਕਿ ਪ੍ਰਧਾਨ ਮੰਤਰੀ ਪੋਲੇ ਮੂੰਹ ਨਾਲ ਇਹ ਨਹੀਂ ਆਖ ਸਕਦੇ ਕਿ ਹੁਣ ਉਹ ਕੀ ਕਰਨ ਤੇ ਇਹ ਆਖ ਕੇ ਵੀ ਪੱਲਾ ਨਹੀਂ ਛੁਡਾ ਸਕਦੇ ਕਿ ਅਜਿਹੇ ਹਾਲਾਤ ਦਾ ਉਨ੍ਹਾਂ ਨਾਲ ਕੋਈ ਲੈਣਾ ਦੇਣਾ ਨਹੀਂ ਹੈ। ਉਨ੍ਹਾਂ ਨੂੰ ਦੱਸਣਾ ਹੋਵੇਗਾ ਕਿ ਉਨ੍ਹਾਂ ਦੀ ਸਰਕਾਰ ਕੈਨੇਡੀਅਨਾਂ ਨੂੰ ਜਲਦ ਤੋਂ ਜਲਦ ਵੈਕਸੀਨ ਮੁਹੱਈਆ ਕਰਵਾਉਣ ਲਈ ਕੀ ਕਰ ਰਹੀ ਹੈ? ਉਨ੍ਹਾਂ ਨੂੰ ਇਹ ਵੀ ਸਪਸ਼ਟ ਕਰਨਾ ਹੋਵੇਗਾ ਕਿ ਕੀ ਸਰਕਾਰ ਕੈਨੇਡੀਅਨਾਂ ਲਈ ਕੁੱਝ ਕਰ ਵੀ ਰਹੀ ਹੈ ਜਾਂ ਵੱਡੀਆਂ ਫਾਰਮਾਸਿਊਟੀਕਲ ਕੰਪਨੀਆਂ ਦੇ ਹਿਤਾਂ ਦੀ ਰਾਖੀ ਹੀ ਕਰ ਰਹੀ ਹੈ।

# ਟੋਰਾਂਟੋ ਦੇ ਹਰ ਤਿੰਨਾਂ ਵਿੱਚੋਂ ਇੱਕ ਸਕੂਲ ਵਿੱਚ ਹੈ ਕੋਵਿਡ-19 ਐਕਟਿਵ ਕੇਸ



ਟੋਰਾਂਟੋ, 26 ਨਵੰਬਰ (ਪੋਸਟ ਬਿਊਰੋ) : ਟੋਰਾਂਟੋ ਦੇ ਹਰ ਤਿੰਨ ਵਿੱਚੋਂ ਇੱਕ ਪਬਲਿਕ ਸਕੂਲ ਵਿੱਚ ਕੋਵਿਡ-19 ਦਾ ਇੱਕ ਨਾ ਇੱਕ ਐਕਟਿਵ ਕੇਸ ਮੌਜੂਦ ਹੈ। ਓਨਟਾਰੀਓ ਦੇ ਸਿੱਖਿਆ ਮੰਤਰੀ ਵੱਲੋਂ ਐਲਾਨੇ ਗਏ ਅੰਕੜਿਆਂ ਨਾਲੋਂ ਇਹ ਮਾਮਲੇ ਦੁੱਗਣੇ ਤੋਂ ਵੀ ਜ਼ਿਆਦਾ ਹਨ। ਹਾਲਾਂਕਿ ਸਿੱਖਿਆ ਮੰਤਰੀ ਸਟੀਫਨ ਲਿਚੇ ਵੱਲੋਂ ਸਰਕਾਰ ਦੀ ਸਕੂਲ ਸੇਫਟੀ ਸਟਰੈਟੇਜੀ ਦਾ ਗੁਣਗਾਣ ਕੀਤਾ ਜਾ ਰਿਹਾ ਹੈ ਪਰ ਹਕੀਕਤ ਇਸ ਤੋਂ ਉਲਟ ਹੈ।

ਟੋਰਾਂਟੋ ਦੇ ਪਬਲਿਕ ਬੋਰਡ ਵਿੱਚ 35 ਫੀ ਸਦੀ ਸਕੂਲਾਂ, ਜੋ ਕਿ 206 ਫੈਸਿਲਿਟੀਜ਼ ਬਣਦੀਆਂ ਹਨ, ਵਿੱਚ ਘੱਟੋ ਘੱਟ ਇੱਕ ਵਿਦਿਆਰਥੀ ਜਾਂ ਸਟਾਫ ਮੈਂਬਰ ਕੋਵਿਡ-19 ਪਾਜ਼ੀਟਿਵ ਪਾਏ ਗਏ ਹਨ। ਟੋਰਾਂਟੋ ਦੇ ਕੈਥੋਲਿਕ ਸਕੂਲਾਂ ਵਿੱਚ 40 ਫੀ ਸਦੀ ਜਾਂ 79 ਸੰਸਥਾਵਾਂ ਵਿੱਚ ਵੀ ਐਕਟਿਵ ਕੇਸ ਮਿਲੇ ਹਨ। ਬਰੈਂਪਟਨ ਵਿੱਚ ਪਬਲਿਕ ਤੇ ਕੈਥੋਲਿਕ ਸਕੂਲ ਮਿਲਾ ਕੇ 48 ਫੀ ਸਦੀ ਸਕੂਲਾਂ ਵਿੱਚ ਕਰੋਨਾਵ-ਾਇਰਸ ਦੇ ਐਕਟਿਵ ਮਾਮਲੇ ਪਾਏ ਗਏ ਹਨ।

ਟੋਰਾਂਟੋ ਤੇ ਪੀਲ ਇਸ ਸਮੇਂ ਲਾਕਡਾਊਨ ਵਿੱਚ ਹਨ ਤੇ ਇਸ ਵਿੱਚ ਹੈਰਾਨੀ ਵਾਲੀ ਕੋਈ ਗੱਲ ਨਹੀਂ ਹੈ ਕਿ ਪ੍ਰੋਵਿੰਸ਼ੀਅਲ ਔਸਤ ਨਾਲੋਂ ਇੱਥੇ ਜ਼ਿਆਦਾ ਕੇਸ ਹਨ। ਮੰਗਲਵਾਰ ਨੂੰ ਇੱਕ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਪ੍ਰੀਮੀਅਰ ਡੱਗ ਫੋਰਡ ਨੇ ਆਖਿਆ ਕਿ ਇਹ ਚਿੰਤਾ ਦਾ ਵਿਸ਼ਾ ਹੈ। ਇੱਥੇ ਦੱਸਣਾ ਬਣਦਾ ਹੈ ਕਿ ਸਰਕਾਰ ਲਗਾਤਾਰ ਇਹ ਕਹਿੰਦੀ ਆਈ ਹੈ ਕਿ ਸਕੂਲਾਂ ਵਿੱਚ ਵਿਦਿਆਰਥੀ ਬਿਲਕੁਲ ਸੁਰੱਖਿਅਤ ਹਨ। ਸਰਕਾਰ ਵੱਲੋਂ ਸਕੂਲਾਂ ਨੂੰ ਖੁੱਲ੍ਹੇ ਰੱਖੇ ਜਾਣ ਦੀ ਵੀ ਪੈਰਵੀ ਕੀਤੀ ਜਾਂਦੀ ਰਹੀ ਹੈ। ਪਰ ਸਰਕਾਰ ਨੇ ਕਦੇ ਇਸ ਗੱਲ ਦਾ ਜ਼ਿਕਰ ਨਹੀਂ ਕੀਤਾ ਕਿ ਲਾਕਡਾਊਨ ਵਾਲੇ ਰੀਜਨਜ਼ ਵਿੱਚ ਪ੍ਰੋਵਿੰਸ਼ੀਅਲ ਔਸਤ ਨਾਲੋਂ ਮਾਮਲੇ ਕਿਤੇ ਜ਼ਿਆਦਾ ਹਨ। ਇਨ੍ਹਾਂ ਆਊਟਬ੍ਰੇਕਸ ਦੇ ਚੱਲਦਿਆਂ ਚਾਰ ਸਕੂਲਾਂ ਨੂੰ ਹਾਲ ਦੀ ਘੜੀ ਬੰਦ ਕੀਤਾ ਗਿਆ ਹੈ।

Call for Free Estimates
A-1 RENOVATION GTA INC
$1,000
Services:
• Complete Basement
• Tiles
• Bathrooms
• Plumbing
• Laminate
• Hardwood Floor
• Painting
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

You can (905)793-2202
Place Your Business Here
To Reach Wider Audience

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

jobs! jobs! jobs! jobs! jobs!
DUNDAS·JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton
ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

CALL TODAY FOR ANY CLASSIFIED OR MATRIMONIAL AD !!!
905-793-2202

AL EMPLOYMENT SERVICES INC
ਕੀ ਤੁਸੀਂ ਕੰਮ ਲੱਭ ਰਹੇ ਹੋ?
ਤਾਂ ਅੱਜ ਹੀ ਕਾਲ ਕਰੋ!
Looking for Experienced:
○ Machine Operators ○ AZ-DZ Drivers
○ Forklift Driver ○ Machine Mechanic
○ Millwright's
(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY
Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

CELLNTELL DISTRIBUTION INC
1-401 Traders Blvd E, Mississauga. ON
Requires F/T Permanent Position. "General Manager Financial Communication and Services to do the following:
• Create and establish finance operational methods /policies or strategies by evaluating trends to increase the growth of business.
• Determine the company's mission and strategic direction as conveyed through policies and concrete objectives which are met through the effective management of human, financial and material resources
• Authorize and organize the establishment of major departments and associated senior staff positions
• Plan, Monitor and review job contributions and compensation strategies.
• Establish productivity, quality and customer service strategies.
• Conduct operation strategies to improve, reduce cost and system enhancement.
• Monitor and Manage support services for accounts and finance. Facilitate coordination and communication between support functions.
• Represent the organization, or delegate representatives to act in negotiations or other official functions.
Salary: $58 per hour with 35hrs week, Experience:5 yrs, Bachelor's Degree (Required) with English Proficiency.
Email Resume : umar.w@cellntell.com

NU WAY TOUR & TRAVELS INC.
ਸਸਤੀਆਂ ਹਵਾਈ ਟਿਕਟਾ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਨਿਊ-ਵੇ ਨੂੰ ਕਾਲ ਕਰੋ
AIR TICKETS | CRUISES | VACATIONS | TRAVEL INSURANCE
International & Domestic Air Tickets
• Cheapest Air Fares
• Price Match Guaranteed
• 24/7 Emergency Services
• Reliable & Excellent Customer Service
• 100% Customer Satisfaction
AIR CANADA, PIA, American Airlines, ETIHAD, KLM, Emirates, SWISS, BRITISH AIRWAYS, JET AIRWAYS
Travel Worry Free With Insurance
• Super Visa Insurance
• Visitor to Canada
• Trip Cancellation
• Trip Interruption
Manulife
Signature.ca, WestJet vacations, transat Holidays, sunwing, Air Canada Vacations, tico.ca, IATA
Call Us For Guaranteed Lowest Airfare
ANY Airline Time Destination Around the World
7015 Tranmere Dr. Unit- 8, Mississauga, ON L5S 1T7
Tel: 905 362 0937 | Fax: 1 855 897 0900
www.nuwaytravels.com
E-mail- info@nuwaytravels.com



Other Realtors only Promise
But JAG AUJLA SOLD YOUR HOME WITH
GUARANTEE

Advertisement GUARANTEED Till SOLD

# JAG AUJLA
REAL ESTATE BROKER

DIR: 416-371-7777
j.aujla@rogers.com www.jagaujla.com
RE/MAX Realty Specialist Inc., Brokerage (Independently Owned and Operated) Off: 905-456-3232
www.BramptonTopRelator.com

Top 1% Ranked In* Broker
Call For a Quick & Free Home Evaluation
www.BramptonQuickHomeEvaluation.com

**2016,2015,2014,2013 2012,2011,2010 **(2009,2008) **(2010) **(2014)
** Based on Commissions earned

ਘਰਾਂ ਦੀਆਂ ਨਵੀਆਂ ਲਿਸਟਿੰਗਾਂ (Listings) ਦੀ ਬਹੁਤ ਲੋੜ ਹੈ

## CALEDON



### ਕੈਨੇਡੀ / ਦੂੱਗਲ
ਬਰੈਂਡ ਨੀਊ ਘਰ ਸੈਲ ਲਈ ਉਪਲਬੱਧ ਹੈ। ਲਗਭਗ 2800 ਸੁਕੇਅਰ ਫੁੱਟ ਏਰੀਆ ਅਤੇ 42 ਫੀਟ ਵਾਈਡ ਕਾਰਨਰ ਲਾਟ ਹੈ ਜਿਸ ਵਿੱਚ 4 ਬੈਡਰੂਮ ਅਤੇ 4 ਵਾਸ਼ਰੂਮ ਹਨ। ਮੇਨ ਫਲੋਰ 10 ਫੁੱਟ ਸਿਲਿੰਗ। ਡਾਇਨੀਂਗ ਰੂਮ ਉਪਰ ਨੂੰ ਖੁੱਲਾ ਹੈ ਅਤੇ 19 ਫੁੱਟ ਹਾਈ ਸਿਲਿੰਗ ਹੈ। ਹਾਰਡਵੂਡ ਫਲੋਰ, ਓਕ ਸਟਰੇਅਰਜ਼। ਅਪਗ੍ਰੇਡੇਡ ਕਿਚਨ ਅਤੇ ਕੁਆਰਟਜ਼ ਕਾਊਨਟਰ ਟਾਪ। ਮੈਨ ਫਲੋਰ ਲਾਂਡਰੀ ਹੈ।
ਵਧੇਰੀ ਜਾਣਕਾਰੀ ਲਈ ਜੇਗ ਔਜਲਾ ਨਾਲ 416-371-7777 ਤੇ' ਸੰਪਰਕ ਕਰ ਸਕਦੇ ਹੋ।

## BRAMPTON


### ਵੀਲੀਅਮ ਪਾਕਵੇ/ਰੋਇਲ ਓਰਚਾਰਡ
ਲਗਭਗ 2800 ਸੁਕੇਅਰ ਫੁੱਟ ਵਿੱਚ ਬਣਿਆ 5+2 ਬੈਡਰੂਮ ਅਤੇ 4 ਵਾਸ਼ਰੂਮ ਦਾ ਡੀਟੈਚਡ ਡਬਲ ਸਟੋਰੀ ਘਰ। 48 ਫੁੱਟ ਲਾਟ ਹੈ। ਫਿਨੀਸ਼ਡ ਬੇਸਮੈਂਟ ਅਤੇ ਸੇਪਰੈਟ ਸਾਈਡ ਏਨਟਰੈਂਸ। ਨਵੀਂ ਰੂਫ ਸ਼ਿੰਗਲ ਅਤੇ ਨਵੀਂ ਅਪਗ੍ਰੇਡੇਡ ਕਿਚਨ ਜਿਸ ਵਿੱਚ ਗਰੇਨਾਈਟ ਟਾਪ ਹੈ। ਪੈਂਟਰੀ ਨਾਲ ਬਰੇਕਫਾਸਟ ਏਰੀਆ। ਗਲਿਮੀਂਗ ਹਾਰਡਵੂਡ ਫਲੋਰ। ਬੈਡਰੂਮ ਵਿੱਚ ਲੈਮੀਨੇਟ ਫਲੋਰ। ਓਕ ਸਟੇਅਰ ਕੇਸ। ਮਾਸਟਰ ਬੈਡਰੂਮ 5 ਪੀਸ ਈਨਸੂਟ। ਸਾਰੀਆਂ ਸਹੂਲਤਾਂ ਦੇ ਨੇੜੇ।

## BRAMPTON


### ਹਾਈਵੇ 10 / ਮੇਅਫਿਲਡ ਰੋਡ
ਬਰੈਂਪਟਨ ਵਿੱਚ ਬਹੁਤ ਹੀ ਸੋਹਣਾ ਅਤੇ ਸਾਫ ਸੁਥਰਾ 4 ਬੈਡਰੂਮ ਅਤੇ 4 ਵਾਸ਼ਰੂਮ ਦਾ ਡੀਟੈਚਡ ਘਰ। ਇਨ ਗਰਾਂਊਂਡ ਸਵਿਮਿੰਗ ਪੂਲ। ਬਹੁਤ ਸਾਰੀਆਂ ਅਪਗ੍ਰੇਡਜ਼ ਕੀਤੇ ਹਨ। ਫਿਨੀਸ਼ਡ ਬੇਸਮੈਂਟ। ਸਾਰੇ ਘਰ ਵਿੱਚ ਹਾਰਡਵੂਡ ਫਲੋਰ। ਮੈਨ ਫਲੋਰ 9 ਫੁੱਟ ਸਿਲਿੰਗ। ਅਪਗ੍ਰੇਡੇਡ ਕਿਚਨ ਅਤੇ ਗਰੇਨਾਈਟ ਕਾਊਨਟਰ ਟਾਪ। ਮਾਸਟਰ ਬੈਡਰੂਮ 5 ਪੀਸ ਈਨਸੂਟ। ਸਟੇਨਲੈਸ ਸਟੀਲ ਅਪਲਾਈਨਸੈਸ, ਅਤੇ ਬਰੇਕਫਾਸਟ ਏਰੀਆ ਪਿਛੇ ਬੈਕਯਾਰਡ ਵਿੱਚ ਬਣੇ ਪੂਲ ਨੂੰ ਜਾਂਦਾ ਹੈ। ਸਾਰੀਆਂ ਸਹੂਲਤਾਂ ਦੇ ਨੇੜੇ।

## BRAMPTON


### ਵੈਨਕ੍ਰਿਕ / ਵੈਨਲੇਸ / ਸੈਂਡਲਵੂਡ
ਬਹੁਤ ਹੀ ਸੋਹਣਾ ਅਤੇ ਸ਼ਾਨਦਾਰ 3 ਬੈਡਰੂਮ ਅਤੇ 2 ਵਾਸ਼ਰੂਮ ਦਾ ਸੇਮੀ ਡੀਟੈਚਡ ਘਰ। ਪਹਿਲੀ ਵਾਰੀ ਘਰ ਖਰੀਦਣ ਵਾਲਿਆਂ ਲਈ ਵਧੀਆ ਮੌਕਾ। ਫਿਨੀਸ਼ਡ ਬੇਸਮੈਂਟ ਅਤੇ ਸੇਪਰੇਟ ਏਨਟਰੈਂਸ ਹੈ। ਦੂਜੀ ਫਲੋਰ 2019 ਵਿੱਚ ਲੈਮੀਨੇਟ ਕੀਤੀ ਹੈ। ਰੂਫ ਸ਼ਿੰਗਲ 2017 ਵਿੱਚ ਬਦਲਿਆ ਹੈ। ਵੂਡ ਸਟੇਅਰ ਕੇਸ ਅਤੇ ਬਹੁਤ ਹੀ ਸੋਹਣੀ ਈਟ ਈਨ ਕਿਚਨ ਜਿਸ ਵਿੱਚ ਡਿਸ਼ਵਾਸ਼ਰ ਹੈ ਅਤੇ ਬਰੈਕ ਫਾਸਟ ਏਰੀਏ ਤੋਂ ਤੁਸੀ ਪੇਟੀਓ ਵਿੱਚ ਜਾ ਸਕਦੇ ਹੋ।

## BRAMPTON



Corner End Unit
1306 sqft

### ਕਵੀਨ ਸਟ੍ਰੀਟ / ਸੈਂਟ੍ਰਲ ਪਾਕਵੈ
ਬ੍ਰਾਇਟ ਅਤੇ ਸਪੋਟਲੈਸ, ਬਹੁਤ ਸਾਰੇ ਕੁਦਰਤੀ ਰੌਸ਼ਨੀ ਦੇ ਨਾਲ ਕਾਰਨਰ ਐਂਡ ਯੂਨਿਟ ਲੱਭਣ ਲਈ ਦੁਰਲੱਭ, 3 ਬੈੱਡਰੂਮ + ਸੋਲਾਰਿਅਮ + 2 ਪੂਰੇ ਵਾਸ਼ਰੂਮ ਪੇਸ਼ ਕਰਦੇ ਹਨ + ਲਾਂਡਰੀ + 2 ਪਾਰਕਿੰਗ (# 177) ਟੇਨਡੇਮ ਅੱਗੇ ਐਲੀਵੇਟਰਸ / ਕਾਰ ਕੇਅਰ ਸੈਂਟਰ ਦੇ ਅੱਗੇ. ; ਸੁੰਦਰ ਖਾਣਾ ਰਸੋਈ ਵਿਚ ਬੈਕ ਸਪਲੈਸ਼ਸ, ਪੈਂਟਰੀ, ਬੀ /ਆਈ ਡਿਸ਼ਵਾਸ਼ਰ ਅਤੇ ਐਸ /ਡਬਲਯੂ ਵਿਊ ਨਾਲ; ਮਾਸਟਰ ਬੈਡਰੂਮ ਕੋਲ 4 ਪੀਸੀ ਐਨਸੁਆਇਟ (ਨਵੀਂ ਵੈਨਿਟੀ-ਮਿਰਰ) ਅਤੇ ਵਾਕਇਨ ਕਲੋਜਟ; ਬਹੁਤ ਸਾਰੀ ਸਟੋਰੇਜ ਹਨ।



# ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ

# ਅਵਤਾਰ ਸਿੰਘ ਟਿਵਾਨਾ



- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana
Sales Representative

Tel: 905.793.5777
416.802.5866

31 Melanie Dr. Unit #4 Brampton, ON L6T 5H8




### 2645 KIPLING AVE
ਬਹੁਤ ਹੀ ਵਧੀਆ ਲੋਕੇਸ਼ਨ ਤੇ 2 ਬੈਡਰੂਮ ਅਤੇ 2 ਵਾਸ਼ਰੂਮ ਦਾ ਕਾਂਡੋ, ਸਾਰਾ ਘਰ ਰੈਨੋਵੇਟਡ, ਬਹੁਤ ਸਾਰੀ ਸਟੋਰੇਜ ਲਈ ਥਾਂ, ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ ਸੁਨਹਿਰੀ ਮੌਕਾ ਹੈ। ਬਹੁਤ ਸਾਰੀ ਬਾਹਰੋ ਰੋਸ਼ਨੀ ਘਰ ਦੇ ਅੰਦਰ ਆਉਂਦੀ ਹੈ। ਬਹੁਤ ਹੀ ਚੰਗੀ ਤਰ੍ਹਾਂ ਮੈਨਟੇਨ ਕੀਤਾ ਘਰ ਹੈ। ਬਸ ਸਟਾਪ, ਏਅਰਪੋਰਟ, ਸਕੂਲ ,ਹਾਈਵੇ ਆਦਿ ਸਹੂਲਤਾਂ ਦੇ ਨੇੜੇ ਹੈ।




### HWY 427/REXDALE
ਹੰਬਰ ਰੀਵਰ ਅਤੇ ਸ਼ਹਿਰ ਦੇ ਪੈਨੋਰਾਮਿਕ ਦ੍ਰਿਸ਼ਾਂ ਵਾਲਾ ਲੱਕਸ ਟ੍ਰਾਈਡਲ ਬਿਲਟ ਕਾਂਡੋ। 2 ਵੱਡੇ ਬੈਡਰੂਮ ਅਤੇ 2 ਫੁੱਲ ਵਾਸ਼ਰੂਮ, ਲਿਵਿੰਗ ਏਰੀਆ ਵਿੱਚ ਲੇਮੀਨੈਟ ਫੋਲੋਰਿੰਗ, ਇਨਸੂਟ ਲਾਂਡਰੀ, ਵਧੀਆ ਲੋਕੇਸ਼ਨ। ਸਕੂਲ, ਸ਼ਾਪ, ਲਾਈਬਰੈਰੀ, ਹਾਈਵੇ 427/401, ਪਬਲਿਕ ਟਰਾਂਸਪੋਰਟ /ਟੀ ਟੀ ਸੀ/ ਗੋ ਸਟੇਸ਼ਨ ਵੁੱਡਬਾਈਨ ਕੈਸੀਨੋ/ ਟਰੈਕ ਅਤੇ ਹਵਾਈ ਅੱਡੇ ਦੇ ਬਿਲਕੁਲ ਨੇੜੇ।




### SANDALWOOD/BRAMALEA
ਬਹੁਤ ਹੀ ਖੂਬਸੂਰਤ ਘਰ, ਤਾਜ਼ੇ ਰੰਗ ਨਾਲ ਪੇਂਟ ਕੀਤੇ। ਸਾਰੇ ਘਰ ਵਿੱਚ ਹਾਰਡਵੂਡ ਫਲੋਰ। 4 ਸ਼ਾਨਦਾਰ ਬੈਡਰੂਮ, 2 ਮਾਸਟਰ ਨਾਲ 4 ਪੀਸ ਐਨਸੂਇਟਸ ਅਤੇ ਵਾਕ ਈਨ ਕਲਾਜ਼ਟ। ਓਪਨ ਕੰਸੈਪਟ ਕਿਚਨ ਏਰੀਆ ਓਵਰਲੋਕਿੰਗ ਬੈਕਯਾਰਡ। ਵੱਖਰਾ ਡਾਇਨਿੰਗ ਰੂਮ। ਮੈਨ ਫਲੋਰ ਲਿਵਿੰਗ ਅਤੇ ਫੈਮਲੀ ਰੂਮ। ਫਿਨੀਸ਼ਡ ਬੇਸਮੈਂਟ 2 4ਪੀ ਸੀ ਵਾਸ਼ਰੂਮ। ਸੇਪਰੇਟ ਏਨਟਰੈਂਸ। 6 ਡਰਾਈਵੇ ਪਾਰਕਿੰਗ +2 ਕਾਰ ਗਰਾਜ



# Dr. Randhawa Dentistry



*Your own dentist who really cares for you*


We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

Dr. Samreet Kaur Randhawa
General Family Dentist

New Patients welcome
Deal Directly with all Insurance Companies


- ਸੀਨੀਅਰ ਡਿਸਕਾਉਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ
Show Your Smile More With Invisible Braces!



NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044









# FRESH & LARGE VARIETY
Bread , Derry & Eggs
Branded Foods
Fruits & Vegetables
Beverages & Confectionery
Grocery & Staples
Sweet & Samosas

## SERVING FROM ALL LOCATIONS IN GTA AREA:

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338


10 Pannahill Dr,
Brampton
905 913-8017

# New support programs are available for those who need them

A stronger, more accessible EI and new recovery benefits

- Canada Recovery Benefit
- Canada Recovery Sickness Benefit
- Canada Recovery Caregiving Benefit

Learn more at canada.ca/coronavirus




Government of Canada Gouvernement du Canada

Canada

# ਕੈਨੇਡਾ ਵਿਚ ਕੋਵਿਡ-19 ਦੀ ਮਹਾਂਮਾਰੀ ਗੰਭੀਰ ਹੈ।

ਪਬਲਿਕ ਹੈਲਥ ਸੰਬੰਧੀ ਸਾਰੀਆਂ ਸਾਵਧਾਨੀਆਂ ਵਰਤਣੀਆਂ ਜਾਰੀ ਰੱਖੋ:

- ਇਕੱਠਾਂ ਲਈ ਲੋਕਲ ਗਾਈਡਲਾਈਨਜ਼ ਦਾ ਪਾਲਣ ਕਰੋ
- ਸਰੀਰਕ ਦੂਰੀ ਬਣਾਕੇ ਰੱਖੋ
- ਆਪਣੇ ਹੱਥਾਂ ਨੂੰ ਧੋਵੋ
- ਮਾਸਕ ਪਾ ਕੇ ਰੱਖੋ
- ਘਰ ਰਹੋ ਜੇਕਰ ਤੁਹਾਨੂੰ ਇਸਦੇ ਲੱਛਣ ਹਨ, ਭਾਵੇਂ ਘੱਟ ਹੀ ਹੋਣ।
- Canada ਕੋਵਿਡ ਅਲਰਟ ਐਪ ਡਾਊਨਲੋਡ ਕਰੋ



ਆਪਣਾ ਅਤੇ ਦੂਸਰਿਆਂ ਦਾ ਬਚਾਅ ਕਰੋ।
Canada.ca/coronavirus ਜਾਂ 1-833-784-4397 'ਤੇ ਜ਼ਿਆਦਾ ਜਾਣਕਾਰੀ ਪ੍ਰਾਪਤ ਕੀਤੀ ਜਾ ਸਕਦੀ ਹੈ।

Government of Canada Gouvernement du Canada

Canada